ਵੀਰਵਾਰ, 4 ਸਤੰਬਰ, 2025

20 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 94

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 4 SEPTEMBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


## ਚੀਨ ਨੇ ਫੌਜੀ ਤਾਕਤ ਦਿਖਾਈ



ਮਿਲਟਰੀ ਪਰੇਡ ਦੌਰਾਨ ਦਿਖਾਈਆਂ ਗਈਆਂ ਡੀ ਐੱਫ-5 ਸੀ ਪ੍ਰਮਾਣੂ ਮਿਜ਼ਾਈਲਾਂ। (ਹੇਠਾਂ) ਪਰੇਡ ਦੇਖਣ ਲਈ ਪੁੱਜਦੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਉੱਤਰੀ ਕੋਰੀਆਈ ਆਗੂ ਕਿਮ ਜੋਂਗ ਉਨ ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ।

**ਬੀਜਿੰਗ** : ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਬੁੱਧਵਾਰ ਦੇਸ਼ ਦੀ ਸਭ ਤੋਂ ਵੱਡੀ ਮਿਲਟਰੀ ਪਰੇਡ ਦੀ ਪ੍ਰਧਾਨਗੀ ਕੀਤੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਉੱਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਵੀ ਉਨ੍ਹਾ ਦੇ ਨਾਲ ਸਨ। ਇਹ ਪਰੇਡ ਦੂਜੀ ਸੰਸਾਰ ਜੰਗ ਵਿੱਚ ਜਾਪਾਨ ਦੀ ਹਾਰ ਦੀ 80ਵੀਂ ਵਰ੍ਹੇਗੰਢ ਮਨਾਉਣ ਲਈ ਕੀਤੀ ਗਈ।

ਅਮਰੀਕਾ, ਪੱਛਮੀ ਯੂਰਪ, ਜਾਪਾਨ ਤੇ ਭਾਰਤ ਦੇ ਆਗੂ ਪਰੇਡ ਦੇਖਣ ਨਹੀਂ ਆਏ, ਜਦਕਿ ਦੱਖਣੀ ਕੋਰੀਆ ਤੇ ਸਿੰਘਾਪੁਰ ਨੇ ਛੋਟੇ ਆਗੂ ਘੱਲੇ, ਪਰ ਜਿਨਪਿੰਗ ਦੇ ਮਹਿਮਾਨਾਂ ਦੀ ਲਿਸਟ ਨੇ ਦਿਖਾਇਆ ਕਿ ਗਲੋਬਲ ਸਾਊਥ ਦੇ ਦੇਸ਼ਾਂ ਤੇ ਉਭਰਦੇ ਅਰਥਚਾਰਿਆਂ ਵਿੱਚ ਚੀਨ ਦਾ ਪ੍ਰਭਾਵ ਕਿਵੇਂ ਵੱਧ ਰਿਹਾ ਹੈ।

ਤਿਨਾਨਮਿਨ ਚੌਕ ਵਿੱਚ 50 ਹਜ਼ਾਰ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਜਿਨਪਿੰਗ ਨੇ ਐਲਾਨਿਆ ਕਿ ਮਨੁੱਖਤਾ ਚੁਰਾਹੇ 'ਤੇ ਹੈ ਅਤੇ ਉਸ ਅੱਗੇ ਅਮਨ ਜਾਂ ਜੰਗ ਅਤੇ ਵਾਰਤਾਲਾਪ ਜਾਂ ਟਕਰਾਅ ਵਿੱਚੋਂ ਇੱਕ ਦੀ ਚੋਣ ਕਰਨ ਦਾ ਸਵਾਲ ਹੈ। ਉਨ੍ਹਾ ਕਿਹਾ ਕਿ ਚੀਨ ਦੇ ਲੋਕ ਇਤਿਹਾਸ ਦੇ ਸਹੀ ਪਾਸੇ ਖੜ੍ਹੇ ਲੋਕਾਂ ਦੇ ਨਾਲ ਹਨ ਅਤੇ ਚੀਨ ਦੀ ਤਰੱਕੀ ਨੂੰ ਕੋਈ ਨਹੀਂ ਰੋਕ ਸਕਦਾ।

70 ਮਿੰਟ ਦੀ ਪਰੇਡ ਵਿੱਚ ਚੀਨ ਦੀ ਫੌਜੀ ਤਾਕਤ ਤੇ ਡਿਪਲੋਮੈਟਿਕ ਪ੍ਰਭਾਵ ਦੇਖਣ ਨੂੰ ਮਿਲੇ। ਮਾਓ ਜ਼ੇ ਤੁੰਗ ਵਰਗੇ ਸੂਟ ਵਿੱਚ ਮਲਬੂਸ ਜਿਨਪਿੰਗ ਨੇ ਖੁੱਲ੍ਹੀ ਲਿਮੋਜ਼ਿਨ ਤੋਂ ਪਰੇਡ ਦਾ ਮੁਆਇਨਾ ਕੀਤਾ। ਪਰੇਡ ਵਿੱਚ ਅਮਰੀਕਾ ਤੱਕ ਮਾਰ ਕਰਨ ਵਾਲੀ ਡੀ ਐੱਫ-5 ਸੀ ਅੰਤਰ-ਮਹਾਂਦੀਪੀ ਪ੍ਰਮਾਣੂ ਬੈਲਿਸਟਿਕ ਮਿਜ਼ਾਈਲ ਦਾ ਅਡਵਾਂਸ ਵਰਸ਼ਨ 6 ਐੱਫ, ਹਾਈਪਰਸੋਨਿਕ ਮਿਜ਼ਾਈਲਾਂ, ਅੰਡਰਵਾਟਰ ਡਰੋਨਾਂ ਤੇ ਰੋਬੋਟ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ

• ਬਾਕੀ ਸਫਾ 2 'ਤੇ

## ਪੂਤਿਨ-ਕਿਮ ਮੁਲਾਕਾਤ

**ਬੀਜਿੰਗ** : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਇੱਥੇ ਇੱਕ ਵੱਡੀ ਫੌਜੀ ਪਰੇਡ ਵਿੱਚ ਸ਼ਿਰਕਤ ਕਰਨ ਤੋਂ ਬਾਅਦ ਡਿਆਓਯੁਤਾਈ ਸਟੇਟ ਗੈਸਟ ਹਾਊਸ ਵਿਖੇ ਮੁਲਾਕਾਤ ਕੀਤੀ। ਮੀਟਿੰਗ ਸ਼ੁਰੂ ਹੋਣ 'ਤੇ ਪੱਤਰਕਾਰਾਂ ਦੇ ਸਾਹਮਣੇ ਬੋਲਦਿਆਂ ਪੂਤਿਨ ਨੇ ਉੱਤਰੀ ਕੋਰੀਆ ਦੇ ਸਿਪਾਹੀਆਂ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ, ਜਿਨ੍ਹਾਂ ਰੂਸ ਦੇ ਕੁਰਸਕ ਬਾਰਡਰ ਖੇਤਰ ਵਿੱਚ ਯੂਕਰੇਨੀ ਘੁਸਪੈਠ ਨੂੰ ਰੋਕਣ ਲਈ ਮਾਸਕੋ ਦੀਆਂ ਫੌਜਾਂ ਦੇ ਨਾਲ ਲੜਾਈ ਲੜੀ। ਕਿਮ ਨੇ ਕਿਹਾ ਕਿ ਪਿਓਂਗਯਾਂਗ ਅਤੇ ਮਾਸਕੋ ਵਿਚਕਾਰ ਸਹਿਯੋਗ ਕਾਫੀ ਮਜ਼ਬੂਤ ਹੋਇਆ ਹੈ, ਕਿਉਂਕਿ ਦੋਵਾਂ ਦੇਸ਼ਾਂ ਨੇ ਪਿਛਲੇ ਸਾਲ ਜੂਨ ਵਿੱਚ ਉੱਤਰੀ ਕੋਰੀਆ ਦੀ ਰਾਜਧਾਨੀ ਵਿੱਚ ਇੱਕ ਸਿਖਰ ਸੰਮੇਲਨ ਦੌਰਾਨ ਇੱਕ

• ਬਾਕੀ ਸਫਾ 2 'ਤੇ

## ਭਾਖੜਾ ਤੇ ਪੌਂਗ ਡੈਮ ਦੇ ਪਾਣੀ ਨੇ ਹਾਲਤ ਹੋਰ ਵਿਗਾੜੀ

**ਚੰਡੀਗੜ੍ਹ** : ਭਾਖੜਾ ਅਤੇ ਪੌਂਗ ਡੈਮਾਂ ਤੋਂ ਭਾਰੀ ਪਾਣੀ ਛੱਡਣ ਨਾਲ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਵਿਗੜ ਗਈ ਹੈ। ਰੂਪਨਗਰ ਜ਼ਿਲ੍ਹਾ ਪ੍ਰਸ਼ਾਸਨ ਨੇ ਬੁੱਧਵਾਰ ਸਤਲੁਜ ਦਰਿਆ ਨੇੜੇ ਰਹਿਣ ਵਾਲੇ ਸਥਾਨਕ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ, ਕਿਉਂਕਿ ਹਿਮਾਚਲ ਦੇ ਕੈਚਮੈਂਟ ਖੇਤਰ ਵਿੱਚ ਭਾਰੀ ਮੀਂਹ ਪੈਣ ਤੋਂ ਬਾਅਦ ਭਾਖੜਾ ਡੈਮ ਤੋਂ ਭਾਰੀ ਪਾਣੀ ਛੱਡਿਆ ਗਿਆ ਹੈ। ਸਵੇਰੇ 6 ਵਜੇ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1,677.84 ਫੁੱਟ ਸੀ, ਜਦੋਂ ਕਿ ਇਸ ਦੀ ਵੱਧ ਤੋਂ ਵੱਧ ਸਮਰੱਥਾ 1,680 ਫੁੱਟ ਹੈ। ਡੈਮ ਵਿੱਚ ਪਾਣੀ ਦਾ ਵਹਾਅ 86,822 ਕਿਊਸਿਕ ਸੀ, ਜਦੋਂ ਕਿ ਬਾਹਰੀ ਵਹਾਅ 65,042 ਕਿਊਸਿਕ ਸੀ। ਅਧਿਕਾਰੀਆਂ ਨੇ ਕਿਹਾ ਕਿ ਹਿਮਾਚਲ ਵਿੱਚ ਭਾਰੀ ਮੀਂਹ ਦੇ ਮੱਦੇਨਜ਼ਰ ਡੈਮ ਤੋਂ ਪਾਣੀ ਦਾ ਨਿਕਾਸ 65,000 ਕਿਊਸਿਕ ਤੋਂ ਵਧਾ ਕੇ 75,000 ਕਿਊਸਿਕ ਕੀਤਾ ਜਾ ਰਿਹਾ ਹੈ ਅਤੇ ਨੰਗਲ ਖੇਤਰ ਦੇ ਪਿੰਡ ਪ੍ਰਭਾਵਤ ਹੋ ਸਕਦੇ ਹਨ।

ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਰਾਜਪੁਰਾ ਸਬ-ਡਵੀਜ਼ਨ ਵਿੱਚ ਘੱਗਰ ਦਰਿਆ ਦੇ ਨੇੜੇ ਪੈਂਦੇ ਪਿੰਡਾਂ ਦੇ ਵਸਨੀਕਾਂ ਲਈ ਜਲ ਸਰੋਤ ਦੇ ਕੈਚਮੈਂਟ ਖੇਤਰਾਂ ਵਿੱਚ ਭਾਰੀ ਮੀਂਹ ਦੇ ਮੱਦੇਨਜ਼ਰ ਅਲਰਟ ਜਾਰੀ ਕੀਤਾ ਹੈ। ਮੁਹਾਲੀ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਘੱਗਰ ਦਰਿਆ ਦੇ ਕੰਢੇ ਰਹਿਣ ਵਾਲੇ ਵਸਨੀਕਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਹੈ।

ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ ਬੀ ਐੱਮ ਬੀ) ਦੇ ਅਧਿਕਾਰੀਆਂ ਨੇ ਕਿਹਾ ਕਿ ਪੌਂਗ ਡੈਮ ਤੋਂ ਪਾਣੀ ਛੱਡਣਾ ਜਾਰੀ ਰੱਖਣ ਲਈ ਮਜਬੂਰ ਹੋਣਾ ਪਿਆ ਹੈ, ਕਿਉਂਕਿ ਪਾਣੀ ਦਾ ਪੱਧਰ ਲਗਾਤਾਰ ਚਾਰ ਦਿਨਾਂ ਤੋਂ ਖਤਰੇ ਦੇ ਨਿਸ਼ਾਨ ਤੋਂ ਉਪਰ ਵਹਿ ਰਿਹਾ ਹੈ। ਬੁੱਧਵਾਰ ਤੱਕ ਜਲ ਭੰਡਾਰ ਦਾ ਪੱਧਰ 1,394.15 ਫੁੱਟ ਤੱਕ ਪਹੁੰਚ ਗਿਆ, ਜੋ ਕਿ 1,390 ਫੁੱਟ ਦੇ ਖਤਰੇ ਦੇ ਨਿਸ਼ਾਨ ਤੋਂ ਲਗਭਗ ਚਾਰ ਫੁੱਟ ਉੱਪਰ ਹੈ, ਜੋ ਕਿ ਇਸ ਸੀਜ਼ਨ ਦਾ ਸਭ ਤੋਂ ਉੱਚਾ ਪੱਧਰ ਹੈ।

ਬੀ ਬੀ ਐੱਮ ਬੀ ਅਧਿਕਾਰੀਆਂ ਮੁਤਾਬਕ ਪੌਂਗ ਡੈਮ ਵਿੱਚ ਪਾਣੀ ਦਾ ਵਹਾਅ ਦੁਪਹਿਰ 1 ਵਜੇ 1,55,261 ਕਿਊਸਿਕ ਮਾਪਿਆ ਗਿਆ। ਸਟੋਰੇਜ ਨੂੰ ਨਿਯਮਤ ਕਰਨ ਲਈ ਇੰਜੀਨੀਅਰਾਂ ਨੇ ਛੇ ਬਿਜਲੀ ਪੈਦਾ ਕਰਨ ਵਾਲੇ ਯੂਨਿਟ ਚਲਾਏ, ਟਰਬਾਈਨਾਂ ਰਾਹੀਂ 16,988 ਕਿਊਸਿਕ ਅਤੇ ਸਪਿਲਵੇਅ ਗੇਟ ਖੋਲ੍ਹ ਕੇ 62,949 ਕਿਊਸਿਕ ਪਾਣੀ ਛੱਡਿਆ। ਸਾਂਝੇ ਤੌਰ 'ਤੇ ਪਾਣੀ ਦਾ ਨਿਕਾਸ 79,937 ਕਿਊਸਿਕ ਰਿਹਾ, ਜੋ ਆਉਣ ਵਾਲੇ ਪਾਣੀ ਨਾਲੋਂ ਕਾਫੀ ਘੱਟ ਹੈ।

ਮੁਕੇਰੀਆਂ ਹਾਈਡਲ ਚੈਨਲ 'ਤੇ ਨਿਕਾਸ 11,500 ਕਿਊਸਿਕ ਦਰਜ ਕੀਤਾ ਗਿਆ, ਜਦੋਂ ਕਿ ਸ਼ਾਹ ਨਹਿਰ ਬੈਰਾਜ 'ਤੇ ਹੋਰ ਹੇਠਾਂ ਵੱਲ ਵਹਾਅ 68,437 ਕਿਊਸਿਕ ਨੂੰ ਛੂਹ ਗਿਆ, ਜੋ ਕਿ ਪੰਜਾਬ ਦੇ ਮੈਦਾਨੀ ਇਲਾਕਿਆਂ ਵੱਲ ਭਾਰੀ ਪਾਣੀ ਦੀ ਗਤੀ ਨੂੰ ਦਰਸਾਉਂਦਾ ਹੈ। ਮੰਗਲਵਾਰ ਨੂੰ ਪਾਣੀ ਦਾ ਵਹਾਅ 78,891 ਕਿਊਸਿਕ ਦਰਜ ਕੀਤਾ

• ਬਾਕੀ ਸਫਾ 2 'ਤੇ



ਨੰਗਲ ਡੈਮ ਤੋਂ ਛੱਡਿਆ ਜਾ ਰਿਹਾ ਪਾਣੀ।

## 7 ਤੱਕ ਛੁੱਟੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਸਕੂਲਾਂ-ਕਾਲਜਾਂ ਵਿੱਚ ਛੁੱਟੀਆਂ 7 ਸਤੰਬਰ ਤੱਕ ਵਧਾ ਦਿੱਤੀਆਂ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬੇ ਦੇ ਸਾਰੇ ਸਰਕਾਰੀ/ ਏਡਿਡ/ ਮਾਨਤਾ ਪ੍ਰਾਪਤ/ ਪ੍ਰਾਈਵੇਟ ਸਕੂਲਾਂ/ ਕਾਲਜਾਂ/ ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜਾਂ ਵਿੱਚ 7 ਸਤੰਬਰ ਤੱਕ ਛੁੱਟੀਆਂ ਰਹਿਣਗੀਆਂ।

## ਹੜ੍ਹਾਂ ਕਾਰਨ ਪੰਜਾਬ 'ਚ 3.54 ਲੱਖ ਲੋਕ ਪ੍ਰਭਾਵਿਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਪੰਜਾਬ 'ਚ ਹੜ੍ਹ ਦਾ ਪ੍ਰਕੋਪ ਵਧਦਾ ਜਾ ਰਿਹਾ ਹੈ।ਸਮੁੱਚਾ ਸੂਬਾ ਹੜ੍ਹ ਦੀ ਮਾਰ ਹੇਠ ਆ ਗਿਆ ਹੈ ਅਤੇ ਬੁੱਧਵਾਰ ਨੂੰ ਸਰਕਾਰ ਨੇ ਇਸ ਨੂੰ ਆਫਤ ਪ੍ਰਭਾਵੀ ਸੂਬਾ ਐਲਾਨ ਦਿੱਤਾ ਹੈ।

ਗੰਭੀਰ ਹਲਾਤ ਦੇ ਮੱਦੇਨਜ਼ਰ ਜਿੱਥੇ ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਅਤੇ ਹੋਰ ਮੰਤਰੀਆਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੋਰਚਾ ਸੰਭਾਲਿਆ ਹੋਇਆ ਹੈ, ਉੱਥੇ ਹੀ ਹੋਰ ਰਾਜਸੀ ਦਲਾਂ ਦੇ ਆਗੂ ਵੀ ਮਦਦ ਲਈ ਫੀਲਡ ਵਿੱਚ ਹਨ ਤੇ ਹੁਣ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵ ਰਾਜ ਸਿੰਘ ਚੌਹਾਨ ਤੇ ਲੋਕਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵੀ ਪੰਜਾਬ ਆਉਣ ਦਾ ਐਲਾਨ ਕੀਤਾ ਹੈ।ਹੜ੍ਹ ਨਾਲ ਹੁਣ ਤੱਕ 3.54 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ।

## ਪੰਜਾਬ ਪੁਲਸ ਹਾਊਸਿੰਗ ਕਾਰਪੋਰੇਸ਼ਨ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਆਪਣੀ ਇੱਕ ਦਿਨ ਦੀ ਤਨਖਾਹ ਦਾ ਯੋਗਦਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੂਬੇ ਵਿੱਚ ਆਏ ਭਿਆਨਕ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਂਦਿਆਂ, ਪੰਜਾਬ ਪੁਲਸ ਹਾਊਸਿੰਗ ਕਾਰਪੋਰੇਸ਼ਨ (ਪੀ ਪੀ ਐਚ ਸੀ) ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਆਪਣੀ ਇੱਕ ਦਿਨ ਦੀ ਤਨਖਾਹ ਜੋ ਕਿ 2.27 ਲੱਖ ਰੁਪਏ ਬਣਦੀ ਹੈ, ਦਾ ਯੋਗਦਾਨ ਪਾਇਆ ਹੈ।ਇੰਜੀਨੀਅਰਿੰਗ ਅਤੇ ਕਲੈਰੀਕਲ ਸਟਾਫ (ਦਰਜਾ ਚਾਰ ਕਰਮਚਾਰੀਆਂ ਨੂੰ ਛੱਡ ਕੇ) ਸਮੇਤ ਕਾਰਪੋਰੇਸ਼ਨ ਦੇ ਕੁੱਲ 146 ਮੈਂਬਰਾਂ ਵੱਲੋਂ ਆਪਣੀ ਇੱਕ ਦਿਨ ਦੀ ਤਨਖਾਹ ਦਾ ਯੋਗਦਾਨ ਪਾਇਆ ਗਿਆ ਹੈ।ਕਾਰਪੋਰੇਸ਼ਨ ਦਾ ਮੰਨਣਾ ਹੈ ਕਿ ਇਹ ਯੋਗਦਾਨ ਸਿਰਫ਼ ਵਿੱਤੀ ਸਹਾਇਤਾ ਨਹੀਂ ਹੈ, ਬਲਕਿ ਪੰਜਾਬ ਦੇ ਲੋਕਾਂ ਨਾਲ ਇਕਜੁੱਟ ਹੋਣ ਦਾ ਪ੍ਰਤੀਕ ਹੈ ਅਤੇ ਮੁਸੀਬਤ ਦੇ ਸਮੇਂ, ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਾ ਸਭ ਤੋਂ ਵੱਡੀ ਤਾਕਤ ਹੈ।

## ਕੇਂਦਰ ਪੰਜਾਬ ਦੇ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨੇ : ਅਰਸ਼ੀ

### ਮਨਰੇਗਾ ਸਕੀਮ ਤਹਿਤ ਕੰਮਾਂ 'ਚ ਕੀਤੀ ਕਟੌਤੀ ਸਰਕਾਰ ਲਵੇ ਵਾਪਸ : ਚੌਹਾਨ, ਉੱਡਤ





**ਮਾਨਸਾ (ਆਤਮਾ ਸਿੰਘ ਪਮਾਰ)**

ਵਰ੍ਹਦੇ ਮੀਂਹ ਵਿੱਚ ਹਜ਼ਾਰਾਂ ਮਨਰੇਗਾ ਮਜ਼ਦੂਰਾਂ ਨੇ ਬੁੱਧਵਾਰ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਪ੍ਰਦਰਸ਼ਨ ਕਰਨ ਉਪਰੰਤ ਸ਼ਹਿਰ 'ਚ ਜ਼ੋਰਦਾਰ ਰੋਸ ਮਾਰਚ ਕੀਤਾ ਅਤੇ ਇੱਕ ਮੰਗ ਪੱਤਰ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਰਾਹੀ ਭੇਜਿਆ।

ਇਸ ਮੌਕੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਸੂਬੇ 'ਚ ਆਏ ਭਿਆਨਕ ਹੜ੍ਹ ਕੁਦਰਤੀ ਕਰੋਪੀ ਨਹੀਂ, ਸਗੋਂ ਸਮੇਂ ਦੇ ਹਾਕਮਾਂ ਦੀ ਨਲਾਇਕੀ ਹੈ, ਜਿਸ ਕਾਰਨ ਲੱਖਾਂ ਏਕੜ ਫ਼ਸਲ, ਹਜ਼ਾਰਾਂ ਪਿੰਡ ਤੇ ਲੱਖਾਂ ਘਰ ਬਰਬਾਦ ਹੋ ਚੁੱਕੇ ਹਨ ਤੇ ਲੱਖਾਂ ਲੋਕ ਆਪਣਾ ਸਭ ਕੁਝ ਗੁਆ ਚੁੱਕੇ ਹਨ। ਅਰਸ਼ੀ ਨੇ ਕਿਹਾ ਕਿ ਕੇਂਦਰ ਦੀ

• ਬਾਕੀ ਸਫਾ 2 'ਤੇ

## ਬਿਜਲੀ ਮੁਲਾਜ਼ਮ ਤੇ ਪੈਨਸ਼ਨਰ ਇੱਕ ਦਿਨ ਦੀ ਤਨਖਾਹ ਤੇ ਪੈਨਸ਼ਨ ਦੇਣਗੇ

### ਹੜ੍ਹ ਪੀੜਤਾਂ ਲਈ ਮੈਡੀਕਲ ਕੈਂਪ ਲਗਾਉਣ ਦਾ ਵੀ ਫੈਸਲਾ

**ਪਟਿਆਲਾ** : ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਅਧਾਰਤ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ: 24), ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਪੰਜਾਬ, ਪੈਨਸ਼ਨਰਜ਼ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੂਬਾ ਪੱਧਰ ਦੇ ਆਗੂਆਂ ਦੀ ਹੰਗਾਮੀ ਆਨਲਾਈਨ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੇ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਰਕੇ ਬਹੁਤ ਹੀ ਨਾਜ਼ੁਕ ਅਤੇ ਗੰਭੀਰ ਸਥਿਤੀ ਦੇ ਚੱਲਦਿਆਂ ਲੋਕਾਂ ਦੇ ਹੋਏ ਜਾਨੀ-ਮਾਲੀ ਨੁਕਸਾਨ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।ਆਗੂਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਅੰਦਰ ਕੁਦਰਤੀ ਕਰੋਪੀ ਅਤੇ ਸਰਕਾਰਾਂ ਵੱਲੋਂ ਸਮੇਂ ਸਿਰ ਢੁਕਵੇਂ ਅਤੇ ਲੋੜੀਂਦੇ ਪ੍ਰਬੰਧ ਨਾ ਕਰਨ ਦੇ ਕਾਰਨ ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਪਾਣੀ ਦੀ ਮਾਰ ਝੱਲ ਰਹੇ ਲੋਕਾਂ ਜਿਨ੍ਹਾਂ ਦਾ ਬਹੁਤ ਵੱਡੇ ਪੱਧਰ 'ਤੇ ਘਰਾਂ ਦੀਆਂ ਬਿਲਡਿੰਗਾਂ ਅਤੇ ਕੀਮਤੀ ਸਾਜ਼ੋ-ਸਾਮਾਨ, ਖਾਣ-ਪੀਣ ਦੀਆਂ ਵਸਤਾਂ ਸਮੇਤ ਫਸਲਾਂ ਅਤੇ ਪਸ਼ੂਆਂ ਦਾ ਬਹੁਤ ਭਾਰੀ ਨੁਕਸਾਨ ਹੋ ਗਿਆ ਹੈ, ਉਨ੍ਹਾਂ ਦੇ ਮੁੜ ਵਸੇਬੇ ਲਈ ਬਹੁਤ ਵੱਡੇ ਉਪਰਾਲੇ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਦੇ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਇਕ ਦਿਨ ਦੀ ਤਨਖਾਹ ਅਤੇ ਪੈਨਸ਼ਨ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜਣ ਦਾ ਫੈਸਲਾ ਕੀਤਾ ਹੈ।ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਸਤੰਬਰ ਮਹੀਨੇ ਦੀ ਤਨਖਾਹ ਵਿੱਚੋਂ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀ ਇੱਕ ਦਿਨ ਦੀ ਤਨਖਾਹ ਦੀ ਕਟੌਤੀ ਕਰਵਾ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣਗੇ ਤਾਂ ਜੋ ਪੰਜਾਬ ਵਾਸੀਆਂ ਦੀ ਇਸ ਔਖੀ ਘੜੀ ਵਿੱਚ ਆਰਥਿਕ ਮਦਦ ਕੀਤੀ ਜਾ ਸਕੇ। ਮੀਟਿੰਗ ਵਿੱਚ ਇਹ ਫੈਸਲਾ ਵੀ ਕੀਤਾ ਗਿਆ ਕਿ ਜਥੇਬੰਦੀਆਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਉਣ ਵਾਲੇ ਸਮੇਂ ਵਿੱਚ ਮੈਡੀਕਲ ਕੈਂਪ ਲਗਵਾਉਣ ਤੋਂ ਇਲਾਵਾ ਬਿਪਤਾ ਮਾਰੇ ਲੋਕਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਜ਼ਮੀਨੀ ਪੱਧਰ 'ਤੇ ਵੀ ਉਪਰਾਲੇ ਕੀਤੇ ਜਾਣਗੇ।

ਮੀਟਿੰਗ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਾਹੌਰੀਆ, ਗੁਰਭੇਜ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਦੇਵਿੰਦਰ ਸਿੰਘ ਪਿਸ਼ੌਰ, ਰਣਜੀਤ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਚਾਹਲ, ਜਸਵੀਰ ਸਿੰਘ ਆਂਡਲੂ, ਇੰਜੀ: ਹਰਮਨਦੀਪ, ਕੌਰ ਸਿੰਘ ਸੋਹੀ, ਮਨਜੀਤ ਸਿੰਘ ਚਾਹਲ, ਰਾਧੇ ਸ਼ਿਆਮ, ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ, ਦਲੀਪ ਕੁਮਾਰ, ਬੀ ਐੱਸ ਸੇਖੋਂ, ਚਮਕੌਰ ਸਿੰਘ, ਬਾਬਾ ਅਮਰਜੀਤ ਸਿੰਘ, ਸਰਬਜੀਤ ਸਿੰਘ ਭਾਣਾ, ਮਹਿੰਦਰ ਸਿੰਘ ਰੂੜੇਕੇ, ਤੇਜਿੰਦਰ ਸਿੰਘ ਸੇਖੋਂ, ਸੁਖਵਿੰਦਰ ਸਿੰਘ ਦੁੱਮਣਾ ਆਦਿ ਆਗੂਆਂ ਨੇ ਹਿੱਸਾ ਲਿਆ।

## ਪੰਜਾਬ ਇਸਤਰੀ ਸਭਾ ਦੀ ਟੀਮ ਵੱਲੋਂ ਹੜ੍ਹ ਮਾਰੇ ਇਲਾਕਿਆਂ ਦਾ ਦੌਰਾ



**ਫਾਜ਼ਿਲਕਾ** : ਪੰਜਾਬ ਇਸਤਰੀ ਸਭਾ ਜ਼ਿਲ੍ਹਾ ਫਾਜ਼ਿਲਕਾ ਦੀ ਇਕ ਟੀਮ, ਜਿਸ ਵਿੱਚ ਪ੍ਰਧਾਨ ਸੁਮਿਤਰਾ, ਮੀਤ ਪ੍ਰਧਾਨ ਸੁਸ਼ਮਾ ਗੋਲਡਨ, ਸਹਾਇਕ ਸਕੱਤਰ ਹਰਜੀਤ ਢੰਡੀਆਂ ਸ਼ਾਮਲ ਹਨ, ਨੇ ਹੜ੍ਹ ਵਾਲੇ ਇਲਾਕਿਆਂ ਦਾ ਦੌਰਾ ਕੀਤਾ। ਟੀਮ ਨੇ ਵੇਖਿਆ ਕਿ ਲੋਕਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਬਿਲਕੁਲ ਤਬਾਹ ਹੋ ਚੁੱਕੀਆਂ ਹਨ ਅਤੇ ਖੇਤਾਂ ਦਾ ਏਨਾ ਬੁਰਾ ਹਾਲ ਹੈ ਕਿ ਅਗਲੀ ਫਸਲ ਦੀ ਵੀ ਬੇਯਕੀਨੀ ਹੈ। ਲੋਕਾਂ ਦੇ ਘਰ ਵੀ ਢਹਿ ਗਏ ਹਨ, ਸਭ ਕੁਝ ਤਬਾਹ ਹੋ ਗਿਆ ਹੈ ਅਤੇ ਉਹ ਕੈਂਪਾਂ ਵਿੱਚ ਬੜੀ ਵਿਚਾਰਗੀ ਦੀ ਹਾਲਤ ਵਿੱਚ ਦਿਨ ਬਤੀਤ ਕਰ ਰਹੇ ਹਨ। ਸੁਸ਼ਮਾ ਗੋਲਡਨ ਨੇ ਕਿਹਾ ਕਿ ਪੀੜਤਾਂ ਦੀ ਜਿੰਨੀ ਵੀ ਹੋ ਸਕੇ ਲੋਕ ਮਦਦ ਕਰਨ ਲਈ ਅੱਗੇ ਆਉਣ। ਇਸਤਰੀ ਸਭਾ ਦੀ ਟੀਮ ਨੇ ਪੀੜਤ ਪਰਵਾਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਹਨਾਂ ਦੀ ਮਦਦ ਜ਼ਰੂਰ ਕਰਨਗੇ।ਇਹ ਜਥਾ ਪਿੰਡ ਢਾਣੀ, ਆਤੂ ਵਾਲਾ

• ਬਾਕੀ ਸਫਾ 2 'ਤੇ

## ਜ਼ਿਲ੍ਹਾ ਤਰਨ ਤਾਰਨ ਤੋਂ ਇੱਕ ਹਜ਼ਾਰ ਸਾਥੀ ਮੁਹਾਲੀ ਪੁੱਜਣਗੇ



**ਤਰਨ ਤਾਰਨ** : ਸੀ ਪੀ ਆਈ ਜ਼ਿਲ੍ਹਾ ਤਰਨ ਤਾਰਨ ਨੇ ਫੈਸਲਾ ਕੀਤਾ ਹੈ ਕਿ ਪਾਰਟੀ ਦੀ ਕੌਮੀ ਕਾਂਗਰਸ ਮੌਕੇ 21 ਸਤੰਬਰ ਨੂੰ ਹੋ ਰਹੀ ਮੁਹਾਲੀ ਰੈਲੀ ਵਿੱਚ ਜ਼ਿਲ੍ਹੇ 'ਚੋਂ 1000 ਔਰਤਾਂ, ਮਰਦ ਅਤੇ ਨੌਜਵਾਨਾਂ ਦਾ ਕਾਫਲਾ ਜਾਵੇਗਾ। ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਕਾਰਜਕਾਰੀ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਅਤੇ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਰੈਲੀ ਅਤੇ ਕੌਮੀ ਕਾਂਗਰਸ ਦੀਆਂ ਜ਼ਿਲ੍ਹੇ ਭਰ ਵਿੱਚ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਕਾਂਗਰਸ ਦੀ ਕਾਮਯਾਬੀ ਲਈ ਲੱਗਾ ਫੰਡ ਵੀ ਇੱਕ ਹਫ਼ਤੇ ਦੇ ਅੰਦਰ ਪੂਰਾ ਹੋ ਜਾਵੇਗਾ। ਇਹ ਵਿਚਾਰ ਆਗੂਆਂ ਨੇ ਜ਼ਿਲ੍ਹਾ ਮੀਟਿੰਗ, ਜੋ ਰਜਿੰਦਰ ਪਾਲ ਕੌਰ ਦੀ ਪ੍ਰਧਾਨਗੀ ਹੇਠ ਹੋਈ, ਵਿੱਚ ਰੱਖੇ। ਆਗੂਆਂ ਨੇ ਕਿਹਾ ਕਿ ਤਰਨ ਤਾਰਨ ਜ਼ਿਲ੍ਹੇ ਦਾ ਬਿਆਸ ਅਤੇ ਸਤਲੁਜ ਨਾਲ ਲਗਦਾ ਮੰਡ ਇਲਾਕਾ ਪਾਣੀ ਦੀ ਮਾਰ ਹੇਠ ਆ ਚੁੱਕਾ ਹੈ ਅਤੇ ਝੋਨੇ ਦੀ ਫ਼ਸਲ, ਪਸ਼ੂਆਂ ਦਾ ਚਾਰਾ, ਘਰ, ਬੰਬੀਆਂ ਭਾਵ ਮੋਟਰਾਂ ਆਦਿ ਬਰਬਾਦ ਹੋ ਚੁੱਕੀਆਂ ਹਨ। ਜ਼ਮੀਨਾਂ ਅਤੇ ਪਸ਼ੂ ਵੱਡੀ ਪੱਧਰ 'ਤੇ ਰੁੜ੍ਹ ਗਏ ਹਨ। ਹੜ੍ਹਾਂ ਤੋਂ ਰਾਹਤ ਮਿਲਣ ਤੋਂ ਬਾਅਦ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਲੱਭਣੀਆਂ ਮੁਸ਼ਕਲ ਹੋ ਜਾਣੀਆਂ ਹਨ। ਕੇਂਦਰ ਸਰਕਾਰ ਫੌਰੀ ਤੌਰ 'ਤੇ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਰਾਹਤ ਪੈਕੇਜ ਦੇਵੇ ਅਤੇ ਪੰਜਾਬ ਸਰਕਾਰ ਵੀ ਰਾਹਤ ਪ੍ਰਦਾਨ ਕਰੇ।

ਮੀਟਿੰਗ ਨੂੰ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਅਤੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਵੀ ਸੰਬੋਧਨ ਕੀਤਾ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਪ੍ਰਤੀ ਏਕੜ 100000 ਰੁਪਏ ਅਤੇ ਖੇਤ ਮਜ਼ਦੂਰ ਪਰਵਾਰਾਂ ਨੂੰ ਫੌਰੀ ਤੌਰ 'ਤੇ ਘਰ ਪਰਤੀ 30000 ਰੁਪਏ ਦਿੱਤੇ ਜਾਣ।

## ਚੰਦਰਸ਼ੇਖਰ ਦੀ ਧੀ ਨੇ ਪਾਰਟੀ ਛੱਡੀ

**ਹੈਦਰਾਬਾਦ** : ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਦੇ ਬਾਨੀ ਤੇ ਤਿਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ (ਕੇ ਸੀ ਆਰ) ਦੀ ਧੀ ਕੇ. ਕਵਿਤਾ ਨੇ ਪਾਰਟੀ ਵਿੱਚੋਂ ਮੁਅੱਤਲ ਕੀਤੇ ਜਾਣ ਦੇ ਇੱਕ ਦਿਨ ਬਾਅਦ ਬੁੱਧਵਾਰ ਪਾਰਟੀ ਤੇ ਵਿਧਾਨ ਪ੍ਰੀਸ਼ਦ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਉਸ ਨੇ ਆਪਣੇ ਚਚੇਰੇ ਭਰਾ ਤੇ ਸਾਬਕਾ ਮੰਤਰੀ ਟੀ. ਹਰੀਸ਼ ਰਾਓ 'ਤੇ ਕੇ ਸੀ ਆਰ ਦੇ ਪਰਵਾਰ ਖਿਲਾਫ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ। ਆਪਣੇ ਸਮਰਥਕਾਂ ਨਾਲ ਇੱਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 47 ਸਾਲਾ ਸਾਬਕਾ ਸੰਸਦ ਮੈਂਬਰ ਕਵਿਤਾ ਨੇ ਹਰੀਸ਼ ਰਾਓ 'ਤੇ ਮੁੱਖ ਮੰਤਰੀ ਏ ਰੇਵੰਤ ਰੈਡੀ ਨਾਲ ਗੱਢ-ਤੁੱਪ ਰੱਖਣ ਦਾ ਦੋਸ਼ ਲਗਾਇਆ। ਉਸ ਨੇ ਕਿਹਾ ਕਿ ਉਸ ਦੇ ਭਰਾ ਅਤੇ ਬੀ ਆਰ ਐੱਸ ਦੇ ਕਾਰਜਕਾਰੀ ਪ੍ਰਧਾਨ ਕੇ ਟੀ ਰਾਮਾ ਰਾਓ ਨੂੰ ਹਰੀਸ਼ ਰਾਓ ਦੀਆਂ ਸਾਜ਼ਿਸ਼ਾਂ ਬਾਰੇ ਸਾਵਧਾਨ ਰਹਿਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਵਿੱਚ ਸ਼ਾਮਲ ਨਹੀਂ ਹੋ ਰਹੀ ਅਤੇ ਸਮਰਥਕਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਭਵਿੱਖ ਦੀ ਕਾਰਵਾਈ ਦਾ ਫੈਸਲਾ ਕਰੇਗੀ।

## ਅੱਜ-ਨਾਮਾ

ਖੋਲ੍ਹਣੇ ਡੈਮਾਂ ਦੇ ਮੁੜ-ਮੁੜ ਨੇ ਗੇਟ ਪੈਂਦੇ,<br>
ਹਾਲਤ ਕਾਬੂ ਦੇ ਵਿੱਚ ਨਹੀਂ ਆਈ ਬੇਲੀ।<br>
ਕੁਦਰਤ ਕਿਸੇ ਦੇ ਵੱਸ ਦੀ ਗੱਲ ਹੈ ਨਹੀਂ,<br>
ਜਾਂਦੀ ਜਿਹੜੀ ਆ ਮੀਂਹ ਵਰਸਾਈ ਬੇਲੀ।<br>
ਚੰਗਾ ਪ੍ਰਬੰਧ ਨਹੀਂ ਬਹੁਤਾ ਨਿਕਾਸ ਵਾਲਾ,<br>
ਅਗੇਤੀ ਡਿਊਟੀ ਨਾ ਗਈ ਨਿਭਾਈ ਬੇਲੀ।<br>
ਜਿਹੜੇ ਲੋਕਾਂ ਦੇ ਸਿਰ ਆ ਪਈ ਮੁਸ਼ਕਲ,<br>
ਪਾਉਣਗੇ ਫਸੇ ਉਹ ਇਹੀ ਦੁਹਾਈ ਬੇਲੀ।<br>
ਸਮਾਂ ਏਦਾਂ ਦਾ ਆਇਆ ਪੰਜਾਬ ਦੇ ਵਿੱਚ,<br>
ਵੇਖ ਇਸ ਵਕਤ ਸਭ ਜੋੜੀਏ ਜੋੜ ਬੇਲੀ।<br>
ਚੱਲਦੀ ਰਹਿਣੀ ਹਮੇਸ਼ਾ ਪਈ ਰਾਜਨੀਤੀ,<br>
ਔਝੜੇ ਵਕਤ ਹੀ ਦੇਈਏ ਖਾਂ ਛੋੜ ਬੇਲੀ।

-ਤੀਸ ਮਾਰ ਖਾਂ

## ਬੇਲਿਆਂ ਦੇ ਲੋਕਾਂ ਨੂੰ ਕੱਢ ਕੇ ਰਾਹਤ ਕੈਂਪਾਂ 'ਚ ਪਹੁੰਚਾਇਆ



**ਭਲਾਣ (ਹਰਭਜਨ ਢਿੱਲੋਂ)**

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਬੁੱਧਵਾਰ ਹੜ੍ਹ ਪ੍ਰਭਾਵਤ ਪਿੰਡਾਂ ਬੇਲਾ ਧਿਆਨੀ ਲੋਅਰ, ਬੰਦਲੈਹੜੀ, ਰਾਏਪੁਰ ਲੋਅਰ ਤੇ ਜੌਹਲ ਦਾ ਦੌਰਾ ਕੀਤਾ। ਬੈਂਸ ਨੇ ਕਿਹਾ ਕਿ ਬੇਲਾ ਧਿਆਨੀ ਲੋਅਰ ਪਿੰਡ ਵਿਚੋਂ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਰਾਹਤ ਕੈਂਪਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ। ਇਸ ਮੌਕੇ ਵਰਜੀਤ ਵਾਲੀਆ ਡਿਪਟੀ ਕਮਿਸ਼ਨਰ ਰੂਪਨਗਰ, ਗੁਲਨੀਤ ਸਿੰਘ ਖੁਰਾਨਾ ਐੱਸ ਐੱਸ ਪੀ ਸਮੇਤ ਪ੍ਰਸ਼ਾਸਨ ਅਤੇ ਪੁਲਸ ਦੇ ਅਧਿਕਾਰੀ ਤੇ ਕਰਮਚਾਰੀ ਰਾਹਤ ਤੇ ਬਚਾਅ ਕਾਰਜਾਂ ਵਿਚ ਲੱਗੇ ਹੋਏ ਸਨ। ਉਹਨਾ ਦੱਸਿਆ ਕਿ ਜਿਹੜੇ ਪਿੰਡ ਨੀਵੇਂ ਇਲਾਕਿਆਂ ਵਿੱਚ ਹਨ ਜਾਂ ਜਿਨ੍ਹਾਂ ਦੇ ਘਰ ਖੇਤਾਂ ਵਿੱਚ ਹਨ, ਉਥੇ ਪਾਣੀ ਵੱਧ ਆਉਣ ਦਾ ਖਤਰਾ ਹੈ। ਇਸ ਲਈ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਘਰ ਖਾਲੀ ਕਰਕੇ ਰੈਸਕਿਊ ਸੈਂਟਰਾਂ ਵਿੱਚ ਆ ਜਾਣ। ਪ੍ਰਸ਼ਾਸਨ ਨੇ ਲੋਅਰ ਬੇਲਾ ਧਿਆਨੀ ਵਿੱਚੋਂ 18 ਮੈਂਬਰਾਂ ਨੂੰ ਕਿਸ਼ਤੀ ਰਾਹੀ ਰਾਹਤ ਕੈਂਪਾਂ ਵਿਚ ਲਿਆਂਦਾ ਗਿਆ ਹੈ, ਜਦੋਂ ਕਿ 48 ਵਸਨੀਕ ਆਪਣੇ ਟਰੈਕਟਰ, ਟਰਾਲੀ ਰਾਹੀਂ ਹਰਸਾਬੇਲਾ ਅਤੇ ਸੈਸੋਵਾਲ ਤੋਂ ਬਾਹਰ ਆਏ ਹਨ। ਉਨ੍ਹਾ ਦੱਸਿਆ ਕਿ ਨੰਗਲ ਸਬ-ਡਵੀਜ਼ਨ ਵਿਚ 4 ਰਾਹਤ ਕੈਂਪਾਂ ਵਿੱਚ ਪਿੰਡਾਂ ਤੋਂ ਲੋਕਾਂ ਨੂੰ ਸੁਰੱਖਿਅਤ ਲਿਆ ਕੇ ਰੱਖਿਆ ਹੋਇਆ ਹੈ।137 ਵਿਅਕਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਾਣ, ਸਰਕਾਰੀ ਮਿਡਲ ਸਕੂਲ ਭਨਾਮ, ਸਰਕਾਰੀ ਸ਼ਿਵਾਲਿਕ ਸਕੂਲ ਨੰਗਲ ਅਤੇ ਸਿੰਘਪੁਰ ਪਲਾਸੀ ਕਮਿਊਨਿਟੀ ਸੈਂਟਰ ਵਿਚ ਮੌਜੂਦ ਹਨ। ਇੱਕ ਪ੍ਰਵਾਸੀ ਪਰਵਾਰ ਦੇ ਪਿਤਾ ਤੇ ਪੁੱਤਰ ਗੜ੍ਹਬਾਗਾ ਨੇੜੇ ਦਰਿਆ ਵਿਚ ਮੱਛੀਆ ਫੜਨ ਚਲੇ ਗਏ, ਜਿਨ੍ਹਾਂ ਨੂੰ ਸਥਾਨਕ ਵਸਨੀਕਾਂ ਦੀ ਮਦਦ ਨਾਲ ਸੁਰੱਖਿਅਤ ਕੱਢਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸਚਿਨ ਪਾਠਕ ਉਪ ਮੰਡਲ ਮੈਜਿਸਟ੍ਰੇਟ ਨੰਗਲ, ਕੁਲਵੀਰ ਸਿੰਘ ਡੀ ਐੱਸ ਪੀ ਨੰਗਲ ਅਤੇ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਅਨੰਦਪੁਰ ਸਾਹਿਬ ਅਤੇ ਅਜੇ ਸਿੰਘ ਡੀ ਐੱਸ ਪੀ ਦੀਆਂ ਟੀਮਾਂ ਵੀ ਅਨੰਦਪੁਰ ਸਾਹਿਬ ਹਲਕੇ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀਆਂ ਹਨ।

## ਕੁਲਜੀਤ ਸਿੰਘ ਰੰਧਾਵਾ ਨੇ ਹਰੀਕੇ ਪੱਤਣ ਦੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਡੇਰਾ ਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਬੁੱਧਵਾਰ ਆਪਣੇ ਮੁੱਖ ਦਫ਼ਤਰ ਤੋਂ ਦਾ ਬੱਸੀ, ਮੁਬਾਰਕਪੁਰ ਟਰੱਕ ਯੂਨੀਅਨ ਅਤੇ ਵੱਖ-ਵੱਖ ਪਾਰਟੀ ਦੇ ਅਹੁਦੇਦਾਰਾਂ, ਐੱਨ ਜੀ ਓਜ਼ ਨਾਲ ਮਿਲ ਕੇ ਹੜ੍ਹ ਪੀੜਤਾਂ ਲਈ ਇਕੱਠੀ ਕੀਤੀ ਹੜ੍ਹ ਰਾਹਤ ਸਮੱਗਰੀ ਦੇ ਚਾਰ ਟਰੱਕ ਹਰੀਕੇ ਪੱਤਣ ਲਈ ਰਵਾਨਾ ਕੀਤੇ। ਇਨ੍ਹਾਂ ਰਾਹੀਂ 20 ਟਨ ਆਲੂ, 30 ਕੁਇੰਟਲ ਆਟਾ, 50 ਕੁਇੰਟਲ ਦਾਲ, 10 ਕੁਇੰਟਲ ਚਾਵਲ, 5 ਕੁਇੰਟਲ ਚੀਨੀ, 2 ਡੱਬੇ ਬਿਸਕੁੱਟ, 1 ਕੁਇੰਟਲ ਚਾਹ ਪੱਤੀ, 5 ਕੁਇੰਟਲ ਨਮਕ, 50-50 ਕਿਲੋ ਮਿਰਚਾਂ ਅਤੇ ਹਲਦੀ, 50 ਪੇਟੀਆਂ ਮੋਮਬੱਤੀਆਂ, 50 ਪੇਟੀਆਂ ਤੇਲ, 50 ਡੱਬੇ ਮਾਚਿਸ, 50 ਪੇਟੀਆਂ ਮੱਛਰਾਂ ਤੋਂ ਬਚਾਅ ਲਈ ਕੱਛੂਆਂ ਛਾਪ ਦੀਆਂ ਅਤੇ 100 ਪੇਟੀਆਂ ਪੀਣ ਵਾਲੇ ਪਾਣੀ ਦੀਆਂ ਭੇਜੀਆਂ ਗਈਆਂ ਹਨ। ਇਸ ਤੋਂ ਇਲਾਵਾ ਪਸ਼ੂਆਂ ਲਈ 5 ਕੁਇੰਟਲ ਦਾਣਾ ਅਤੇ ਦੋ ਟਰੱਕ ਸਾਇਲੇਜ (ਅਚਾਰ) ਦੇ ਅਤੇ 1 ਟਰੱਕ ਤੂੜੀ ਦਾ ਭੇਜਿਆ ਗਿਆ।

## ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਲਈ ਰਾਹਤ ਸਮੱਗਰੀ ਭੇਜੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜਾ)**-ਦੇਸ਼ ਭਗਤ ਕੈਂਪਸ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਦੇ ਨਿਰਦੇਸ਼ 'ਤੇ ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਭੇਜੀ ਗਈ।ਇਸ ਮੁਹਿੰਮ 'ਚ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ, ਵਾਇਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ, ਸਮੂਹ ਸਟਾਫ, ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਅਤੇ ਉਹਨਾਂ ਦੇ ਸਤਿਕਾਰਤ ਮਾਪਿਆਂ ਨੇ ਭਰਪੂਰ ਭੂਮਿਕਾ ਨਿਭਾਈ।ਰਾਹਤ ਸਮੱਗਰੀ 'ਚ ਸੁੱਕਾ ਰਾਸ਼ਨ, ਪੀਣ ਵਾਲਾ ਸਾਫ਼ ਪਾਣੀ, ਦਵਾਈਆਂ, ਕੱਪੜੇ ਤੇ ਹੋਰ ਜ਼ਰੂਰੀ ਸਮਾਨ ਸ਼ਾਮਲ ਸੀ।ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਸੰਕਟ ਦਾ ਅਸਲੀ ਮਤਲਬ ਉਹੀ ਹੁੰਦਾ ਹੈ, ਜਦੋਂ ਤੁਸੀਂ ਕਿਸੇ ਦੀ ਲੋੜ ਤੋਂ ਜ਼ਿਆਦਾ ਲੋੜ ਦੇ ਵੇਲੇ ਉਸਦੇ ਨਾਲ ਖੜੇ ਹੋਵੋ।ਉਨ੍ਹਾਂ ਆਉਣ ਵਾਲੇ ਦਿਨਾਂ 'ਚ ਹੋਰ ਵੀ ਸਹਾਇਤਾ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ। ਤਜਿੰਦਰ ਕੌਰ ਨੇ ਕਿਹਾ ਕਿ ਸਕੂਲ ਸਿਰਫ਼ ਵਿੱਦਿਆ ਦਾ ਹੀ ਕੇਂਦਰ ਨਹੀਂ, ਸਗੋਂ ਮਾਨਵਤਾ ਤੇ ਸੇਵਾ ਦੇ ਮੂਲ 'ਤੇ ਅਮਲ ਕਰਨ ਵਾਲਾ ਸੰਸਥਾਨ ਹੈ।ਡਾ. ਸੰਜੀਵ ਜਿੰਦਲ ਤੇ ਡਾ. ਪਰਮਪ੍ਰੀਤ ਕੌਰ ਨੇ ਸਾਰੇ ਸਟਾਫ, ਵਿਦਿਆਰਥੀਆਂ ਤੇ ਉਨ੍ਹਾਂ ਦੇ ਸਤਿਕਾਰਿਤ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਰਾਹਤ ਸਮੱਗਰੀ ਸੰਸਥਾ ਵੱਲੋਂ ਇੱਕ ਨਮਰ ਉਪਕਰਮ ਹੈ, ਜੋ ਭਵਿੱਖ 'ਚ ਵੀ ਜਾਰੀ ਰਹੇਗਾ।ਪ੍ਰਿੰਸੀਪਲ ਡਾਕਟਰ ਜਿੰਦਲ ਨੇ ਕਿਹਾ ਕਿ ਇਸ ਸੰਕਟ ਦੀ ਘੜੀ 'ਚ ਅਸੀਂ ਆਪ ਸਭ ਨੂੰ ਹੌਸਲੇ ਤੇ ਹਮਦਰਦੀ ਨਾਲ ਭਰਿਆ ਹੋਇਆ ਦਿਲ ਰੱਖਣ ਦੀ ਅਪੀਲ ਕਰਦੇ ਹਾਂ।ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜੋ ਲੋਕ ਹੜ੍ਹ ਜਾਂ ਕਿਸੇ ਹੋਰ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਉਹ ਸਾਡੇ ਆਪਣੇ ਨੇ।

## ਜ਼ਮੀਨਾਂ ਦੀ ਪੱਕੀ ਮਾਲਕੀ ਦਿਵਾਉਣ ਸੰਬੰਧੀ ਮੰਗ ਬਿਲਕੁਲ ਜਾਇਜ਼ : ਕਟਾਰੀਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਮੀਨਾਂ ਦੀ ਪੱਕੀ ਮਾਲਕੀ ਕਰਕੇ ਗਿਰਦਾਵਰੀ ਰਾਹੀਂ ਫ਼ਸਲਾਂ ਦਾ ਮੁਆਵਜ਼ਾ ਦੇਣ ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਰਕਾਰੀ ਸਕੀਮਾਂ ਦਾ ਲਾਭ ਦਿਵਾਉਣ ਸੰਬੰਧੀ ਮੰਗ ਬਿਲਕੁਲ ਜਾਇਜ਼ ਹੈ ਤੇ ਇਸ ਸੰਬੰਧੀ ਸੀਐੱਮ ਸਾਹਿਬ ਦੇ ਧਿਆਨ ਵਿੱਚ ਲਿਆ ਕੇ ਪੱਕੇ ਤੌਰ 'ਤੇ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪਿੰਡ ਬਾਰੇ ਕੇ ਸਕੂਲ ਵਿਖੇ ਹੜ੍ਹ ਪੀੜਤਾਂ ਲਈ ਬਣਾਏ ਗਏ ਰਾਹਤ ਕੇਂਦਰ ਵਿੱਚ ਰੱਖੇ ਗਏ ਹੜ੍ਹ ਪੀੜਤਾਂ ਨਾਲ ਮੁਲਾਕਾਤ ਕਰਨ ਉਪਰੰਤ ਕੀਤਾ।



ਉਨ੍ਹਾਂ ਨਾਲ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਕਮਿਸ਼ਨਰ ਫ਼ਿਰੋਜ਼ਪੁਰ ਮੰਡਲ ਅਰੁਣ ਸੇਖੜੀ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਤੇ ਐੱਸਐੱਸਪੀ ਭੁਪਿੰਦਰ ਸਿੰਘ ਮੌਜੂਦ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਹੁਸੈਨੀਵਾਲਾ ਸ਼ਹੀਦੀ ਸਮਾਰਕ 'ਤੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ 250 ਤੋਂ ਵੱਧ ਹੜ੍ਹ ਪੀੜਤਾਂ ਨੂੰ ਬਾਰੇ ਕੇ ਸਕੂਲ ਵਿਖੇ ਬਣਾਏ ਰਾਹਤ ਕੇਂਦਰ ਵਿਚ ਸੁਰੱਖਿਅਤ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਆਪਣੇ ਬਜ਼ੁਰਗਾਂ ਦੇ ਨਾਲ ਪਿਛਲੇ 70 ਸਾਲਾਂ ਤੋਂ ਆਪਣੇ ਬਜ਼ੁਰਗਾਂ ਨਾਲ ਖੇਤੀ ਕਰਦੇ ਆਏ ਹਨ। ਪਹਿਲਾਂ ਇਨ੍ਹਾਂ ਜ਼ਮੀਨਾਂ ਦੀ ਗਿਰਦਾਵਰੀ ਇਨ੍ਹਾਂ ਦੇ ਨਾਂਅ 'ਤੇ ਸੀ, ਪਰ ਸਰਕਾਰੀ ਰਿਕਾਰਡ ਦੇ ਵਿਚ ਹੁਣ ਇਹ ਗਿਰਦਾਵਰੀ ਨਾਂਅ 'ਤੇ ਨਾ ਹੋਣ ਕਰਕੇ ਕਿਸੇ ਵੀ ਸਰਕਾਰੀ ਸਕੀਮ ਦਾ ਲਾਭ ਇਨ੍ਹਾਂ ਨੂੰ ਨਹੀਂ ਮਿਲ ਪਾਉਂਦਾ। ਇਸ ਤੋਂ ਇਲਾਵਾ ਇਨ੍ਹਾਂ ਨੇ ਇਹ ਵੀ ਧਿਆਨ ਵਿੱਚ ਲਿਆਂਦਾ ਹੈ ਕਿ ਹਰ ਸਾਲ ਹੜ੍ਹਾਂ ਦੀ ਮਾਰ ਤਾਂ ਇਹਨਾਂ ਨੂੰ ਚੱਲਣੀ ਹੀ ਪੈਂਦੀ ਹੈ। ਇਸ ਦੇ ਨਾਲ-ਨਾਲ ਜਦੋਂ ਵੀ ਕਦੇ ਜੰਗ ਦਾ ਮਾਹੌਲ ਬਣਦਾ ਹੈ ਤਾਂ ਇਨ੍ਹਾਂ ਨੂੰ ਆਪਣਾ ਘਰ ਛੱਡ ਕੇ ਸੁਰੱਖਿਅਤ ਸਥਾਨਾਂ ਤੇ ਆਉਣਾ ਪੈਂਦਾ ਹੈ। ਰਾਜਪਾਲ ਸਾਹਿਬ ਨੇ ਕਿਹਾ ਕਿ ਇਨ੍ਹਾਂ ਦੀਆਂ ਗੱਲਾਂ ਸੁਣ ਕੇ ਇਹ ਮਹਿਸੂਸ ਹੁੰਦਾ ਹੈ ਕਿ ਹਰ ਸਾਲ ਇਨ੍ਹਾਂ ਨੂੰ ਦੋਹਰੀ ਮਾਰ ਝੱਲਣੀ ਪੈਂਦੀ ਹੈ, ਇਸ ਲਈ ਇਨ੍ਹਾਂ ਦੀ ਸਮੱਸਿਆ ਦਾ ਸਥਾਈ ਹੱਲ ਹੋਣਾ ਚਾਹੀਦਾ ਹੈ। ਇਨ੍ਹਾਂ ਦੀਆਂ ਸਮੱਸਿਆਵਾਂ ਦੇ ਪੱਕੇ ਹੱਲ ਦੇ ਲਈ ਮੁੱਖ ਮੰਤਰੀ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕਰਕੇ ਉਨ੍ਹਾਂ ਦੇ ਧਿਆਨ ਦੇ ਵਿਚ ਲਿਆ ਕੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੱਢਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਬਾਰਡਰ ਦੇ ਨਾਲ ਖੇਤੀ ਵਾਲੀਆਂ ਜ਼ਮੀਨਾਂ ਤੇ ਤਾਂ ਇਹ ਖੇਤੀ ਕਰ ਹੀ ਰਹੇ ਹਨ ਪਰ ਰਹਿਣ ਦੇ ਲਈ ਇਨ੍ਹਾਂ ਨੂੰ ਸੁਰੱਖਿਅਤ ਸਥਾਨਾਂ ਤੇ ਮਾਲਕਾਨਾ ਹੱਕ ਦੇ ਕੇ ਜਗ੍ਹਾ ਦਿੱਤੀ ਜਾ ਸਕਦੀ ਹੈ ਤਾਂ ਜੁ ਇਨ੍ਹਾਂ ਨੂੰ ਹੜ੍ਹ ਅਤੇ ਜੰਗ ਵਰਗੇ ਹਾਲਾਤ ਵਿੱਚ ਆਪਣਾ ਘਰ ਨਾ ਛੱਡਣਾ ਪਵੇ। ਉਨ੍ਹਾਂ ਕਿਹਾ ਕਿ ਜਦੋਂ ਵੀ ਹੈੱਡ ਵਰਕਸ ਜਾਂ ਡੈਮਾਂ ਤੋਂ ਪਾਣੀ ਛੱਡਿਆ ਜਾਂਦਾ ਹੈ ਤਾਂ ਇਸ ਜਗ੍ਹਾ 'ਤੇ ਪਾਣੀ ਪਹੁੰਚਣ ਲਈ ਜਿੰਨਾ ਸਮਾਂ ਲੱਗਦਾ ਹੈ, ਉਸ ਦੌਰਾਨ ਹੀ ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਨਾਲ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਜਾਣਾ ਚਾਹੀਦਾ ਹੈ।

## ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਹੋਣਗੇ ਈ-ਚਲਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਡਾ. ਜੋਤੀ ਯਾਦਵ ਦੇ ਨਿਰਦੇਸ਼ਾਂ ਤਹਿਤ ਹੁਣ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਈ-ਚਲਾਨ ਕੱਟੇ ਜਾਣਗੇ। ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਮਾਛੀਵਾੜਾ ਦੇ 10 ਪ੍ਰਮੁੱਖ ਚੌਕਾਂ ਵਿੱਚ 32 ਸੀ.ਸੀ.ਟੀ.ਵੀ. ਕੈਮਰੇ ਲਾਏ ਜਾ ਰਹੇ ਹਨ, ਜਿਨ੍ਹਾਂ ਦੀ ਪਛਾਣ ਕਰ ਲਈ ਗਈ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮਾਛੀਵਾੜਾ ਮੇਨ ਚੌਕ, ਗਨੀ ਖਾਂ ਨਬੀ ਖਾਂ ਗੇਟ, ਦੁਸਹਿਰਾ ਗਰਾਊਂਡ, ਚਰਨ ਕੰਵਲ ਚੌਕ, ਗਾਂਧੀ ਚੌਕ, ਰਾਹੋਂ ਰੋਡ, ਰੋਪੜ ਰੋਡ, ਸਮਰਾਲਾ ਰੋਡ, ਫੈਕਟਰੀਆਂ ਚੌਕ ਆਦਿ ਥਾਵਾਂ 'ਤੇ ਜੋ ਸੀਸੀਟੀਵੀ ਕੈਮਰੇ ਲਾਏ ਜਾਣਗੇ, ਉੱਥੇ ਜੇ ਵੀ ਵਿਅਕਤੀ ਇਨ੍ਹਾਂ ਕੈਮਰਿਆਂ ਵਿੱਚ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਜਾਵੇਗਾ, ਉਸ ਦਾ ਈ ਚਲਾਨ ਕੱਟ ਕੇ ਉਸਦੇ ਮੋਬਾਇਲ 'ਤੇ ਮੈਸੇਜ ਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ 32 ਕੈਮਰੇ ਜਿੱਥੇ ਈ ਚਲਾਨ ਦੀ ਪ੍ਰਕਿਰਿਆ ਲਈ ਅਮਲ ਵਿੱਚ ਲਿਆਂਦੇ ਜਾਣਗੇ, ਉੱਥੇ ਸ਼ਹਿਰ ਦੀ ਸੁਰੱਖਿਆ ਲਈ ਬਹੁਤ ਲਾਹੇਵੰਦ ਹੋਣਗੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਕੈਮਰਿਆਂ ਦੀ ਨਿਗਰਾਨੀ ਹੇਠ ਜੁਰਮ ਕਰਦਾ ਪਾਇਆ ਗਿਆ ਜਾਂ ਇਸ ਕੈਮਰੇ ਦੀ ਅੱਖ ਤੋਂ ਭੱਜਣਾ ਨਜ਼ਰ ਆਇਆ ਤਾਂ ਉਸਦੀ ਪਛਾਣ ਕਰਨ ਵਿਚ ਪੁਲਸ ਨੂੰ ਕਾਫ਼ੀ ਸਫ਼ਲਤਾ ਮਿਲੇਗੀ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਸਾਰੇ ਕੈਮਰਿਆਂ ਦਾ ਕੰਟਰੋਲ ਰੂਮ ਮਾਛੀਵਾੜਾ ਥਾਣਾ ਵਿਖੇ ਹੋਵੇਗਾ ਜਿੱਥੇ 24 ਘੰਟੇ ਡਿਊਟੀ 'ਤੇ ਮੁਲਾਜ਼ਮ ਤਾਇਨਾਤ ਰਹਿਣਗੇ। ਉਨ੍ਹਾਂ ਦੱਸਿਆ ਕਿ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਦੀ ਫੋਟੋ ਤੇ ਉਸਨੇ ਕੀ ਨਿਯਮ ਤੋੜਿਆ ਤੇ ਉਸ ਨੂੰ ਕਿੰਨੇ ਰੁਪਏ ਦਾ ਜੁਰਮਾਨਾ ਹੋਇਆ, ਇਹ ਸਭ ਕੁਝ ਈ-ਚਲਾਨ ਰਾਹੀਂ ਵਿਅਕਤੀ ਨੂੰ ਦੱਸਿਆ ਜਾਵੇਗਾ। ਥਾਣਾ ਮੁਖੀ ਅਨੁਸਾਰ ਇਹ ਸੀ.ਸੀ.ਟੀ.ਵੀ. ਕੈਮਰੇ ਆਉਣ ਵਾਲੇ 15 ਦਿਨਾਂ ਵਿੱਚ ਲਾ ਦਿੱਤੇ ਜਾਣਗੇ।

## ਹਰਿੰਦਰ ਪਾਲ ਹੈਰੀਮਾਨ ਨੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਸਨੌਰ ਹਰਿੰਦਰਪਾਲ ਸਿੰਘ ਹੈਰੀਮਾਨ ਨੇ ਆਪਣੀ ਟੀਮ ਨਾਲ ਹਲਕਾ ਸਨੌਰ ਦੇ ਹੜ੍ਹਾਂ ਦੀ ਮਾਰ ਹੇਠਲੇ ਪਿੰਡਾਂ ਦਾ ਦੌਰਾ ਕੀਤਾ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਪਿੰਡ ਸਿਰਕੱਪੜਾ 'ਚ ਘੱਗਰ ਦਰਿਆ 'ਤੇ ਬਣੇ ਪੁਲ ਦਾ ਨਿਰੀਖਣ ਕੀਤਾ, ਜੋ ਟੱਟਣਾ ਸ਼ੁਰੂ ਹੋ ਗਿਆ ਹੈ।ਇਸ ਦੀ ਅਪਰੋਚ ਰੋਡ ਟੁੱਟ ਚੁੱਕੀ ਹੈ।ਗੱਡੀਆਂ ਦੀ ਆਵਾਜਾਈ ਬੰਦ ਹੋ ਚੁੱਕੀ ਹੈ।ਪਿੰਡ ਸਿਰਕੱਪੜਾ ਸਮੇਤ ਦਰਜਣ ਦੇ ਕਰੀਬ ਪਿੰਡ ਪ੍ਰਭਾਵਤ ਹੋਏ ਹਨ।ਹੈਰੀ ਮਾਨ ਨੇ ਦੱਸਿਆ ਕਿ ਕਾਂਗਰਸ ਸਰਕਾਰ ਸਮੇਂ ਵੀ ਇਸ ਪੁਲ ਨੂੰ ਨੁਕਸਾਨ ਪਹੁੰਚਿਆ ਸੀ, ਪਰ ਉਨ੍ਹਾਂ ਨੇ 60 ਲੱਖ ਰੁਪਏ ਖਰਚ ਕੇ ਪੱਥਰਾਂ ਦੇ ਸਟੱਡ ਲਾ ਕੇ ਕੁਝ ਦਿਨਾਂ 'ਚ ਇਸ ਨੂੰ ਦੁਬਾਰਾ ਠੀਕ ਕਰਾ ਕੇ ਰਸਤਾ ਬਹਾਲ ਕਰ ਦਿੱਤਾ ਸੀ, ਪਰ ਹੁਣ ਤਾਂ ਸਰਕਾਰ ਸੁੱਤੀ ਪਈ ਹੈ।ਹੈਰੀਮਾਨ ਨੇ ਪਿੰਡ ਬੋਲੜੀ ਵਿਖੇ ਮੀਰਾਂਪੁਰ ਚੋਅ ਦਾ ਵੀ ਜਾਇਜ਼ਾ ਲਿਆ, ਜਿਥੇ ਚੋਅ ਪੂਰੀ ਤਰ੍ਹਾਂ ਜਲ ਬੂਟੀ ਨਾਲ ਭਰਪੂਰ ਸੀ।ਜੇਕਰ ਘੱਗਰ ਉੱਛਲ ਜਾਵੇ ਤਾਂ ਮੀਰਾਂਪੁਰ ਚੋਏ ਦੇ ਨੇੜੇ-ਤੇੜੇ ਕਈ ਪਿੰਡ ਹੜ੍ਹਾਂ ਦੀ ਲਪੇਟ 'ਚ ਆਉਣ ਦਾ ਖਤਰਾ ਬਣਿਆ ਹੋਇਆ ਹੈ, ਕਿਉਂਕਿ ਅੱਜ ਤੱਕ ਸਰਕਾਰ ਨੂੰ ਇਸ ਦੀ ਸਫ਼ਾਈ ਦਾ ਚੇਤਾ ਹੀ ਨਹੀਂ ਆਇਆ।ਹਲਕਾ ਸਨੌਰ ਨੂੰ ਹੁਣ ਰੱਬ ਆਸਰੇ ਛੱਡਿਆ ਹੋਇਆ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਹਾਲਾਤ ਨੂੰ ਨਾ ਸੰਭਾਲਿਆ ਤਾਂ ਕਾਂਗਰਸ ਪਾਰਟੀ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ ਤੇ ਕਿਸੇ ਕਿਸਮ ਦੇ ਜਾਨੀ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

## ਸ਼੍ਰੋਮਣੀ ਕਮੇਟੀ ਵੱਲੋਂ ਧੁੱਸੀ ਬੰਨ੍ਹ 'ਤੇ ਲੰਗਰ ਸੇਵਾ ਜਾਰੀ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਤੋਂ ਹੜ੍ਹਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਰਦੇਸ਼ਾਂ 'ਤੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਲੰਗਰ ਦੀ ਸੇਵਾ ਜਾਰੀ ਹੈ। ਗੁਰਦੁਆਰਾ ਚਰਨ ਕੰਵਲ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਅਤੇ ਕਥਾਵਾਚਕ ਬਚਿੱਤਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ ਹਨ ਕਿ ਜਿੱਥੇ ਕਿਤੇ ਵੀ ਹੜ੍ਹਾਂ ਦੌਰਾਨ ਲੰਗਰ ਦੀ ਜ਼ਰੂਰਤ ਪੈਂਦੀ ਹੈ ਤਾਂ ਉੱਥੇ ਤੁਰੰਤ ਰਾਸ਼ਨ ਸਮੱਗਰੀ ਪਹੁੰਚਾਈ ਜਾਵੇ। ਉਨ੍ਹਾਂ ਕਿਹਾ ਕਿ ਧੁੱਲੇਵਾਲ ਵਿਖੇ ਪਿਛਲੇ 4 ਦਿਨ ਤੋਂ ਧੁੱਸੀ ਬੰਨ੍ਹ ਨੂੰ ਬਚਾਉਣ ਲਈ ਜੋ ਲੋਕ ਕੰਮ ਕਰੇ ਹਨ ਤੇ ਪ੍ਰਸ਼ਾਸਨ ਲਈ ਲੰਗਰ ਵਰਤਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਵੀ ਜਿੱਥੇ ਕਿਤੇ ਜ਼ਰੂਰਤ ਪੈਂਦੀ ਹੈ ਤਾਂ ਸੇਵਾਦਾਰ ਪਹੁੰਚ ਰਹੇ ਹਨ। ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਕਿਹਾ ਕਿ ਜੇਕਰ ਕੋਈ ਵੀ ਪਿੰਡ ਹੜ੍ਹਾਂ ਦੀ ਸਥਿਤੀ ਨਾਲ ਜੂਝ ਰਿਹਾ ਹੈ ਤਾਂ ਉਹ ਤੁਰੰਤ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਸੰਪਰਕ ਕਰੇ ਜਿੱਥੇ ਲੰਗਰਾਂ ਤੇ ਰਹਿਣ ਦੇ ਪ੍ਰਬੰਧ ਕਰ ਦਿੱਤੇ ਜਾਣਗੇ। ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ, ਬਾਬਾ ਸਤਨਾਮ ਸਿੰਘ, ਬਾਬਾ ਚਰਨ ਸਿੰਘ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲੇ ਜਿਹੜੇ ਹੜ੍ਹ ਦੀ ਮਾਰ ਹੇਠਾਂ ਹਨ ਉੱਥੇ ਰਾਹਤ ਸਮੱਗਰੀ ਪੁਚਾਈ ਜਾ ਰਹੀ ਹੈ। ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਵੱਲੋਂ ਡੇਰਾ ਬਾਬਾ ਨਾਨਕ, ਸੁਲਤਾਨਪੁਰ ਲੋਧੀ ਵਿਖੇ ਜਾ ਕੇ ਪਸ਼ੂਆਂ ਲਈ ਹਰਾ ਚਾਰਾ ਭੇਜਿਆ ਗਿਆ ਤੇ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਾਏ ਗਏ। ਮੁਸ਼ਕਲ ਘੜੀ ਵਿੱਚ ਪੰਜਾਬ ਦੀਆਂ ਸਮੂਹ ਧਾਰਮਿਕ ਜਥੇਬੰਦੀਆਂ ਵੀ ਹੜ੍ਹ ਪੀੜ੍ਹਤਾਂ ਦੀ ਤਨਦੇਹੀ ਨਾਲ ਕੰਮ ਕਰ ਰਹੀਆਂ ਹਨ।

## ਵਿਧਾਇਕ ਡਿੰਪੀ ਢਿੱਲੋਂ ਨੇ ਹੜ੍ਹ ਪੀੜਤਾਂ ਦੀ ਮਦਦ ਦੀ ਅਪੀਲ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਹਲਕਾ ਗਿੱਦੜਬਾਹਾ ਦੇ ਸਮੂਹ ਨਿਵਾਸੀਆਂ ਤੋਂ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਇੱਕ ਬੈਂਕ ਅਕਾਊਂਟ ਖੋਲ੍ਹਿਆ ਜਾਵੇਗਾ, ਜਿਸ ਵਿੱਚ ਹਰ ਹਲਕਾ ਨਿਵਾਸੀ ਆਪਣੀ ਸ਼ਰਧਾ ਅਨੁਸਾਰ ਸਹਿਯੋਗ ਪਾ ਸਕੇਗਾ ਤੇ ਇਹ ਪੈਸਾ ਹੜ੍ਹ ਪੀੜਤਾਂ ਦੀ ਮਾਰ ਹੇਠ ਆਏ ਲੋਕਾਂ ਦੇ ਜੀਵਨ ਨੂੰ ਦੁਬਾਰਾ ਬਹਾਲ ਕਰਨ ਲਈ ਹੀ ਵਰਤਿਆ ਜਾਵੇਗਾ।ਉਨ੍ਹਾ ਕਿਹਾ ਕਿ ਅੱਜ ਸਮਾਂ ਹੈ ਕਿ ਸਾਨੂੰ ਸਭ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹੜ੍ਹ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ ਤੇ ਸਾਡਾ ਸਾਰਿਆਂ ਦਾ ਫ਼ਰਜ਼ ਹੈ ਕਿ ਔਖੇ ਸਮੇਂ ਆਪਣੇ ਲੋਕਾਂ ਨਾਲ ਖੜ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਨਿਕਲ ਜਾਣ ਤੋਂ ਬਾਅਦ ਹੜ੍ਹ ਪੀੜਤਾਂ ਨੂੰ ਦੁਬਾਰਾ ਬਹਾਲ ਕਰਨ ਲਈ ਸਹਿਯੋਗ ਦੀ ਜ਼ਿਆਦਾ ਜ਼ਰੂਰਤ ਹੋਵੇਗੀ।ਇਸ ਇਕੱਠੇ ਕੀਤੇ ਪੈਸੇ ਦੇ ਹਿਸਾਬ ਨਾਲ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਨੂੰ ਗੋਦ ਲੈ ਕੇ ਉਨ੍ਹਾਂ ਦੇ ਮੁੜ ਜਨਜੀਵਨ ਨੂੰ ਬਹਾਲ ਕਰਨ ਲਈ ਉਪਰਾਲੇ ਕੀਤੇ ਜਾਣਗੇ ਤੇ ਉਨ੍ਹਾਂ ਪਿੰਡਾਂ ਵਿੱਚ ਜਿਸ ਚੀਜ਼ ਦੀ ਜ਼ਰੂਰਤ ਹੋਵੇਗੀ, ਉਹ ਮੁਹਈਆ ਕਰਾਈ ਜਾਵੇਗੀ।

## ਜਵਾਹਰ ਸਿੰਘ ਵਾਲਾ ਤੋਂ ਭਾਗੀਕੇ ਸੜਕ ਦੀ ਹਾਲਤ ਖਸਤਾ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਜਵਾਹਰ ਸਿੰਘ ਵਾਲਾ ਤੋਂ ਲੈ ਕੇ ਪਿੰਡ ਭਾਗੀਕੇ ਸੜਕ ਦੀ ਹਾਲਤ ਬਹੁਤ ਹੀ ਖਸਤਾ ਬਣੀ ਹੋਈ ਤੇ ਇਸ ਸੜਕ ਉੱਪਰ ਬਹੁਤ ਹੀ ਵੱਡੇ-ਵੱਡੇ ਟੋਏ ਬਣੇ ਹੋਏ ਹਨ, ਪਰ ਸੜਕ ਉੱਪਰ ਕਿਸੇ ਪ੍ਰਸ਼ਾਸਨ ਅਧਿਕਾਰੀ ਜਾਂ ਇਸ ਹਲਕੇ ਵਿੱਚ ਅਨੇਕਾਂ ਵਿਧਾਇਕ ਰਹਿ ਚੁੱਕੇ ਹਨ, ਪਰ ਇਸ ਟੁੱਟੀ ਹੋਈ ਸੜਕ ਵੱਲ ਕਿਸੇ ਪ੍ਰਸ਼ਾਸਨ ਅਧਿਕਾਰੀ ਅਤੇ ਕਿਸੇ ਵਿਧਾਇਕ ਦੀ ਨਿਗ੍ਹਾ ਹੀ ਨਹੀਂ ਪਈ, ਪਰ ਸੜਕ ਉੱਪਰ ਅਨੇਕਾਂ ਹੀ ਵਾਹਨਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਇਸ ਸੜਕ ਉੱਪਰ ਸਕੂਲੀ ਬੱਸਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ ਪਰ ਨਿਹਾਲ ਸਿੰਘ ਵਾਲਾ ਤੋਂ ਤੇ ਪਿੰਡ ਭਾਗੀਕੇ ਦੇ ਸਰਪੰਚ ਸੁਖਦੀਪ ਸਿੰਘ ਸਾਧ ਭਾਗੀਕੇ ਨੇ ਕਿਹਾ ਕਿ ਇਸ ਸੜਕ ਉੱਪਰ ਅਨੇਕਾਂ ਹੀ ਹਾਦਸੇ ਵਾਪਰ ਚੁੱਕੇ ਹਨ, ਪਰ ਪ੍ਰਸ਼ਾਸਨ ਅਧਿਕਾਰੀ ਕਿਸੇ ਵੱਡੇ ਹਾਦਸੇ ਦੇ ਇੰਤਜ਼ਾਰ ਵਿੱਚ ਹਨ। ਸੁਖਦੀਪ ਸਿੰਘ ਸਾਧ ਭਾਗੀਕੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਦਫ਼ਤਰ ਇੰਚਾਰਜ ਦੇ ਪਿੰਡ ਦਾ ਇਹ ਹਾਲ ਹੈ ਤਾਂ ਆਮ ਪਿੰਡਾਂ ਦਾ ਕੀ ਹਾਲ ਹੈ, ਤੁਸੀਂ ਇਸ ਦਾ ਟੁੱਟੀ ਹੋਈ ਸੜਕ ਤੋਂ ਅੰਦਾਜ਼ਾ ਲਾ ਸਕਦੇ ਹੋ। ਸਰਪੰਚ ਸੁਖਦੀਪ ਸਿੰਘ ਸਾਧ ਤੇ ਸਮੂਹ ਗ੍ਰਾਮ ਪੰਚਾਇਤ ਭਾਗੀਕੇ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਤੋਂ ਮੰਗ ਕੀਤੀ ਹੈ ਕਿ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੁ ਕਿਸੇ ਵਿਅਕਤੀ ਦਾ ਜਾਨੀ-ਮਾਲੀ ਨੁਕਸਾਨ ਨਾ ਹੋ ਸਕੇ।

## ਮੌੜ ਦੇ ਖੇਤਾਂ 'ਚ ਲੱਗੀਆਂ ਮੋਟਰਾਂ 'ਚੋਂ ਤਾਂਬਾ ਚੋਰੀ ਕਰਨ ਵਾਲੇ ਗਰੋਹ ਦੇ 4 ਮੈਂਬਰ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਲਾਕ ਮੌੜ ਅਧੀਨ ਆਉਂਦੇ ਪਿੰਡਾਂ ਦੇ ਖੇਤਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਲੱਗੀਆਂ ਮੋਟਰਾਂ ਵਿੱਚੋਂ ਤਾਂਬਾ ਕੱਢਣ ਤੇ ਤੋੜ ਭੰਨ ਕਰਨ ਵਾਲੇ ਵੱਡੇ ਚੋਰ ਗਰੋਹ ਨੇ ਕਿਸਾਨਾਂ ਦੀ ਨੀਂਦ ਉਡਾਂ ਦਿੱਤੀ ਸੀ।ਇਸ ਗਿਰੋਹ ਦਾ ਪਰਦਾਫਾਸ਼ ਪਿੰਡ ਮੌੜ ਕਲਾਂ ਦੇ ਸੁਖਮੰਦਰ ਸਿੰਘ ਪੁੱਤਰ ਟਿੱਕਾ ਸਿੰਘ ਵਾਸੀ ਵਾਰਡ ਨੰਬਰ ਦੋ ਨੇ ਕੀਤਾ, ਜਿਸ ਨੇ ਪੁਲਿਸ ਥਾਣਾ ਮੌੜ ਅੰਦਰ ਗਿਰੋਹ ਦੇ 15 ਮੈਂਬਰਾਂ ਖਿਲਾਫ ਮਾਮਲਾ ਦਰਜ ਕਰਾਇਆ ਹੈ।ਪੁਲਸ ਥਾਣਾ ਮੌੜ ਨੇ ਸੁਖਮੰਦਰ ਸਿੰਘ ਪੁੱਤਰ ਟਿੱਕਾ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਐਫਆਈਆਰ ਨੰਬਰ 146 ਮਿਤੀ 2 ਸੰਤਬਰ ਅੰਡਰ ਸੈਕਸ਼ਨ 303(2), 111 ਬੀਐਨਐਸ 2023 ਤਹਿਤ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ।

ਦੱਸਣਾ ਬਣਦਾ ਹੈ ਕਿ ਪਿਛਲੇ ਡੇਢ ਮਹੀਨੇ ਦੌਰਾਨ ਤਾਬਾ ਚੋਰ ਗ੍ਰੋਹ ਵਲੋਂ ਬਲਾਕ ਮੌੜ ਅਧੀਨ ਆਉਂਦੇ ਪਿੰਡਾਂ ਅੰਦਰ ਖੇਤਾਂ 'ਚੋਂ 70 ਤੋਂ 80 ਦੇ ਕਰੀਬ ਮੋਟਰਾਂ ਦੀ ਭੰਨ ਤੋੜ ਕਰਕੇ ਤਾਂਬਾ ਕੱਢ ਕੇ ਲੈ ਗਏ ਸਨ ਤੇ ਪਿੰਡਾਂ ਅੰਦਰ ਹਾਹਾਕਾਰ ਮੱਚੀ ਹੋਈ ਸੀ। ਥਾਣੇ ਅੰਦਰ ਮੌਜੂਦ ਵੱਖ-ਵੱਖ ਪਿੰਡਾਂ ਤੋਂ ਆਏ ਕਿਸਾਨਾਂ ਨੇ ਆਪਣੀ ਦੁੱਖ ਭਰੀ ਕਹਾਣੀ ਦੱਸਦਿਆਂ ਕਿਹਾ ਕਿ ਇੱਕ ਤਾਂ ਕੁਦਰਤ ਦਾ ਕਹਿਰ ਉਨ੍ਹਾਂ ਉੱਪਰ ਟੁੱਟਿਆ ਹੋਇਆ ਹੈ। ਦੂਜਾ, ਇਸ ਚੋਰ ਗਰੋਹ ਨੇ ਕਿਸਾਨਾਂ ਦੀ ਨੀਂਦ ਹਰਾਮ ਕਰ ਦਿੱਤੀ। ਪੁਲਿਸ ਥਾਣਾ ਮੌੜ ਕੋਲ ਸੁਖਮੰਦਰ ਸਿੰਘ ਪੁੱਤਰ ਦੇਵਾ ਸਿੰਘ ਬਾਸੀ ਮੌੜ ਕਲਾਂ ਨੇ ਆਪਣਾ ਬਿਆਨ ਲਿਖਾਉਂਦਿਆਂ ਕਿਹਾ ਕਿ ਉਹ। ਖੇਤੀਬਾੜੀ ਦਾ ਕੰਮ ਕਰਦਾ ਹੈ ਤੇ ਉਸਦੇ ਖੇਤ ਕਾਲੇ ਥਾਲੇ ਵਾਲੇ ਰਾਹ ਤੇ 14 ਕਿੱਲੇ ਜ਼ਮੀਨ ਹੈ, ਜਿੱਥੇ 15 ਹਰਸ ਪਾਵਰ ਦੀ ਮੋਟਰ ਤੇ 25 ਹਰਸ਼ ਪਾਵਰ ਦਾ ਟਰਾਂਸਫਾਰਮਰ ਲੱਗਿਆ ਹੋਇਆ ਹੈ।ਉਨ੍ਹਾਂ ਦੱਸਿਆ ਕਿ 30-31 ਦੀ ਦਰਮਿਆਨੀ ਰਾਤ ਨੂੰ ਉਸ ਦੇ ਖੇਤਾਂ ਵਿੱਚੋਂ ਮੋਟਰ ਨੂੰ ਚਲਾਉਣ ਲਈ ਸਟਾਰਟਰ ਤੋਂ ਮੋਟਰ ਤੱਕ 100 ਫੁੱਟ ਤਾਰ ਪਾਈ ਹੋਈ ਸੀ, ਜੋ ਗੱਗੀ ਦੀਪ ਸਿੰਘ ਪ੍ਰੇਮ ਕੁਮਾਰ, ਗੁਰਪਾਲ ਸਿੰਘ, ਬੂਟਾ ਸਿੰਘ ਤੇ ਪੰਜ-ਛੇ ਨਾਮਲੂਮ ਆਦਮੀਆਂ ਨੇ ਚੋਰੀ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਗਿਰੋਹ ਨੇ ਉਨ੍ਹਾਂ ਤੋਂ ਇਲਾਵਾ ਆਸ-ਪਾਸ ਦੇ ਹੋਰ ਖੇਤਾਂ ਵਿੱਚੋਂ ਵੀ ਕਾਫੀ ਮੋਟਰਾਂ ਦਾ ਤਾਂਬਾ ਚੋਰੀ ਕੀਤਾ ਹੈ।ਉਨ੍ਹਾਂ ਦੱਸਿਆ ਕਿ ਮੋਟਰਾਂ ਤੇ ਲੱਗੇ ਟਰਾਂਸਫਰਾਂ ਤੋਂ ਭੰਨ ਤੋੜ ਕਰਕੇ ਭਾਰੀ ਮਾਤਰਾ ਵਿੱਚ ਤਾਂਬਾ ਚੋਰੀ ਕੀਤਾ ਹੈ।ਉਹ ਗਰੋਹ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪੁਲਸ ਵੱਲੋਂ ਦੱਸਣ ਮੁਤਾਬਕ ਗਿਰੋਹ ਦੇ 15 ਮੈਂਬਰਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 5 ਮੈਂਬਰ ਨਾਮਾਲੂਮ ਹਨ। ਗਿਰੋਹ ਦੇ 4 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਬਰਸਾਤ ਕਾਰਨ ਰੇਲਵੇ ਪੁਲਾਂ ਨੂੰ ਨੁਕਸਾਨ, ਕਈ ਟਰੇਨਾਂ ਰੱਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੰਮੂ ਤੇ ਫ਼ਿਰੋਜ਼ਪੁਰ ਡਵੀਜ਼ਨਾਂ 'ਤੇ ਰੇਲਵੇ ਦੇ ਪੁਲਾਂ ਨੂੰ ਨੁਕਸਾਨ ਪਹੁੰਚਣ ਕਾਰਨ ਕਈ ਟਰੇਨਾਂ ਨੂੰ ਰੱਦ ਕਰਨਾ ਪਿਆ ਹੈ। ਇਸ ਦਾ ਮੁੱਖ ਕਾਰਨ ਮਾਨਸੂਨ ਦੌਰਾਨ ਹੋਈ ਭਾਰੀ ਬਾਰਸ਼ ਹੈ, ਜਿਸ ਨੇ ਰੇਲਵੇ ਦੇ ਬੁਨਿਆਦੀ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਜੰਮੂ ਡਿਵੀਜ਼ਨ ਵਿੱਚ, ਕਠੂਆ ਅਤੇ ਮਾਧੋਪੁਰ ਵਿਚਕਾਰ ਪੁਲ ਨੰਬਰ 17 'ਤੇ 'ਮਿਸਲਾਈਨਮੈਂਟ' ਦੇਖੀ ਗਈ ਹੈ। ਇਸ ਤੋਂ ਇਲਾਵਾ, ਹੀਰਾ ਨਗਰ ਤੇ ਘਗਵਾਲ ਵਿਚਕਾਰ ਪੁਲ ਨੰਬਰ 137 ਦਾ ਇਕ 'ਪਿਅਰ' ਵੀ ਇਕ ਪਾਸੇ ਨੂੰ ਝੁਕ ਗਿਆ ਹੈ, ਜਿਸ ਕਾਰਨ ਉਸ ਰੂਟ 'ਤੇ ਰੇਲਾਂ ਦਾ ਸੰਚਾਲਨ ਖਤਰੇ ਵਿਚ ਪੈ ਗਿਆ ਹੈ। ਦੂਜੇ ਪਾਸੇ ਫ਼ਿਰੋਜ਼ਪੁਰ ਡਵੀਜ਼ਨ ਵਿੱਚ ਗਿੱਦੜਪਿੰਡੀ ਤੇ ਮਖੂ ਦੇ ਵਿਚਕਾਰ ਪੁਲ ਨੰਬਰ 84 'ਤੇ ਪਾਣੀ ਖਤਰੇ ਦੇ ਨਿਸ਼ਾਨ ਨੂੰ ਛੂਹ ਰਿਹਾ ਹੈ। ਇਨ੍ਹਾਂ ਸਾਰੀਆਂ ਸਥਿਤੀਆਂ ਦੇ ਮੱਦੇਨਜ਼ਰ, ਰੇਲਵੇ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੁਝ ਰੇਲ ਗੱਡੀਆਂ ਨੂੰ ਰੱਦ ਕਰਨ ਜਾਂ ਉਨ੍ਹਾਂ ਦੇ ਰੂਟਾਂ ਵਿਚ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ। ਇਸ ਪ੍ਰਬੰਧ ਤਹਿਤ 02.09.2025 ਨੂੰ ਚੱਲਣ ਵਾਲੀਆਂ ਕੁਝ ਰੇਲ ਗੱਡੀਆਂ ਦੀ ਸੂਚੀ ਦਿੱਤੀ ਗਈ ਹੈ, ਜੋ ਰੱਦ ਕੀਤੀਆਂ ਗਈਆਂ ਹਨ ਜਾਂ ਜਿਨ੍ਹਾਂ ਨੂੰ ਆਪਣੇ ਮੰਜ਼ਲ ਸਟੇਸ਼ਨ ਤੋਂ ਪਹਿਲਾਂ ਹੀ ਰੋਕਿਆ ਗਿਆ ਹੈ। ਰੇਲ ਗੱਡੀਆਂ ਨੰਬਰ 74907/06 ਤੇ 74909/10 (ਪਠਾਨਕੋਟ ਜੰਕਸ਼ਨ-ਸ਼ਹੀਦ ਕੈਪਟਨ ਤੁਸ਼ਾਰ ਮਹਾਜਨ-ਪਠਾਨਕੋਟ ਜੰਕਸ਼ਨ) ਪੂਰੀ ਤਰ੍ਹਾਂ ਰੱਦ ਕੀਤੀਆਂ ਗਈਆਂ ਹਨ। ਰੇਲ ਗੱਡੀਆਂ ਨੰਬਰ 74934, 74931, 74933, 74935 ਤੇ 54643 ਨੂੰ ਉਨ੍ਹਾਂ ਦੇ ਨਿਰਧਾਰਿਤ ਸਥਾਨ ਤੋਂ ਪਹਿਲਾਂ ਹੀ ਰੋਕ ਦਿੱਤਾ ਗਿਆ ਹੈ ਅਤੇ ਅਗਲੇ ਸਟੇਸ਼ਨਾਂ ਵਿਚਕਾਰ ਉਨ੍ਹਾਂ ਦੀ ਯਾਤਰਾ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ, ਰੇਲ ਗੱਡੀਆਂ ਨੰਬਰ 54644, 74936 ਤੇ 74938 ਨੂੰ ਫ਼ਿਰੋਜ਼ਪੁਰ ਕੈਂਟ ਦੀ ਬਜਾਏ ਲੋਹੀਆਂ ਖ਼ਾਸ ਜੰਕਸ਼ਨ ਤੋਂ ਹੀ ਸ਼ੁਰੂ ਕੀਤਾ ਗਿਆ ਹੈ ਤੇ ਉਨ੍ਹਾਂ ਦਾ ਪਹਿਲਾਂ ਵਾਲਾ ਰੂਟ ਰੱਦ ਕਰ ਦਿੱਤਾ ਗਿਆ ਹੈ।

## ਮੁੱਖ ਮੰਤਰੀ ਰਾਹਤ ਫੰਡ ਵਾਸਤੇ ਇੱਕ ਲੱਖ ਰੁਪਏ ਦੀ ਰਾਸ਼ੀ ਭੇਟ




**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਵਿੱਚ ਹੜ੍ਹਾਂ ਦਾ ਕਹਿਰ ਜਾਰੀ ਹੈ, ਜਿਸ ਕਾਰਨ ਖਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਤੇ ਇਸ ਨੁਕਸਾਨ ਕਾਰਨ ਪ੍ਰਭਾਵਤ ਹੋਏ ਪਰਵਾਰਾਂ ਦੇ ਮੁੜ ਵਸੇਬੇ ਵਾਸਤੇ ਪੰਜਾਬ ਦੇ ਹਰੇਕ ਪਰਿਵਾਰ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚ ਆਪਣਾ ਬਣਦਾ ਯੋਗਦਾਨ ਦੇਣਾ ਚਾਹੀਦਾ ਹੈ ਤਾਂ ਜੁ ਹੜ੍ਹਾਂ ਕਾਰਨ ਪ੍ਰਭਾਵਤ ਹੋਏ ਇਨ੍ਹਾਂ ਪਰਵਾਰਾਂ ਦੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਹੋ ਸਕਣ। ਇਸ ਗੱਲ ਦਾ ਪ੍ਰਗਟਾਵਾ ਐਡਵੋਕੇਟ ਰਜਨੀਸ਼ ਦਹੀਆ ਐੱਮ.ਐੱਲ.ਏ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਕੀਤਾ। ਉਹ ਇਥੇ ਆਪਣੀ ਟੀਮ ਨਾਲ ਹੜ੍ਹ ਨਾਲ ਪ੍ਰਭਾਵਤ ਹੋਏ ਸਰਹੱਦੀ ਪਿੰਡਾਂ ਦੇ ਲੋਕਾਂ ਵਾਸਤੇ ਜ਼ਰੂਰਤ ਦਾ ਸਮਾਨ ਲੈ ਕੇ ਆਏ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਵੀ ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਯੋਗਦਾਨ ਪਾਉਂਦਿਆਂ ਇੱਕ ਲੱਖ ਦੀ ਸਹਾਇਤਾ ਦਾ ਚੈੱਕ ਦਿੱਤਾ ਗਿਆ ਹੈ।

## ਪੰਜਾਬ ਦੇ ਰਾਜਪਾਲ ਵੱਲੋਂ ਫ਼ਿਰੋਜ਼ਪੁਰ 'ਚ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸਵੇਰੇ ਫ਼ਿਰੋਜ਼ਪੁਰ ਦਾ ਦੌਰਾ ਕੀਤਾ ਤਾਂ ਜੁ ਹੜ੍ਹ ਕਾਰਨ ਪੈਦਾ ਹੋਈ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ। ਰਾਜਪਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹੜ੍ਹ ਪੀੜਤਾਂ ਤੱਕ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਹਾਇਤਾ ਪੁਚਾਈ ਜਾਵੇ। ਉਨ੍ਹਾਂ ਜ਼ੋਰ ਦਿੱਤਾ ਕਿ ਪ੍ਰਭਾਵਤ ਪਰਵਾਰਾਂ ਦੇ ਮੁੜ-ਵਸੇਬੇ ਲਈ ਯੋਜਨਾਬੱਧ ਤਰੀਕੇ ਨਾਲ ਕਦਮ ਚੁੱਕੇ ਜਾਣ ਤੇ ਉਨ੍ਹਾਂ ਨੂੰ ਲੋੜੀਂਦੀਆਂ ਜ਼ਰੂਰੀ ਵਸਤਾਂ ਜਿਵੇਂ ਕਿ ਭੋਜਨ, ਪਾਣੀ, ਦਵਾਈਆਂ ਤੇ ਰਹਿਣ ਦੀਆਂ ਥਾਂਵਾਂ ਤੁਰੰਤ ਮੁਹੱਈਆ ਕਰਾਈਆਂ ਜਾਣ। ਰਾਜਪਾਲ ਨੇ ਕਿਹਾ ਕਿ ਇਹ ਸਮਾਂ ਸਿਆਸਤ ਦਾ ਨਹੀਂ, ਸਗੋਂ ਸੇਵਾ ਦਾ ਹੈ ਅਤੇ ਸਰਕਾਰ ਹਰ ਪੀੜਤ ਨਾਲ ਖੜੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਉਹ ਆਪਸੀ ਤਾਲਮੇਲ ਨੂੰ ਮਜਬੂਤ ਕਰਨ ਤਾਂ ਜੁ ਰਾਹਤ ਕਾਰਜਾਂ ਵਿਚ ਕਿਸੇ ਕਿਸਮ ਦੀ ਦੇਰੀ ਨਾ ਹੋਵੇ। ਮੀਟਿੰਗ 'ਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਅੰਦਾਜ਼ੇ ਬਾਰੇ ਵੀ ਚਰਚਾ ਕੀਤੀ ਗਈ, ਜਿਸ ਵਿੱਚ ਫ਼ਸਲਾਂ, ਘਰਾਂ ਤੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ। ਰਾਜਪਾਲ ਨੇ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਵੱਲੋਂ ਵੀ ਪੰਜਾਬ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ। ਇਸ ਦੌਰਾਨ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੇ ਰਾਜਪਾਲ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਰਾਹਤ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰ ਰਿਹਾ ਹੈ।

## ਬਿਨਾਂ ਰੇਲ ਟਿਕਟ ਸਫ਼ਰ ਕਰਨ ਵਾਲਿਆਂ 'ਤੇ ਵਿਭਾਗ ਨੇ ਕੱਸਿਆ ਸ਼ਿਕੰਜਾ

### 37133 ਬਿਨਾਂ ਟਿਕਟ ਯਾਤਰੀਆਂ ਤੋਂ 2.17 ਕਰੋੜ ਰੁਪਏ ਜੁਰਮਾਨਾ ਵਸੂਲ ਕੀਤਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਰੇਲ ਗੱਡੀਆਂ 'ਚ ਅਣਅਧਿਕਾਰਤ ਸਫ਼ਰ ਕਰਨ ਵਾਲੇ ਯਾਤਰੀਆਂ ਦੇ ਰੁਝਾਨ ਨੂੰ ਰੋਕਣ ਲਈ ਫ਼ਿਰੋਜ਼ਪੁਰ ਡਵੀਜ਼ਨ ਦੀ ਟਿਕਟ ਚੈਕਿੰਗ ਟੀਮ ਲਗਾਤਾਰ ਰੇਲ ਗੱਡੀਆਂ ਵਿਚ ਟਿਕਟਾਂ ਦੀ ਚੈਕਿੰਗ ਕਰ ਰਹੀ ਹੈ, ਜਿਸਦੇ ਚੱਲਦੇ ਡਵੀਜ਼ਨ ਦੇ ਟਿਕਟ ਚੈਕਿੰਗ ਸਟਾਫ਼ ਤੇ ਚੀਫ਼ ਟਿਕਟ ਇੰਸਪੈਕਟਰਾਂ ਵਲੋਂ ਅਗਸਤ 2025 ਦੌਰਾਨ ਰੇਲ ਗੱਡੀਆਂ ਦੀ ਚੈਕਿੰਗ ਦੌਰਾਨ ਕੁੱਲ 37133 ਯਾਤਰੀਆਂ ਨੂੰ ਬਿਨਾਂ ਟਿਕਟ ਸਫ਼ਰ ਕਰਦੇ ਕਾਬੂ ਕਰਕੇ ਕੀਤਾ ਤੇ ਉਨ੍ਹਾਂ ਤੋਂ ਜੁਰਮਾਨੇ ਵਜੋਂ ਲਗਭਗ 2.17 ਕਰੋੜ ਰੁਪਏ ਦੀ ਆਮਦਨ ਵਸੂਲੀ ਕੀਤੀ ਗਈ। ਇਸ ਨਾਲ ਫ਼ਿਰੋਜ਼ਪੁਰ ਡਵੀਜ਼ਨ ਦੀ ਆਮਦਨ ਵਿਚ ਵਾਧਾ ਹੋਇਆ ਹੈ, ਜੋ ਟਿਕਟ ਚੈਕਿੰਗ ਸਟਾਫ਼ ਵੱਲੋਂ ਕੀਤਾ ਗਿਆ ਸ਼ਲਾਘਾਯੋਗ ਕੰਮ ਹੈ।



ਰੇਲਵੇ ਅਧਿਕਾਰੀਆਂ ਨੇ ਰੇਲ ਗੱਡੀਆਂ ਵਿੱਚ ਯਾਤਰੀਆਂ ਦੇ ਅਣਅਧਿਕਾਰਤ ਦਾਖਲੇ ਨੂੰ ਰੋਕਣ ਲਈ ਲਗਾਤਾਰ ਅਚਨਚੇਤ ਟਿਕਟ ਚੈਕਿੰਗ ਮੁਹਿੰਮਾਂ ਵੀ ਚਲਾਈਆਂ ਹੋਈਆਂ ਸਨ, ਜਿਸ ਵਿੱਚ ਯਾਤਰੀਆਂ ਨੂੰ ਸਹੀ ਟਿਕਟਾਂ ਨਾਲ ਰੇਲ ਗੱਡੀਆਂ ਵਿਚ ਸਫ਼ਰ ਕਰਨ ਦੀ ਸਲਾਹ ਦਿੱਤੀ ਗਈ। ਡਵੀਜ਼ਨ ਦੇ ਰੇਲਵੇ ਸਟੇਸ਼ਨਾਂ ਨੂੰ ਸਾਫ਼ ਸੁਥਰਾ ਰੱਖਣ ਅਤੇ ਆਮ ਲੋਕਾਂ ਨੂੰ ਸਟੇਸ਼ਨਾਂ 'ਤੇ ਕੂੜਾ ਸੁੱਟਣ ਤੋਂ ਰੋਕਣ ਅਤੇ ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ ਡਵੀਜ਼ਨ ਦੇ ਮੁੱਖ ਸਟੇਸ਼ਨਾਂ 'ਤੇ ਨਿਯਮਤ ਤੌਰ 'ਤੇ ਚੈਕਿੰਗ ਕੀਤੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਅਗਸਤ ਮਹੀਨੇ ਦੌਰਾਨ ਸਟੇਸ਼ਨ ਕੰਪਲੈਕਸ (ਐਂਟੀ ਲਿਟਰਿੰਗ ਐਕਟ) 'ਚ ਕੂੜਾ ਸੁੱਟਣ ਵਾਲੇ 487 ਯਾਤਰੀਆਂ ਤੋਂ 87 ਹਜ਼ਾਰ ਰੁਪਏ ਦੀ ਵਸੂਲੀ ਕੀਤੀ ਗਈ। ਇਸ ਤੋਂ ਇਲਾਵਾ ਰੇਲਵੇ ਯਾਤਰੀਆਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ ਸਮੇਂ-ਸਮੇਂ 'ਤੇ ਸਫ਼ਾਈ ਮੁਹਿੰਮ ਵੀ ਚਲਾਈ ਜਾਂਦੀ ਹੈ। ਡਵੀਜ਼ਨਲ ਰੇਲਵੇ ਮੈਨੇਜਰ ਸੰਜੀਵ ਕੁਮਾਰ ਨੇ ਦੱਸਿਆ ਕਿ ਫ਼ਿਰੋਜ਼ਪੁਰ ਡਵੀਜ਼ਨ ਵਿਚ ਟਿਕਟ ਚੈਕਿੰਗ ਮੁਹਿੰਮ ਜਾਰੀ ਰਹੇਗੀ, ਕਿਉਂਕਿ ਟਿਕਟ ਚੈਕਿੰਗ ਦਾ ਮੁੱਖ ਉਦੇਸ਼ ਰੇਲਵੇ ਟਿਕਟਾਂ ਦੀ ਵਿਕਰੀ ਵਿੱਚ ਸੁਧਾਰ ਕਰਨਾ ਹੈ ਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਯਾਤਰੀ ਬਿਨਾਂ ਟਿਕਟ ਯਾਤਰਾ ਨਾ ਕਰੇ, ਭਾਵ ਫ਼ਿਰੋਜ਼ਪੁਰ ਡਵੀਜ਼ਨ ਵਿੱਚ ਜ਼ੀਰੋ ਟਿਕਟ ਰਹਿਤ ਯਾਤਰਾ ਦਾ ਟੀਚਾ ਮਿੱਥਿਆ ਗਿਆ ਹੈ। ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਕਿਹਾ ਕਿ ਰੇਲਵੇ ਮਾਲੀਏ ਵਿੱਚ ਵਾਧਾ ਕਰਨ ਦੇ ਨਾਲ-ਨਾਲ ਫ਼ਿਰੋਜ਼ਪੁਰ ਡਵੀਜ਼ਨ ਦਾ ਟਿਕਟ ਚੈਕਿੰਗ ਸਟਾਫ਼ ਮੁਸਾਫ਼ਰਾਂ ਦੀ ਮਦਦ ਕਰਕੇ ਸਮੇਂ-ਸਮੇਂ 'ਤੇ ਸਮਰਪਤ ਟਿਕਟ ਚੈਕਿੰਗ ਸਟਾਫ਼ ਦਾ ਮਨੋਬਲ ਵਧਾਉਂਦਾ ਹੈ।

ਉਨ੍ਹਾਂ ਕਿਹਾ ਕਿ ਬਿਨਾਂ ਟਿਕਟ ਤੇ ਅਨਿਯਮਿਤ ਯਾਤਰਾ ਤੇ ਗੰਦਗੀ ਫੈਲਾਉਣ ਤੋਂ ਰੋਕਣ ਲਈ, ਰੇਲਵੇ ਯਾਤਰੀਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਨਿਰੰਤਰ ਮੁਹਿੰਮਾਂ ਚਲਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ।

## ...ਸਫ਼ਾ 1 ਦੇ ਬਾਕੀ

### ਚੀਨ ਨੇ ਫੌਜੀ ...

ਗਿਆ। ਪ੍ਰੋਗਰਾਮ ਦੀ ਸਮਾਪਤੀ ਹੈਲੀਕਾਪਟਰਾਂ ਤੇ ਫਾਈਟਰ ਜੈੱਟਾਂ ਦੇ ਫਲਾਈਓਵਰ ਤੇ 80 ਹਜ਼ਾਰ ਅਮਨ ਦੀਆਂ ਘੁੱਗੀਆਂ ਉਡਾਉਣ ਨਾਲ ਹੋਈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖਿਝ ਕੇ ਪ੍ਰਤੀਕਿਰਿਆ ਕੀਤੀ ਹੈ ਕਿ ਜਿਨਪਿੰਗ ਪੁਤਿਨ ਤੇ ਕਿਮ ਨਾਲ ਮਿਲ ਕੇ ਅਮਰੀਕਾ ਖਿਲਾਫ ਗੋਂਦਾਂ ਗੁੰਦ ਰਹੇ ਹਨ। ਉਨ੍ਹਾ ਕਿਹਾ ਕਿ ਚੀਨ ਦੀ ਆਜ਼ਾਦੀ ਲਈ ਜੰਗ ਵਿੱਚ ਅਮਰੀਕਾ ਨੇ ਵੀ ਖੂਨ ਵਹਾਇਆ ਸੀ।

ਟਰੰਪ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਉਹ ਪਰੇਡ ਨੂੰ ਅਮਰੀਕਾ ਲਈ ਚੁਣੌਤੀ ਨਹੀਂ ਮੰਨਦੇ। ਜਾਪਾਨ ਦੇ ਉੱਚ ਸਰਕਾਰੀ ਬੁਲਾਰੇ ਨੇ ਪਰੇਡ 'ਤੇ ਟਿੱਪਣੀ ਨਹੀਂ ਕੀਤੀ, ਪਰ ਕਿਹਾ ਕਿ ਏਸ਼ੀਆ ਦੇ ਦੋ ਸਭ ਤੋਂ ਵੱਡੇ ਅਰਥਚਾਰੇ ਰਚਨਾਤਮਕ ਰਿਸ਼ਤੇ ਬਣਾ ਰਹੇ ਹਨ। ਪਰੇਡ ਦੇਖਣ ਵਾਲਿਆਂ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਦੇ ਨਾਲ ਸੈਨਾ ਮੁਖੀ ਅਸੀਮ ਮੁਨੀਰ, ਮਿਆਂਮਾਰ ਦੇ ਮਿਲਟਰੀ ਚੀਫ ਔਂਗ ਹਲੈਂਗ, ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਅਨ, ਮੰਗੋਲੀਆ ਦੇ ਰਾਸ਼ਟਰਪਤੀ ਖੁਰੇਲਸੁਖ ਉਖਨਾ, ਉਜ਼ਬੇਕ ਰਾਸ਼ਟਰਪਤੀ ਸ਼ਵਕਤ ਮਿਰਜ਼ੀਯੋਯੇਵ ਤੇ ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸ਼ੇਂਕੋ, ਵੀਅਤਨਾਮ ਦੇ ਰਾਸ਼ਟਰਪਤੀ ਲੁਓਂਗ ਕੁਓਂਗ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹੀਮ, ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ, ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ, ਜ਼ਿੰਬਾਬਵੇ ਦੇ ਰਾਸ਼ਟਰਪਤੀ ਐਮਰਸਨ ਐਮਨੰਗਾਗਵਾ, ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਬੋਵੋ ਸੁਬੀਅੰਤੋ ਸ਼ਾਮਲ ਸਨ। ਹਾਲਾਂਕਿ ਪੱਛਮ ਦੇ ਬਹੁਤੇ ਆਗੂ ਨਹੀਂ ਆਏ, ਪਰ ਸਲੋਵਾਕ ਦੇ ਪ੍ਰਧਾਨ ਮੰਤਰੀ ਰੌਬਰਟ ਫੀਕੋ ਤੇ ਸਰਬੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੂਕਿਕ ਪਹੁੰਚੇ। ਸਲੋਵਾਕੀਆ ਯੂਰਪੀ ਯੂਨੀਅਨ ਤੇ ਨਾਟੋ ਦਾ ਮੈਂਬਰ ਹੈ, ਪਰ ਫੀਕੋ ਦੇ ਰੂਸ ਨਾਲ ਸੰਬੰਧ ਸੁਧਰ ਰਹੇ ਹਨ ਤੇ ਫੀਕੋ ਪਿਛਲੇ ਸਾਲ ਦਸੰਬਰ ਵਿੱਚ ਮਾਸਕੋ ਵੀ ਗਏ ਸਨ। ਵੂਕਿਕ ਯੂਕਰੇਨ ਜੰਗ ਕਾਰਨ ਰੂਸ 'ਤੇ ਪਾਬੰਦੀਆਂ ਦੇ ਵਿਰੋਧੀ ਹਨ ਤੇ ਉਹ ਹਾਲ ਹੀ ਵਿੱਚ ਮਾਸਕੋ ਗਏ ਸਨ।

### ਪੁਤਿਨ-ਕਿਮ...

ਰਣਨੀਤਕ ਭਾਈਵਾਲੀ ਸਮਝੌਤੇ 'ਤੇ ਹਸਤਾਖਰ ਕੀਤੇ ਸਨ। ਹਾਲਾਂਕਿ ਖਾਸ ਤੌਰ 'ਤੇ ਜੰਗ ਦਾ ਜ਼ਿਕਰ ਨਾ ਕਰਦਿਆਂ ਕਿਮ ਨੇ ਜ਼ੋਰ ਦੇ ਕੇ ਕਿਹਾ, 'ਜੇ ਮੈਂ ਤੁਹਾਡੇ ਅਤੇ ਰੂਸ ਦੇ ਲੋਕਾਂ ਲਈ ਕੁਝ ਕਰ ਸਕਦਾ ਹਾਂ, ਜੇ ਹੋਰ ਕੁਝ ਕਰਨ ਦੀ ਲੋੜ ਹੈ, ਤਾਂ ਮੈਂ ਇਸ ਨੂੰ ਇੱਕ ਭਾਈਚਾਰਕ ਫਰਜ਼, ਇੱਕ ਜ਼ਿੰਮੇਵਾਰੀ ਸਮਝਾਂਗਾ ਅਤੇ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਤਿਆਰ ਰਹਾਂਗਾ।' ਪਹਿਲੀ ਵਾਰ ਹੈ, ਜਦੋਂ ਕਿਮ ਨੇ ਆਪਣੇ 14 ਸਾਲਾਂ ਦੇ ਸ਼ਾਸਨ ਦੌਰਾਨ ਕਿਸੇ ਵੱਡੇ ਬਹੁ-ਪੱਖੀ ਸਮਾਗਮ ਵਿੱਚ ਸ਼ਿਰਕਤ ਕੀਤੀ ਹੈ ਅਤੇ ਇਹ ਪਹਿਲੀ ਵਾਰ ਹੈ, ਜਦੋਂ ਕਿਮ, ਪੁਤਿਨ ਅਤੇ ਚੀਨੀ ਨੇਤਾ ਸ਼ੀ ਜਿਨਪਿੰਗ ਇੱਕੋ ਥਾਂ 'ਤੇ ਇਕੱਠੇ ਹੋਏ ਹਨ।

### ਕੇਂਦਰ ਪੰਜਾਬ ਦੇ ਹੜ੍ਹਾਂ ...

ਮੋਦੀ ਸਰਕਾਰ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨੇ, ਤਾਂ ਕਿ ਕੌਮੀ ਰਾਹਤ ਫੰਡ ਵਿੱਚੋਂ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉਡਤ ਨੇ ਜੋਸ਼ੀਲੇ ਭਾਸ਼ਣ ਰਾਹੀਂ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਕੋਸਦਿਆਂ ਕਿਹਾ ਕਿ ਦੋਵੇਂ ਸਰਕਾਰਾਂ ਲਗਾਤਾਰ ਮਨਰੇਗਾ ਕਾਨੂੰਨ ਕਮਜ਼ੋਰ ਕਰਨ ਦੇ ਕੋਝੇ ਯਤਨ ਕਰ ਰਹੀਆਂ ਹਨ।ਪਿਛਲੇ ਸਾਲ ਘਟਾਏ ਬਜਟ ਕਾਰਨ ਕਾਮਿਆਂ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ, ਹੁਣ ਮਨਰੇਗਾ ਕੰਮਾਂ ਵਿੱਚ ਕਟੌਤੀ ਕਰਕੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਗਈ ਹੈ, ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਰਾਸ਼ਨ ਕਾਰਡ ਬਹਾਲ ਕਰਨ, ਦਿਹਾੜੀ ਇੱਕ ਹਜ਼ਾਰ ਰੁਪਏ, ਦੋ ਸੌ ਦਿਨ ਕੰਮ ਦੇਣ, ਪੈਨਸ਼ਨ ਘੱਟੋ-ਘੱਟ 6 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਮੰਗ ਵੀ ਕੀਤੀ।

ਇਸ ਮੌਕੇ ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ, ਦਲਜੀਤ ਸਿੰਘ ਮਾਨਸ਼ਾਹੀਆ, ਸੀ ਪੀ ਆਈ ਆਗੂ ਵੇਦ ਪ੍ਰਕਾਸ਼ ਬੁਢਲਾਡਾ, ਸੀਤਾ ਰਾਮ ਗੋਬਿੰਦਪੁਰਾ, ਕੇਵਲ ਸਿੰਘ ਸਮਾਓ, ਖੇਤ ਮਜ਼ਦੂਰ ਸਭਾ ਤੇ ਏਟਕ ਦੇ ਕਰਨੈਲ ਸਿੰਘ ਭੀਖੀ, ਜਗਸੀਰ ਸਿੰਘ ਰਾਏਕੇ, ਦੁਕਾਨਦਾਰ ਆਗੂ ਰਤਨ ਭੋਲਾ ਨੇ ਮਜ਼ਦੂਰਾਂ ਦੀਆਂ ਮੰਗਾਂ ਦੀ ਹਮਾਇਤ ਕਰਦਿਆਂ ਕਿਸਾਨ, ਮਜ਼ਦੂਰ, ਦੁਕਾਨਦਾਰ ਤੇ ਮੁਲਾਜ਼ਮਾਂ ਦੀ ਏਕਤਾ ਨੂੰ ਮਜ਼ਬੂਤ ਕਰਕੇ ਸਾਂਝੇ ਸੰਘਰਸ਼ਾਂ ਲਈ ਤਿਆਰ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ।

ਹੋਰਨਾਂ ਤੋਂ ਇਲਾਵਾ ਹਰਮੀਤ ਸਿੰਘ ਬੋੜਾਵਾਲ, ਕਰਨੈਲ ਸਿੰਘ ਦਾਤੇਵਾਸ, ਪਵਨ ਕੁਮਾਰ ਬੁਢਲਾਡਾ, ਹਰਦਿਆਲ ਸਿੰਘ ਬੁਢਲਾਡਾ, ਜੱਗਾ ਸ਼ੇਰ ਖਾਂ ਵਾਲਾ, ਬੰਬੂ ਸਿੰਘ, ਗੁਰਦੇਵ ਦਲੇਲ ਸਿੰਘ ਵਾਲਾ, ਕਪੂਰ ਸਿੰਘ ਕੋਟ ਲੱਲੂ, ਬੂਟਾ ਸਿੰਘ ਬਰਨਾਲਾ, ਸੁਖਦੇਵ ਪੰਧੇਰ, ਮਨਜੀਤ ਕੌਰ ਦਲੇਲ ਸਿੰਘ ਵਾਲਾ, ਧੰਨਾ ਬੱਪੀਆਣਾ, ਮੱਘਰ ਸਿੰਘ ਮੀਰਪੁਰ, ਗੁਰਪਿਆਰ ਫੱਤਾ, ਸ਼ੰਕਰ ਜਟਾਣਾ, ਬਲਦੇਵ ਦੂਲੋਵਾਲ, ਦੇਸ ਰਾਜ ਕੋਟ ਧਰਮੂ, ਬੂਟਾ ਬਾਜੇ ਵਾਲਾ, ਰਾਜ ਧਿੰਗੜ, ਗੁਰਤੇਜ ਚਹਿਲਾਂ ਵਾਲਾ, ਜਗਰੂਪ ਸੱਦਾ ਸਿੰਘ ਵਾਲਾ ਆਦਿ ਆਗੂਆਂ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।

## ਹੜ੍ਹ ਮਾਰੇ ਪਿੰਡਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਪੰਚਾਇਤ ਵਿਭਾਗ ਨੂੰ ਦਿੱਤੀਆਂ 11 ਫੌਗਿੰਗ ਮਸ਼ੀਨਾਂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੱਛਰ ਤੇ ਮੱਖੀਆਂ ਤੋਂ ਕੋਈ ਬਿਮਾਰੀ ਨਾ ਫੈਲੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਹਿਤਿਆਤ ਵਰਤਦਿਆਂ ਅਗੇਤੇ ਹੀ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਹਨ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰੈੱਡ ਕਰਾਸ ਦੇ ਸਹਿਯੋਗ ਨਾਲ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ 11 ਫੌਗਿੰਗ ਮਸ਼ੀਨਾਂ ਲੈ ਕੇ ਦਿੱਤੀਆਂ ਗਈਆਂ ਹਨ ਜੋ ਪਿੰਡ-ਪਿੰਡ ਜਾ ਕੇ ਫੌਗਿੰਗ ਕਰਨਗੀਆਂ।ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਇਹ 11 ਫੌਗਿੰਗ ਮਸ਼ੀਨਾਂ ਦੇਣ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਹ ਫੌਗਿੰਗ ਮਸ਼ੀਨਾਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਕੱਲ੍ਹ ਤੋਂ ਹੀ ਫੌਗਿੰਗ ਸ਼ੁਰੂ ਕਰ ਦੇਣਗੀਆਂ ਤਾਂ ਜੋ ਮੱਛਰਾਂ ਤੇ ਮੱਖੀਆਂ ਨਾਲ ਕੋਈ ਵੀ ਬਿਮਾਰੀ ਨਾ ਫੈਲੇ।ਉਨ੍ਹਾਂ ਕਿਹਾ ਕਿ ਅਜਿਹੇ ਵਿੱਚ ਮੱਛਰਾਂ ਕਾਰਨ ਡੇਂਗੂ, ਮਲੇਰੀਆ, ਚਿਕਨਗੁਨੀਆ ਤੇ ਹੋਰ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ।ਇਸ ਲਈ ਅਹਿਤਿਆਤ ਵਜੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਗੇਤੇ ਹੀ ਪ੍ਰਬੰਧ ਕਰਕੇ ਜ਼ਿਲ੍ਹੇ ਦੇ 11 ਬਲਾਕਾਂ ਵਿੱਚ ਇਹ ਮਸ਼ੀਨਾਂ ਮੁਹੱਈਆ ਕਰਵਾ ਦਿੱਤੀਆਂ ਹਨ ਅਤੇ ਨਾਲ ਹੀ ਪੰਚਾਇਤ ਵਿਭਾਗ ਦੇ ਕਰਮਚਾਰੀਆਂ ਨੂੰ ਫੌਗਿੰਗ ਮਸ਼ੀਨ ਚਲਾਉਣ ਦੀ ਸਿਖਲਾਈ ਦੇ ਦਿੱਤੀ ਗਈ ਹੈ।ਉਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ ਨੂੰ ਕਿਹਾ ਕਿ ਉਹ ਪਹਿਲ ਦੇ ਅਧਾਰ ਤੇ ਆਪਣੇ ਪਿੰਡ ਵਿੱਚ ਫੌਗਿੰਗ ਕਰਵਾਉਣ ਲਈ ਸਬੰਧਿਤ ਬੀ.ਡੀ.ਪੀ.ਓ. ਦਫ਼ਤਰ ਨਾਲ ਸੰਪਰਕ ਕਰਨ।ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਡੀਡੀਪੀਓ ਹਰਪ੍ਰੀਤ ਸਿੰਘ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਰਾਜੀਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।



### ਭਾਖੜਾ ਤੇ ਪੌਂਗ ਡੈਮ...

ਗਿਆ, ਜਦਕਿ ਸੋਮਵਾਰ ਨੂੰ ਇਹ 1,09,920 ਕਿਊਸਿਕ ਸੀ ਅਤੇ ਐਤਵਾਰ ਨੂੰ ਵੀ ਇਹ 1,09,920 ਕਿਊਸਿਕ ਸੀ।

ਘੱਗਰ ਦਾ ਪਾਣੀ 'ਆਊਟ ਆਫ ਕੰਟਰੋਲ' ਹੋਣ ਲੱਗਾ ਹੈ। ਪੌਂਗ ਡੈਮ 'ਚ ਮੰਗਲਵਾਰ ਰਾਤ ਤੋਂ ਵੱਧ ਤੋਂ ਵੱਧ ਪੌਣੇ ਤਿੰਨ ਲੱਖ ਕਿਊਸਿਕ ਪਾਣੀ ਆਇਆ ਹੈ ਅਤੇ ਪੌਂਗ ਡੈਮ ਖਤਰੇ ਦੇ ਨਿਸ਼ਾਨ ਤੋਂ ਕਰੀਬ ਚਾਰ ਫੁੱਟ ਉਪਰ ਚਲਾ ਗਿਆ ਹੈ। ਇਸੇ ਤਰ੍ਹਾਂ ਭਾਖੜਾ ਡੈਮ 'ਚ ਮੰਗਲਵਾਰ ਰਾਤ ਤੋਂ ਵੱਧ ਤੋਂ ਵੱਧ 1.15 ਲੱਖ ਕਿਊਸਿਕ ਪਾਣੀ ਆਇਆ ਹੈ ਅਤੇ ਖਤਰੇ ਦੇ ਨਿਸ਼ਾਨ ਤੋਂ ਭਾਖੜਾ ਡੈਮ 'ਚ ਪਾਣੀ ਦਾ ਪੱਧਰ ਦੋ ਫੁੱਟ ਹੇਠਾਂ ਰਹਿ ਗਿਆ ਹੈ। ਰਣਜੀਤ ਸਾਗਰ ਡੈਮ 'ਚ ਵੀ ਪਹਾੜਾਂ 'ਚੋਂ ਪਾਣੀ ਇੱਕ ਲੱਖ ਕਿਊਸਿਕ ਤੋਂ ਜ਼ਿਆਦਾ ਆਉਣ ਲੱਗਿਆ ਹੈ। ਘੱਗਰ ਦੇ ਤਿੰਨ ਪ੍ਰਮੁੱਖ ਪੁਆਇੰਟਾਂ 'ਤੇ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਉਪਰ ਚਲਾ ਗਿਆ ਹੈ। ਘੱਗਰ 'ਚ ਇਕਦਮ 35,208 ਕਿਊਸਿਕ ਪਾਣੀ ਹੋਰ ਆਇਆ ਹੈ। ਸਰਦੂਲਗੜ੍ਹ ਕੋਲ ਘੱਗਰ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ 'ਤੇ ਪੁੱਜ ਗਿਆ ਹੈ, ਜਦੋਂ ਕਿ ਚਾਂਦਪੁਰਾ ਕੋਲ ਪਾਣੀ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ। ਇਸੇ ਤਰ੍ਹਾਂ ਖਨੌਰੀ ਕੋਲ ਘੱਗਰ 'ਚ ਪਾਣੀ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਚੁੱਕਾ ਹੈ। ਘੱਗਰ 'ਚ ਆਏ ਉਛਾਲ ਕਾਰਨ ਪਟਿਆਲਾ, ਸੰਗਰੂਰ ਤੇ ਮਾਨਸਾ 'ਚ ਅਲਰਟ ਜਾਰੀ ਕੀਤਾ ਗਿਆ ਹੈ। ਪਹਾੜਾਂ 'ਚੋਂ ਅਣਕਿਆਸੇ ਪਾਣੀ ਦੇ ਆਉਣ ਕਰਕੇ ਡੈਮਾਂ 'ਚੋਂ ਕਿਸੇ ਵੇਲੇ ਵੀ ਪਾਣੀ ਛੱਡਣ ਦੀ ਮਾਤਰਾ 'ਚ ਵਾਧਾ ਹੋ ਸਕਦਾ ਹੈ। ਭਾਰਤੀ ਮੌਸਮ ਵਿਭਾਗ ਨੇ ਜੰਮੂ ਤੇ ਕਸ਼ਮੀਰ, ਲੱਦਾਖ, ਹਿਮਾਚਲ, ਉੱਤਰੀ ਪੰਜਾਬ, ਉੱਤਰੀ ਹਰਿਆਣਾ, ਪੂਰਬੀ ਰਾਜਸਥਾਨ, ਦੱਖਣ-ਪੱਛਮੀ ਯੂ ਪੀ, ਉੱਤਰ-ਪੱਛਮੀ ਤੇ ਪੂਰਬੀ ਮੱਧ ਪ੍ਰਦੇਸ਼ ਅਤੇ ਓਡੀਸ਼ਾ ਦੇ ਕਈ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਪੰਜਾਬ ਵਿੱਚ ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਰੂਪਨਗਰ, ਮੋਗਾ, ਲੁਧਿਆਣਾ, ਬਰਨਾਲਾ ਤੇ ਸੰਗਰੂਰ ਤੇ ਮੁਹਾਲੀ ਰੈੱਡ ਅਲਰਟ ਅਧੀਨ ਹਨ। ਹਿਮਾਚਲ ਦੇ ਮੰਡੀ ਜ਼ਿਲ੍ਹੇ ਦੇ ਸੁੰਦਰਨਗਰ ਸਬ-ਡਵੀਜ਼ਨ ਦੇ ਜੰਗਮਬਾਗ ਇਲਾਕੇ ਵਿੱਚ ਮੰਗਲਵਾਰ ਸ਼ਾਮ ਜ਼ਮੀਨ ਖਿਸਕਣ ਕਾਰਨ ਇੱਕ ਪਰਵਾਰ ਦੇ ਚਾਰ ਮੈਂਬਰਾਂ ਸਮੇਤ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਲਾਪਤਾ ਹੋ ਗਿਆ। ਦੋ ਰਿਹਾਇਸ਼ੀ ਘਰ ਦੱਬ ਗਏ ਅਤੇ ਇੱਕ ਰਾਹਗੀਰ ਵੀ ਫਸ ਗਿਆ।

### ਪੰਜਾਬ ਇਸਤਰੀ ਸਭਾ...

ਹਿਠਾੜ ਕਾਵਾਂ ਵਿਖੇ ਸੁਮਿੱਤਰਾ ਦੀ ਅਗਵਾਈ ਵਿੱਚ ਗਿਆ ਅਤੇ ਖਾਣ-ਪੀਣ ਦਾ ਸਮਾਨ ਵੰਡ ਕੇ ਆਇਆ।ਪੰਜਾਬ ਇਸਤਰੀ ਸਭਾ ਆਪਣੇ ਤਰੀਕੇ ਨਾਲ ਲੋਕਾਂ ਦੀ ਬਾਅਦ ਵਿੱਚ ਮਦਦ ਕਰੇਗੀ, ਜਦੋਂ ਬਾਕੀ ਐੱਨ ਜੀ ਓਜ਼ ਆਪਣਾ ਕੰਮ ਖਤਮ ਕਰ ਜਾਣਗੀਆਂ, ਕਿਉਂਕਿ ਉਦੋਂ ਵੀ ਉਹਨਾਂ ਨੂੰ ਮਦਦ ਦੀ ਬਹੁਤ ਲੋੜ ਪਵੇਗੀ। ਪੰਜਾਬ ਇਸਤਰੀ ਸਭਾ ਫਾਜ਼ਿਲਕਾ ਦੇ ਜਨਰਲ ਸਕੱਤਰ ਜੋਗਿੰਦਰ ਕੌਰ ਨੇ ਦੱਸਿਆ ਕਿ ਫਾਜ਼ਿਲਕਾ ਜ਼ਿਲ੍ਹਾ ਆਪਣੀ ਸਾਰੀ ਸ਼ਕਤੀ ਮੁਤਾਬਕ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਵੇਗਾ ਅਤੇ ਵੱਧ ਤੋਂ ਵੱਧ ਮਦਦ ਕਰੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

4 Sep Page 3.qxd 9/3/2025 10:36 PM Page 1



# ਹੜ੍ਹਾਂ ਦੀ ਆਫਤ ਦੌਰਾਨ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ : ਤਰੁਣ ਚੁੱਗ

**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)**- ਪੰਜਾਬ ਵਿਚ ਖੁਸ਼ਹਾਲ ਸੂਬਾ ਹੈ। ਸੂਬੇ ਵਿੱਚ ਜੋ ਕੁਝ ਦਿਨਾਂ ਤੋਂ ਹੜ੍ਹਾਂ ਦੀ ਮਾਰ ਪਈ ਹੈ ਇਸ ਲਈ ਅਸਲ ਕਸੂਰਵਾਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਿਸ ਨੇ ਬਾਰਿਸ਼ਾਂ ਦੌਰਾਨ ਹੜ੍ਹ ਰੋਕਣ ਲਈ ਕੋਈ ਵੀ ਠੋਸ ਪ੍ਰਬੰਧ ਨਹੀਂ ਕੀਤੇ ਪਰ ਇਸ ਮੌਕੇ ਕੇਂਦਰ ਸਰਕਾਰ



ਪੰਜਾਬ ਦੇ ਹਰ ਇੱਕ ਕਿਸਾਨ ਅਤੇ ਹਰ ਇੱਕ ਨਾਗਰਿਕ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕੌਮੀ ਜਨਰਲ ਸੈਕਟਰੀ (ਭਾਜਪਾ) ਤਰੁਣ ਚੁੱਗ ਨੇ ਅਜਨਾਲਾ ਵਿਚ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੇ ਕਿਹਾ ਕਿ ਸਾਡੇ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਬੋਨੀ ਅਮਰਪਾਲ ਸਿੰਘ ਜਿਸ ਦਿਨ ਤੋਂ ਇਹ ਹੜ੍ਹਾਂ ਦਾ ਪਾਣੀ ਰਾਵੀ ਦਰਿਆ ਵਿੱਚ ਵਧਿਆ ਹੈ ਉਹ ਦਿਨ ਰਾਤ ਜਨਤਾ ਦੀ ਸੇਵਾ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਫੋਨ ਕਰਕੇ ਭਰੋਸਾ ਦਿੱਤਾ ਹੈ ਕਿ ਕੇਂਦਰ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਦੇ ਨਾਲ ਖੜ੍ਹੀ ਹੈ ਅਤੇ ਬਹੁਤ ਜਲਦ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀ ਪੰਜਾਬ ਦਾ ਦੌਰਾ ਕਰਨਗੇ। ਉਨ੍ਹਾਂ ਨੇ ਲੋਕਾਂ ਵਾਸਤੇ ਲਈ ਜ਼ਰੂਰੀ ਸਾਮਾਨ ਦੇ ਟਰੱਕ ਲਿਆਂਦੇ ਅਤੇ ਇਹ ਸਾਮਾਨ ਰਾਵੀ ਦਰਿਆ ਦੇ ਕੰਢੇ ਅਤੇ ਰਮਦਾਸ ਦੇ ਨਜ਼ਦੀਕ ਪਿੰਡ ਘੋਨੇਵਾਲ ਅਤੇ ਹੋਰ ਲਾਗੇ ਪਿੰਡਾਂ ਵਿੱਚ ਵੰਡਿਆ ਜਾਵੇਗਾ ਅਤੇ ਇਹ ਸੇਵਾ ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਕਰਦੀ ਰਹੇਗੀ।ਇਸ ਮੌਕੇ ਬੋਨੀ ਅਮਰਪਾਲ ਸਿੰਘ ਅਜਨਾਲਾ, ਕੌਂਸਲਰ ਵਿਕਰਮ ਬੇਦੀ, ਦੀਪੂ ਅਰੋੜਾ, ਪ੍ਰਦੀਪ ਕੁਮਾਰ ਬੰਟਾ, ਧਰਮਿੰਦਰ ਪ੍ਰਿੰਸ, ਲੱਕੀ, ਬੇਦੀ, ਵਿਪਨ ਖੱਤਰੀ, ਸੌਰਵ ਸਰੀਨ, ਵਿਨੋਦ ਅਰੋੜਾ, ਵਿਜੇ ਕੁਮਾਰ ਸਰੀਨ, ਡਾ. ਦੀਪਕ ਸਰਪਾਲ, ਕਸ਼ਮੀਰ ਸਿੰਘ ਕਾਕੂ ਆਦਿ ਹਾਜ਼ਰ ਸਨ।

# ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਰਾਹਤ ਸਮਗਰੀ ਦਾ ਵਿਸ਼ੇਸ਼ ਜਥਾ ਰਵਾਨਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਲਈ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਰਾਹਤ ਸਮਗਰੀ ਦਾ ਵਿਸ਼ੇਸ਼ ਜਥਾ ਰਵਾਨਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਨ੍ਹਾਂ ਪਿੰਡਾਂ ਨੂੰ ਰਾਹਤ ਪਹੁੰਚਾਉਣ ਵਿੱਚ ਬੁੱਢਾ ਦਲ ਨੇ ਪਹਿਲ ਕਦਮੀ ਕੀਤੀ ਹੈ। ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੇ ਲਾਡਲੀਆਂ ਨਿਹੰਗ ਸਿੰਘ ਫੌਜਾਂ ਦੇ ਨਾਲ ਆਪਣੀ ਅਗਵਾਈ ਵਿਚ ਟੀਮਾਂ ਬਣਾ ਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਤਹਿਸੀਲ ਅਜਨਾਲਾ ਦੇ ਪਿੰਡਾਂ ਵਿਚ ਲੰਗਰ ਪਾਣੀ, ਦਵਾਈਆਂ, ਸੁੱਕਾ ਰਾਸ਼ਨ, ਦੁੱਧ, ਘਰੋਂ ਘਰੀਂ ਪਹੁੰਚਾਇਆ।ਉਨ੍ਹਾਂ ਕਿਹਾ ਕਿ ਨਿਹੰਗ ਸਿੰਘ ਫੌਜਾਂ ਪੂਰੇ ਉਤਸ਼ਾਹ ਪਿਆਰ ਸਤਿਕਾਰ ਨਾਲ ਪਾਣੀ ਵਿੱਚੋਂ ਲੰਘ ਕੇ ਲੋੜਵੰਦਾਂ ਤੀਕ ਲੋੜੀਂਦਾ ਸਾਮਾਨ ਬੁੱਢਾ ਦਲ ਵੱਲੋਂ ਪਹੁੰਚਾ ਰਹੀਆਂ ਹਨ, ਉਨ੍ਹਾਂ ਦਸਿਆ ਕਿ ਜਿਸ ਦਿਨ ਤੋਂ ਹੜ੍ਹ ਆਏ ਹਨ ਉਸ ਦਿਨ ਤੋਂ ਹੀ ਸੇਵਾ ਆਰੰਭ ਹੈ ਅਤੇ ਜਿੰਨਾ ਚਿਰ ਲੋਕ ਆਪਣੇ ਘਰਾਂ ਵਿੱਚ ਸੈੱਟ ਨਹੀਂ ਹੋ ਜਾਂਦੇ ਬੁੱਢਾ ਦਲ ਵੱਲੋਂ ਸੇਵਾ ਪ੍ਰਵਾਹ ਚਲਦਾ ਰਹੇਗਾ।ਯਾਦ ਰਹੇ ਕਿ ਹਰ ਕੁਦਰਤੀ ਆਫਤ ਸਮੇਂ ਬੁੱਢਾ ਦਲ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਮੂਹਰੇ ਹੋ ਕੇ ਸੇਵਾ ਨਿਭਾਈ ਜਾਂਦੀ ਹੈ ਤੇ ਹੁਣ ਵੀ ਨਿਭਾਈ ਜਾ ਰਹੀ ਹੈ।

# ਉਮਰ ਖਾਲਿਦ, ਸ਼ਰਜ਼ੀਲ ਇਮਾਮ ਤੇ ਗੁਲਫ਼ਿਸ਼ਾ ਫਾਤਿਮਾ ਸਮੇਤ ਜੇਲ੍ਹਾਂ 'ਚ ਬੰਦ ਨੌਜਵਾਨ ਕਾਰਕੁਨਾਂ ਨੂੰ ਤੁਰੰਤ ਰਿਹਾਅ ਕਰੇ ਨਿਆਂਪਾਲਿਕਾ : ਜਮਹੂਰੀ ਫਰੰਟ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਉਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਨੇ ਦਿੱਲੀ ਹਾਈਕੋਰਟ ਵੱਲੋਂ ਸਾਬਕਾ ਵਿਦਿਆਰਥੀ ਨੇਤਾ ਉਮਰ ਖ਼ਾਲਿਦ ਅਤੇ ਅੱਠ ਹੋਰ ਜਮਹੂਰੀ ਕਾਰਕੁਨਾਂ ਦੀ ਜ਼ਮਾਨਤ ਖਾਰਜ ਕਰਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ।ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਭਾਰਤੀ ਨਿਆਂਪਾਲਿਕਾ ਦੇ ਦੋਹਰੇ ਮਿਆਰਾਂ ਦੀ ਬੇਸ਼ਰਮ ਨੁਮਾਇਸ਼ ਕਰਦਾ ਹੈ ਅਤੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦੀ ਘੋਰ ਉਲੰਘਣਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਕਾਰਕੁਨਾਂ ਨੂੰ ਮੁਸਲਮਾਨ ਘੱਟ-ਗਿਣਤੀ ਨੂੰ ਨਿਸ਼ਾਨਾ ਬਣਾਉਣ ਵਾਲੇ ਪੱਖਪਾਤੀ ਫਿਰਕੂ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦੇ ਖਿਲਾਫ਼ ਜਮਹੂਰੀ ਅੰਦੋਲਨ ਦੇ ਦੌਰਾਨ ਹਿੰਸਾ ਭੜਕਾਉਣ ਦੇ ਝੂਠੇ ਇਲਜ਼ਾਮਾਂ ਵਿੱਚ ਫਸਾਇਆ ਗਿਆ ਹੈ। ਯੂਏਪੀਏ ਅਤੇ ਹੋਰ ਜਾਬਰ ਕਾਨੂੰਨੀ ਧਾਰਾਵਾਂ ਤਹਿਤ ਉਨ੍ਹਾਂ ਦੀ ਲਗਾਤਾਰ ਜੇਲ੍ਹਬੰਦੀ ਸੱਤਾ ਨੂੰ ਸਵਾਲ ਕਰਨ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਦੀ ਰਾਜਨੀਤਕ ਬਦਲਾਲਊ



ਕਾਰਵਾਈ ਹੈ।ਇਸ ਦੌਰਾਨ ਸਿਰਫ਼ ਸਫ਼ੂਰਾ ਜ਼ਰਗਰ, ਨਤਾਸ਼ਾ ਨਰਵਾਲ, ਦੇਵਾਂਗਨਾ ਕਲਿਤਾ, ਇਸ਼ਰਤ ਜਹਾਂ ਅਤੇ ਆਸਿਫ ਇਕਬਾਲ ਤਨਹਾ ਹੀ ਜ਼ਮਾਨਤ ਹਾਸਲ ਕਰ ਪਾਏ ਹਨ, ਜਦਕਿ ਉਮਰ ਖ਼ਾਲਿਦ, ਸ਼ਰਜ਼ੀਲ ਇਮਾਮ, ਅਥਰ ਖਾਨ, ਖ਼ਾਲਿਦ ਸੈਫੀ, ਗੁਲਫ਼ਿਸ਼ਾ ਫਾਤਿਮਾ, ਮੀਰਾਨ ਹੈਦਰ, ਸ਼ਿਫਾ-ਉਰ-ਰਹਿਮਾਨ, ਮੁਹੰਮਦ ਸਲੀਮ ਖ਼ਾਨ ਅਤੇ ਸ਼ਾਦਾਬ ਅਹਿਮਦ ਅਤੇ ਹੋਰ ਕਾਰਕੁਨ 2020 ਲੈ ਕੇ ਬਿਨਾ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸੜ ਰਹੇ ਹਨ।ਇਸਦੇ ਉਲਟ ਹਿੰਸਾ ਦੇ ਅਸਲੀ ਦੋਸ਼ੀ- ਭਾਜਪਾ ਅਤੇ ਹੋਰ ਭਗਵਾ ਆਗੂ ਜਿਨ੍ਹਾਂ ਨੇ ਸ਼ਰੇਆਮ ਫਿਰਕੂ ਨਫ਼ਰਤ ਫੈਲਾਈ- ਹਿੰਦੁਤਵਵਾਦੀ ਸ਼ਾਸਨ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਦਾ ਆਨੰਦ ਲੈ ਰਹੇ ਹਨ। ਫਰੰਟ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੇ ਭਾਰਤ ਵਿੱਚ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ, ਖ਼ਾਸ ਕਰਕੇ ਮੁਸਲਮਾਨਾਂ ਵਿਰੁੱਧ, ਨਾਲ ਸਬੰਧ ਰੱਖਣ ਅਤੇ ਨਿਆਂ ਲਈ ਆਵਾਜ਼ ਉਠਾਉਣਾ ਹੀ ਜੁਰਮ ਬਣਾ ਦਿੱਤਾ ਗਿਆ ਹੈ।ਉੱਚ ਨਿਆਂਪਾਲਿਕਾਵਾਂ, ਜਮਹੂਰੀ ਅਤੇ ਨਾਗਰਿਕ ਹੱਕਾਂ ਦੀ ਰੱਖਿਆ ਕਰਨ ਦੀ ਬਜਾਏ, ਆਰਐੱਸਐੱਸ-ਭਾਜਪਾ ਦੇ ਦਬਾਅ ਹੇਠ ਖੁੱਲ੍ਹੇਆਮ ਘੱਟਗਿਣਤੀਆਂ ਵਿਰੋਧੀ ਫ਼ੈਸਲੇ ਸੁਣਾ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਉਮਰ ਖ਼ਾਲਿਦ ਅਤੇ ਗੁਲਫ਼ਿਸ਼ਾ ਫਾਤਿਮਾ ਸਹਿਤ ਸਾਰੇ ਜਮਹੂਰੀ ਕਾਰਕੁਨਾਂ ਅਤੇ ਰਾਜਨੀਤਿਕ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਸੱਤਾ ਨਾਲ ਅਸਹਿਮਤ ਆਵਾਜ਼ਾਂ ਨੂੰ ਦਬਾਉਣ ਲਈ ਬਣਾਏ ਗਏ ਸਾਰੇ ਝੂਠੇ ਕੇਸ ਤੁਰੰਤ ਰੱਦ ਕੀਤੇ ਜਾਣ।

# ਵਰ੍ਹਦੇ ਮੀਂਹ 'ਚ ਵੀ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਡਟਿਆ ਰਿਹਾ ਸਿਹਤ ਅਮਲਾ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਸਿਹਤ ਸਹੂਲਤਾਂ ਲਈ ਮੁਸ਼ਕਿਲ ਹਾਲਾਤ ਵਿੱਚ ਵੀ ਸਿਹਤ ਮੁਲਾਜ਼ਮ ਡਟੇ ਰਹੇ।ਇਸ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਰਾਤ ਤੋਂ ਬਾਰਿਸ਼ ਦਾ ਦੌਰ ਜਾਰੀ ਰਿਹਾ।ਬਾਰਿਸ਼ ਦੇ ਦੌਰ ਵਿੱਚ ਵੀ ਹੜ੍ਹ ਰਾਹਤ ਕਾਰਜ ਜਾਰੀ ਹਨ।ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ 28 ਮੈਡੀਕਲ ਕੈਂਪ ਲਗਾਏ ਗਏ ਹਨ। ਵਾਟਰ ਸੈਂਪਲਿੰਗ, ਸਿਹਤ ਜਾਗਰੂਕਤਾ ਅਤੇ ਮਰੀਜ਼ਾਂ ਦਾ ਰੈਸਕਿਊ ਕੀਤਾ ਜਾ ਰਿਹਾ ਹੈ।ਮਰੀਜ਼ਾਂ ਨੂੰ ਜ਼ਰੂਰੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਹੁਣ ਤੱਕ ਜ਼ਿਲ੍ਹਾ ਪੱਧਰ ਤੇ 3 ਰੈਪਿਡ ਰਿਸਪੌਂਸ ਟੀਮਾਂ ਬਣਾਈਆਂ ਗਈਆਂ ਹਨ ਜਦਕਿ ਬਲਾਕ ਪੱਧਰ ਤੇ 20 ਰੈਪਿਡ ਰਿਸਪੌਂਸ ਟੀਮਾਂ ਬਣਾਈਆਂ ਗਈਆਂ ਹਨ।ਲੋਕਾਂ ਦੀ ਸਹੂਲੀਅਤ ਦੇ ਅਨੁਸਾਰ 38 ਮੋਬਾਈਲ ਮੈਡੀਕਲ ਟੀਮਾਂ ਬਣਾਈਆਂ ਗਈਆਂ ਹਨ।ਸਮੂਹ ਟੀਮਾਂ ਐੱਨਡੀਆਰਐੱਫ ਨਾਲ ਤਾਲਮੇਲ ਵਿੱਚ ਹਨ।ਕਿਸੇ ਵੀ ਹਾਲਤ ਨਾਲ ਨਜਿੱਠਣ ਲਈ ਤਿਆਰ ਹਨ।ਹੁਣ ਤੱਕ ਇਨ੍ਹਾਂ ਟੀਮਾਂ ਨੇ ਸੈਂਕੜੇ ਮਰੀਜ਼ਾਂ ਨੂੰ ਗੰਭੀਰ ਸਥਿਤੀ ਵਿੱਚ ਜਾਣ ਤੋਂ ਬਚਾਇਆ ਹੈ।ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲੇ ਵਿੱਚ ਵਿਭਾਗ ਦੀਆਂ 6 ਜਦਕਿ ਆਈਐੱਮਏ ਵੱਲੋਂ ਦਿੱਤੀਆਂ 4 ਜਦਕਿ 108 ਵਾਲੀ 17 ਐਂਬੂਲੈਂਸ ਲੋਕਾਂ ਦੀ ਸੇਵਾ ਵਿੱਚ ਮੌਜੂਦ ਹਨ।ਮਰੀਜ਼ਾਂ ਨੂੰ ਸਾਰੀ ਦਵਾਈ ਮੁਫਤ ਦਿੱਤੀ ਜਾ ਰਹੀ ਹੈ।ਪਾਣੀ ਦੀ ਸੈਂਪਲਿੰਗ ਲਈ ਟੀਮਾਂ ਨੂੰ ਆਨ ਦਿ ਸਪੌਟ ਵਾਟਰ ਟੈਸਟਿੰਗ ਕਿੱਟਾਂ ਦਿੱਤੀਆਂ ਗਈਆਂ ਹਨ, ਜਿਸ ਨਾਲ ਮੌਕੇ 'ਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਚੈੱਕ ਕੀਤੀ ਜਾਵੇਗੀ।ਮੱਛਰ ਦੇ ਖਾਤਮੇ ਲਈ ਫੌਗਿੰਗ ਦਾ ਪ੍ਰਬੰਧ ਵੀ ਕੀਤਾ ਗਿਆ ਹੈ।ਨਗਰ ਕੌਂਸਲਾਂ ਕੋਲ 18 ਜਦਕਿ ਸਿਹਤ ਵਿਭਾਗ ਕੋਲ 2 ਫੌਗਿੰਗ ਮਸ਼ੀਨਾਂ ਹਨ ਜਿਸ ਦੀ ਮਦਦ ਨਾਲ ਵੱਖ-ਵੱਖ ਖੇਤਰਾਂ ਵਿੱਚ ਫੌਗਿੰਗ ਕਰਵਾਈ ਜਾਵੇਗੀ।



# ਸਤਪਾਲ ਸਿੰਘ ਮਾਨ ਨੇ ਕੈਨੇਡਾ ਤੋਂ ਹੜ੍ਹ ਪੀੜਤਾਂ ਲਈ ਛੱਬੀ ਹਜ਼ਾਰ ਰੁਪਏ ਭੇਜੇ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਪਿੰਡ ਮਾਨ ਸੈਂਡਵਾਲ ਦੇ ਸਤਪਾਲ ਸਿੰਘ ਮਾਨ ਜੋ ਇਸ ਵਕਤ ਟੋਰਾਂਟੋ ਕੈਨੇਡਾ ਰਹਿ ਰਹੇ ਹਨ, ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਛੱਬੀ ਹਜ਼ਾਰ ਦੀ ਸਹਾਇਤਾ ਰਾਸ਼ੀ ਭੇਜੀ ਹੈ।ਇਹ ਸਹਾਇਤਾ ਰਾਸ਼ੀ ਉਨ੍ਹਾਂ ਦੇ ਵੱਡੇ ਭਰਾ ਇਕਬਾਲ ਸਿੰਘ ਸ਼ੇਰਾ ਨੇ ਗੁਰਦੁਆਰਾ ਕਮੇਟੀ ਨੂੰ ਭੇਟ ਕੀਤੀ ਹੈ। ਸਤਪਾਲ ਸਿੰਘ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕੇ ਪੰਜਾਬ ਵਿੱਚ ਹੜ੍ਹਾਂ ਨਾਲ ਜੋ ਭਿਆਨਕ ਤਬਾਹੀ ਹੋਈ ਹੈ ਇਹ ਵੇਖ ਕੇ ਮਨ ਬੜਾ ਉਦਾਸ ਹੈ।ਅਸੀਂ ਵਿਦੇਸ਼ ਵਿੱਚ ਰਹਿਣ ਵਾਲੇ ਪੰਜਾਬੀ ਹਰ ਸਾਹ ਆਪਣੇ ਵਤਨ ਪੰਜਾਬ ਦੀ ਸੁੱਖ ਮੰਗਦੇ ਹਾਂ।



# ਰੂੜੀਵਾਲਾ ਵਿਖੇ ਆਜ਼ਾਦੀ ਘੁਲਾਟੀਆਂ ਅਤੇ ਗਦਰੀ ਗੁਲਾਬ ਕੌਰ ਨੂੰ ਦਿੱਤੀ ਭਾਵ-ਭਿੰਨੀ ਸ਼ਰਧਾਂਜਲੀ

**ਚੋਹਲਾ ਸਾਹਿਬ (ਰਮਨ ਚੱਢਾ)**- ਇਤਿਹਾਸਕ ਨਗਰ ਰੂੜੀਵਾਲਾ ਵਿਖੇ ਗ਼ਦਰੀਆਂ ਦੇ ਪਰਵਾਰਾਂ, ਗਦਰੀ ਸ਼ਹੀਦ ਯਾਦਗਾਰੀ ਵੈੱਲਫੇਅਰ ਸੁਸਾਇਟੀ ਰੂੜੀਵਾਲਾ ਅਤੇ ਇਲਾਕਾ ਨਿਵਾਸੀਆਂ ਵੱਲੋਂ ਇਲਾਕੇ ਦੇ ਗ਼ਦਰੀਆਂ, ਆਜ਼ਾਦੀ ਘੁਲਾਟੀਆਂ ਅਤੇ ਗਦਰੀ ਗੁਲਾਬ ਕੌਰ ਦੇ ਵਿਛੋੜੇ ਦੀ 100 ਸਾਲਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ ਅਤੇ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ 12 ਉਹ ਗਦਰੀ ਸਿਪਾਹੀ ਜਿਨ੍ਹਾਂ ਨੂੰ 3 ਸਤੰਬਰ 1915 ਨੂੰ ਅੰਗਰੇਜ਼ਾਂ ਨੇ ਅੰਬਾਲਾ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ, ਉਹ ਗਦਰ ਪਾਰਟੀ ਨਾਲ ਮਿਲੇ ਹੋਏ ਸਨ।ਇਨ੍ਹਾਂ ਸਿਪਾਹੀਆਂ ਦਾ ਕਮਾਂਡਰ ਦਫੇਦਾਰ ਲਛਮਣ ਸਿੰਘ ਚੂਸਲੇਵੜ ਸੀ।ਮਾੜੀਮੇਘਾ ਨੇ ਕਿਹਾ ਗਦਰ ਪਾਰਟੀ ਨੇ ਆਪਣਾ ਅੰਡਰਗਰਾਊਂਡ ਹੈੱਡਕੁਆਰਟਰ ਗੁਰਦੁਆਰਾ ਝਾੜ ਸਾਹਿਬ ਨੇੜੇ ਸ਼ਾਹਬਾਜ਼ਪੁਰ ਬਣਾਇਆ ਹੋਇਆ ਸੀ।ਇਸ ਹੈੱਡ ਕੁਆਰਟਰ ਦਾ ਮੁੱਖ ਆਗੂ ਸੀ ਗਦਰੀ ਪ੍ਰੇਮ ਸਿੰਘ ਪਿੰਡ ਸੁਰਸਿੰਘ।ਉਸ ਦੇ ਇਨ੍ਹਾਂ ਸਿਪਾਹੀਆਂ ਨਾਲ ਮੀਆਂ ਮੀਰ ਛਾਉਣੀ ਲਾਹੌਰ ਵਿਖੇ ਸੰਬੰਧ ਸਨ।ਇਹ ਪੰਜਾਬੀ ਪਲਟਨ ਬਗਾਵਤ ਲਈ ਤਿਆਰ ਹੋ ਕੇ ਇੱਕ ਥਾਂ ਤੇ ਛਾਉਣੀ ਅੰਦਰ ਇਕੱਠੇ ਹੋ ਗਏ ਪਰ ਛਾਉਣੀ ਦੇ ਗੁਰਦੁਆਰੇ ਦੇ ਗ੍ਰੰਥੀ ਨੇ ਭੁਚਲਾਅ ਦਿੱਤਾ।ਇਸ ਤਰ੍ਹਾਂ ਗ਼ਦਰੀਆਂ ਦੀ ਇਨਕਲਾਬ ਕਰਨ ਦੀ ਯੋਜਨਾ ਇੱਕ ਵਾਰ ਫੇਲ ਹੋ ਗਈ।ਹਕੂਮਤ ਨੂੰ ਪਤਾ ਲੱਗਣ ਤੇ ਅੰਗਰੇਜ਼ਾਂ ਨੇ ਉਨ੍ਹਾਂ 'ਚੋਂ 12 ਨੂੰ ਫਾਂਸੀ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ। ਸਮਾਗਮ ਵਿੱਚ ਸਰਕਾਰ 'ਤੇ ਜ਼ੋਰ ਪਾਇਆ ਗਿਆ ਕਿ ਉਹ ਹੜ੍ਹ ਪੀੜਤਾਂ ਨੂੰ ਫੌਰੀ ਰਾਹਤ ਪੁਚਾਵੇ। ਸੈਨਿਕ ਯੂਨੀਅਨ ਦੇ ਆਗੂ ਹਰਬੰਸ ਸਿੰਘ, ਕੈਪਟਨ ਰਵੇਲ ਸਿੰਘ, ਗੁਰਵਿੰਦਰ ਸਿੰਘ ਖਾਮ ਅਤੇ ਬੂਟਾ ਸਿੰਘ ਰੂੜੀਵਾਲਾ ਨੇ ਵੀ ਗਦਰੀ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।ਸਮਾਗਮ ਕਰਾਉਣ ਵਾਲਿਆਂ ਵਿੱਚ ਮੁੱਖ ਤੌਰ 'ਤੇ ਸੁਰਜੀਤ ਸਿੰਘ ਰੂੜੀਵਾਲਾ, ਗੁਰਿੰਦਰ ਪਾਲ ਸਿੰਘ, ਨਿਸ਼ਾਨ ਸਿੰਘ, ਗੁਰਸਾਹਿਬ ਸਿੰਘ, ਦਇਆ ਸਿੰਘ ਅਤੇ ਸੁਖਜਿੰਦਰ ਸਿੰਘ ਰੂੜੀਵਾਲਾ, ਅਮਰੀਕ ਸਿੰਘ ਚੋਹਲਾ ਸਾਹਿਬ, ਸੁਖਦੇਵ ਸਿੰਘ ਅਤੇ ਪ੍ਰਤਾਪ ਸਿੰਘ ਦਦੇਹਰ ਸਾਹਿਬ ਸਨ।



# ਜੋ ਘਰ ਨਹੀਂ ਛੱਡਣਾ ਚਾਹੁੰਦੇ ਉਨ੍ਹਾਂ ਦੇ ਘਰਾਂ 'ਚ ਪਹੁੰਚਾਈ ਜਾ ਰਹੀ ਰਾਹਤ ਸਮੱਗਰੀ : ਡੀਸੀ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਸਮੱਗਰੀ ਦੀ ਵੰਡ ਲਗਾਤਾਰ ਜਾਰੀ ਹੈ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੀਵੇਂ ਖੇਤਰਾਂ ਵਿਚ ਰਹਿ ਰਹੇ ਲੋਕਾਂ, ਜੋ ਅਜੇ ਵੀ ਆਪਣਾ ਘਰ ਨਹੀਂ ਛੱਡਣਾ ਚਾਹੁੰਦੇ, ਦੇ ਦਰਾਂ ਤੱਕ ਕਿਸ਼ਤੀਆਂ ਰਾਹੀਂ ਪਹੁੰਚ ਕਰਕੇ ਲੋੜੀਂਦੀ ਸਮੱਗਰੀ ਦੀ ਵੰਡ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਮਕੌੜਾ ਪੱਤਣ, ਕਲਾਨੌਰ ਅਤੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਸ਼ਨ ਕਿੱਟਾਂ, ਸੈਨੇਟਰੀ ਪੈਡਜ਼, ਤਰਪਾਲਾਂ, ਮੱਛਰਦਾਨੀਆਂ ਤੇ ਹੋਰ ਜ਼ਰੂਰੀ ਵਸਤਾਂ ਦੀ ਵੰਡ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਰਾਹਤ ਕਾਰਜਾਂ ਵਿੱਚ ਐੱਨਡੀਆਰਐੱਫ ਦੀਆਂ 6 ਟੀਮਾਂ, ਬੀਐੱਸਐੱਫ ਦੀ ਇੱਕ ਟੀਮ ਅਤੇ ਭਾਰਤੀ ਫ਼ੌਜ ਦੀਆਂ 4 ਟੀਮਾਂ ਸਹਿਯੋਗ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕਲਗ਼ੀਧਰ ਟਰੱਸਟ ਬੜੂ ਸਾਹਿਬ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੇਵਾ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੇ ਰਾਹਤ ਕਾਰਜ ਨਿਰਵਿਘਨ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 ਅਤੇ 1800-180-1852 'ਤੇ ਸੰਪਰਕ ਕਰ ਸਕਦੇ ਹਨ।



# ਹੜ੍ਹ ਪੀੜਤਾਂ ਦੀ ਮਦਦ ਲਈ 'ਆਪ੍ਰੇਸ਼ਨ ਫੇਥ ਇਨ ਐਕਸ਼ਨ' ਦੀ ਸ਼ੁਰੂਆਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਅੰਮ੍ਰਿਤਸਰ ਦੇ ਸਰਹੱਦੀ ਇਲਾਕਿਆਂ ਵਿਚ ਆਏ ਤਬਾਹ ਕਰਨ ਵਾਲੇ ਵਿਨਾਸ਼ਕਾਰੀ ਹੜ੍ਹਾਂ ਦੇ ਵਿਚਕਾਰ, ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ (ਸੀਐਨਆਈ) ਨੇ ਉਮੀਦ ਦੀ ਇੱਕ ਨਵੀਂ ਕਿਰਨ ਪ੍ਰਦਾਨ ਕੀਤੀ ਹੈ।ਆਪਰੇਸ਼ਨ ਫੇਥ ਇਨ ਐਕਸ਼ਨ, ਇੱਕ ਵਿਆਪਕ ਪਹਿਲਕਦਮੀ, ਹਜ਼ਾਰਾਂ ਪ੍ਰਭਾਵਿਤ ਨਿਵਾਸੀਆਂ ਨੂੰ ਰਾਹਤ ਪ੍ਰਦਾਨ ਕਰ ਰਹੀ ਹੈ।ਇਸ ਡਾਇਓਸਿਸ ਦੇ ਮਨ ਵਿੱਚ ਹੋਰ ਵੀ ਬਹੁਤ ਕੁਝ ਹੈ, ਜਿਸ ਵਿੱਚ ਪੀੜਤਾਂ ਨੂੰ ਹੜ੍ਹ ਤੋਂ ਬਾਅਦ ਰਾਹਤ ਪ੍ਰਦਾਨ ਕਰਨਾ ਸ਼ਾਮਲ ਹੈ।ਡਾਇਓਸਿਸ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਥਾਨਕ ਵਿਧਾਨ ਸਭਾ ਮੈਂਬਰ ਨਾਲ ਲਗਾਤਾਰ ਸੰਪਰਕ ਵਿੱਚ ਹੈ।ਉਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਤੱਕ ਵੀ ਪਹੁੰਚ ਗਈ ਹੈ ਜਿੱਥੇ ਪਹਿਲਾਂ ਪਹੁੰਚਣਾ ਸੰਭਵ ਨਹੀਂ ਸੀ।ਪਿੰਡਾਂ ਅਤੇ ਸਥਾਪਿਤ ਸੰਪਰਕ ਸਰੋਤਾਂ ਨਾਲ ਪੂਰੀ ਤਰ੍ਹਾਂ ਜਾਣੂ ਵਿਅਕਤੀਆਂ ਦੀਆਂ ਦੋ ਸਮਰਪਿਤ ਟੀਮਾਂ ਰਾਹਤ ਕਾਰਜਾਂ ਦੀ ਪੂਰੀ ਕਵਰੇਜ ਅਤੇ ਸਫਲਤਾ ਨੂੰ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀਆਂ ਹਨ।ਡਾਇਓਸਿਸ ਦੇ ਪ੍ਰਸ਼ਾਸਕ ਰੇਵਰੇਂਡ ਅਯੂਬ ਡੈਨੀਅਲ ਅਤੇ ਅੰਮ੍ਰਿਤਸਰ ਡਾਇਓਸਿਸਨ ਟਰੱਸਟ ਐਸੋਸੀਏਸ਼ਨ ਦੇ ਸਕੱਤਰ ਡੈਨੀਅਲ ਬੀ ਦਾਸ ਦੀ ਅਗਵਾਈ ਵਾਲੀ ਇੱਕ ਟੀਮ ਅਜਨਾਲਾ ਖੇਤਰ ਦੇ ਰਮਦਾਸ, ਮਲਿਕਪੁਰ ਅਤੇ ਜੁਜੋਵਾਲ ਨੂੰ ਕਵਰ ਕਰ ਰਹੀ ਹੈ। ਵਿੱਤ ਅਧਿਕਾਰੀ ਓਮ ਪ੍ਰਕਾਸ਼, ਬਿਸ਼ਪ ਦੇ ਚੈਪਲੇਨ ਰੇਵ ਮਰਕਸ ਮਸੀਹ ਅਤੇ ਡਾਇਓਸਿਸ ਦੇ ਸੰਚਾਰ ਵਿਭਾਗ ਦੇ ਸ਼ਕਤੀ ਮਲ ਦੀ ਅਗਵਾਈ ਵਾਲੀ ਦੂਜੀ ਟੀਮ, ਡੇਰਾ ਬਾਬਾ ਨਾਨਕ ਵਿੱਚ ਤਲਵੰਡੀ ਤਪਾਲਾ, ਚੱਕ ਬਾਲਾ, ਥੋਬਾ ਅਤੇ ਦਿਆਲ ਭੱਟੀ ਨੂੰ ਕਵਰ ਕਰ ਰਹੀ ਹੈ।ਡੂੰਘੇ ਪਾਣੀਆਂ ਵਿੱਚੋਂ ਲੰਘਦੇ ਹੋਏ ਡਾਇਓਸਿਸ ਦੀਆਂ ਰਾਹਤ ਟੀਮਾਂ ਲੋੜਵੰਦਾਂ ਨੂੰ ਭੋਜਨ, ਡਾਕਟਰੀ ਸਾਮਾਨ ਅਤੇ ਆਸਰਾ ਪ੍ਰਦਾਨ ਕਰਨ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ।



# ਹਿਊਮਨ ਰਾਇਟਸ ਸੁਰੱਕਸ਼ਾ ਸੁਸਾਇਟੀ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਹਿਊਮਨ ਰਾਇਟਸ ਸੁਰੱਕਸਾ ਸੁਸਾਇਟੀ (ਰਜਿ.) ਦੇ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਦੀ ਅਗਵਾਈ ਵਿੱਚ ਸਮੁੱਚੀ ਟੀਮ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਘਰ ਵਿੱਚ ਵਰਤੀਆਂ ਜਾਣ ਵਾਲੀਆਂ ਜ਼ਰੂਰੀ ਵਸਤਾਂ ਜਿਸ ਤਰ੍ਹਾਂ ਕਿ ਤੁੱਥ ਪੇਸਟ, ਬੁਰਸ਼, ਸਾਬਣ, ਓਡੋਮਾਸ, ਮੋਮਬੱਤੀਆਂ, ਮਾਚਿਸਾਂ, ਬਿਸਕੁਟ, ਰਸ, ਸੈਨੀਟਰੀ ਪੈਡ, ਪਾਣੀ ਦੀਆਂ ਬੋਤਲਾਂ ਅਤੇ ਲੰਗਰ ਬਣਾ ਕੇ ਧਾਰੀਵਾਲ ਤੋਂ ਦਰਿਆ ਦੇ ਕਿਨਾਰੇ ਵਸੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੁਟਾਣਾ ਵਿੱਚ ਜਾ ਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ। ਸੰਸਥਾ ਦੇ ਸੂਬਾ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ ਦੱਸਿਆ ਕਿ ਇਸ ਦੌਰਾਨ ਪਿੰਡ ਕੁਟਾਣਾ ਵਾਸੀਆਂ ਨੇ ਸੰਸਥਾ ਦੀ ਪੂਰੀ ਟੀਮ ਨੂੰ ਦੱਸਿਆ ਕਿ ਸਾਡੇ ਤੱਕ ਕਿਸੇ ਸੰਸਥਾ ਜਾਂ ਸਰਕਾਰੀ ਅਮਲੇ ਨੇ ਪਹੁੰਚ ਨਹੀਂ ਕੀਤੀ ਸੀ। ਟੀਮ ਨੇ ਉੱਥੇ ਜਾ ਕੇ ਉਨ੍ਹਾਂ ਦੇਖਿਆ ਕਿ ਬਹੁਤ ਹੀ ਉਨ੍ਹਾਂ ਦੇ ਮਾੜੇ ਹਾਲਾਤ ਸਨ। ਪ੍ਰਧਾਨ ਇੰਜੀਨੀਅਰ ਜੇਪੀ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਪਿਛਲੇ ਕਈ ਦਹਾਕਿਆਂ ਤੋਂ ਗੁਰਦਾਸਪੁਰ ਜ਼ਿਲ੍ਹੇ ਤੇ ਪੂਰੇ ਪੰਜਾਬ ਵਿੱਚ ਲੋਕ ਸੇਵਾ ਦੇ ਕੰਮਾਂ ਵਿੱਚ ਜੁਟੀ ਰਹਿੰਦੀ ਹੈ ਤੇ ਅੱਗੇ ਤੋਂ ਵੀ ਵੱਧ ਤੋਂ ਵੱਧ ਲੋਕਾਂ ਦੀ ਸੇਵਾ ਵਿੱਚ ਕੰਮ ਕੀਤੇ ਜਾਣਗੇ। ਉਨ੍ਹਾਂ ਨੇ ਹਿਊਮਨ ਰਾਈਟਸ ਸੁਰਕਸਾ ਸੋਸਾਇਟੀ ਦੀ ਸਾਰੀ ਟੀਮ ਦੇ ਅਹੁਦੇਦਾਰ ਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਾਰੀ ਟੀਮ ਨੇ ਇਸ ਕੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾ ਕੇ ਲੋਕ ਸੇਵਾ ਦਾ ਕੰਮ ਕੀਤਾ ਹੈ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਉੱਘੇ ਸਮਾਜ ਸੇਵਕ ਡਾ. ਕਮਲਜੀਤ ਸਿੰਘ ਕੇਜੇ, ਰਿਟਾ. ਐੱਸਡੀਓ ਸੁਖਦੇਵ ਸਿੰਘ ਚਾਹਲ, ਚਮਨ ਲਾਲ, ਗੁਰਮੇਜ ਸਿੰਘ, ਕਰਮ ਚੰਦ, ਰਣਜੀਤ ਸਿੰਘ ਨਾਗੀ, ਹਰਪ੍ਰੀਤ ਸਿੰਘ ਸੱਭਰਵਾਲ, ਅਸ਼ੋਕ ਕੁਮਾਰ, ਪ੍ਰਦੀਪ ਸਿਆਲ, ਗਗਨਦੀਪ ਬੇਦੀ ਕਲੋਨੀ, ਲਵਲੀ ਨਾਗੀ, ਹਰਪ੍ਰੀਤ, ਪੀਟਰ ਅਭੀ, ਰਿਹਾਨ ਰੂਪ ਲਾਲ, ਪਾਰਸ, ਸ਼ਮਸ਼ੇਰ ਸਿੰਘ ਲੇਹਲ, ਲਾਡੀ, ਜਗੀਰ ਸਿੰਘ, ਅਮਿਤ ਡਡਵਾਂ ਆਦਿ ਸੁਸਾਇਟੀ ਮੈਂਬਰ ਹਾਜ਼ਰ ਸਨ।



# ਡੀਸੀ ਦੀ ਅਗਵਾਈ ਹੇਠ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਨੇ ਹੜ੍ਹਾਂ ਦੌਰਾਨ ਮੋਰਚਾ ਸੰਭਾਲਿਆ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਰਾਵੀ ਦਰਿਆ ਦੇ ਆਏ ਹੜ੍ਹਾਂ ਤੋਂ ਲੋਕਾਂ ਨੂੰ ਬਚਾਉਣ ਦੇ ਲਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਦਿਨ-ਰਾਤ ਲੱਗਾ ਹੋਇਆ ਹੈ।ਹੜ੍ਹ ਆਉਣ ਤੋਂ ਪਹਿਲਾਂ ਜਿੱਥੇ ਲੋਕਾਂ ਨੂੰ ਚੌਕਸ ਕਰਦੇ ਹੋਏ ਨੀਵੇਂ ਇਲਾਕਿਆਂ ਵਿਚੋਂ ਬਾਹਰ ਕੱਢਿਆ ਗਿਆ ਸੀ ਓਥੇ ਹੜ੍ਹ ਦੌਰਾਨ ਵੀ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹੜ੍ਹ ਦੇ ਪਾਣੀ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਲਿਆਂਦਾ। ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਖ਼ੁਦ ਗਰਾਊਂਡ ਜ਼ੀਰੋ 'ਤੇ ਜਾ ਕੇ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਹਨ।ਬੀਤੀ ਸ਼ਾਮ ਡਿਪਟੀ ਕਮਿਸ਼ਨਰ ਮਕੌੜਾ ਪੱਤਣ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਵੱਲੋਂ ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ ਦੇ ਵਸਨੀਕਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਸਮੱਗਰੀ ਨੂੰ ਭੇਜਿਆ ਗਿਆ।ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ ਨੇ ਖ਼ੁਦ ਕਿਸ਼ਤੀ ਵਿੱਚ ਸਵਾਰ ਹੋ ਕੇ ਰਾਵੀ ਦਰਿਆ ਨੂੰ ਪਾਰ ਕੀਤਾ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਸਮੱਗਰੀ ਵੰਡੀ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਰਾਵੀ ਦਰਿਆ ਦੇ ਮਕੌੜਾ ਪੱਤਣ ਤੋਂ ਪਾਰ ਪਿੰਡਾਂ ਤੱਕ ਰਾਹਤ ਪਹੁੰਚਾਉਣ ਲਈ ਦੋ ਵਿਸ਼ੇਸ਼ ਵਾਹਨ ਏਟੀਓਆਰ ਐੱਨ1200 ਮੰਗਵਾਏ ਹਨ ਜੋ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਰਾਹਤ ਪਹੁੰਚਾਉਣ ਦਾ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਵਾਹਨਾਂ ਰਾਹੀਂ ਹੁਣ ਰਾਵੀ ਪਾਰ ਦੀ ਵਸੋਂ ਤੱਕ ਹਰ ਤਰ੍ਹਾਂ ਦੀ ਰਾਹਤ ਪਹੁੰਚਾਈ ਜਾ ਰਹੀ ਹੈ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਸਾਰੀਆਂ ਟੀਮਾਂ ਨੂੰ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਐੱਨਡੀਆਰਐੱਫ਼, ਫੌਜ ਅਤੇ ਬੀਐੱਸਐੱਫ ਨਾਲ ਮਿਲ ਕੇ 5581 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢ ਕੇ ਉਨ੍ਹਾਂ ਦੀ ਜਾਨ ਬਚਾਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੀ ਪੂਰੀ ਟੀਮ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ ਅਤੇ ਕਿਸੇ ਨੂੰ ਵੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।



# ਬਲਾਕ ਤਰਸਿੱਕਾ ਦਾ ਵਿਵਾਦ ਹੋਰ ਭਖਿਆ, ਗੁੱਸੇ 'ਚ ਆਏ ਲੋਕਾਂ ਦਾ ਸੰਘਰਸ਼ ਜਾਰੀ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਤਰਸਿੱਕਾ ਬਲਾਕ ਨੂੰ ਖਤਮ ਕਰਕੇ ਜੰਡਿਆਲਾ ਗੁਰੂ ਬਲਾਕ ਵਿੱਚ ਸ਼ਾਮਲ ਕਰਨ ਦੇ ਫ਼ੈਸਲੇ ਨੇ ਸਿਆਸੀ ਮਾਹੌਲ ਵਿੱਚ ਹਲਚਲ ਮਚਾ ਦਿੱਤੀ ਹੈ।ਲੋਕਾਂ ਦਾ ਗੁੱਸਾ ਸੱਤਵੇਂ ਆਸਮਾਨ 'ਤੇ ਹੈ, ਜਿਸ ਦਾ ਮੁੱਖ ਕਾਰਨ ਸਰਕਾਰ ਅਤੇ ਖ਼ਾਸ ਕਰਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਕਥਿਤ ਮਿਲੀਭੁਗਤ ਦੱਸੀ ਜਾ ਰਹੀ ਹੈ।ਇਸ ਫ਼ੈਸਲੇ ਖ਼ਿਲਾਫ਼ ਬਲਾਕ ਤਰਸਿੱਕਾ ਬਚਾਓ ਮੋਰਚੇ ਨੇ ਵੱਡਾ ਸੰਘਰਸ਼ ਵਿੱਢਿਆ ਹੋਇਆ ਹੈ।ਮੋਰਚੇ ਦੇ ਆਗੂਆਂ ਨੇ ਦੋਸ਼ ਲਾਇਆ ਕਿ ਜਿਸ ਸਮੇਂ ਆਪ ਦੇ ਸਥਾਨਕ ਆਗੂਆਂ ਨੂੰ ਆਪਣੇ ਲੋਕਾਂ ਦੀ ਗੱਲ ਸੁਣਨੀ ਚਾਹੀਦੀ ਸੀ, ਉਹ ਆਪਣੇ ਮੰਤਰੀਆਂ ਨੂੰ ਖ਼ੁਸ਼ ਕਰਨ ਲਈ ਗੁਮਰਾਹਕੁੰਨ ਬਿਆਨਬਾਜ਼ੀ ਕਰ ਰਹੇ ਹਨ।ਇਸ ਵਿਰੋਧ ਪ੍ਰਦਰਸ਼ਨ ਦੀ ਅੱਗ ਪਿੰਡ-ਪਿੰਡ ਫੈਲ ਰਹੀ ਹੈ, ਜਿੱਥੇ ਲੋਕਾਂ ਵੱਲੋਂ ਸਰਕਾਰ ਅਤੇ ਹਰਭਜਨ ਸਿੰਘ ਈਟੀਓ ਦੇ ਪੁਤਲੇ ਫੂਕੇ ਜਾ ਰਹੇ ਹਨ। ਜ਼ਿਕਰਯੋਗ ਹੈ ਮੰਤਰੀ ਈਟੀਓ ਵੱਲੋਂ ਬਲਾਕ ਸੰਮਤੀ ਚੋਣਾਂ ਨੂੰ ਮੱਦੇਨਜ਼ਰ ਲੋਕਾਂ ਦੀਆਂ ਅੱਖਾਂ ਘੱਟਾ ਪਾਉਣ ਲਈ ਪੰਚਾਇਤ ਵਿਭਾਗ ਵੱਲੋਂ ਚਿੱਠੀ ਵੀ ਜਾਰੀ ਕਰਵਾਈ ਗਈ ਹੈ ਜਿਸ ਨੂੰ ਅਧਾਰ ਬਣਾ ਕੇ ਇਹ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਜਦੋਂਕਿ ਚਿੱਠੀ ਸਾਫ ਤੌਰ ਤੇ ਬਲਾਕ ਜੰਡਿਆਲਾ ਗੁਰੂ ਨੂੰ ਹੀ ਤਸਦੀਕ ਕੀਤਾ ਗਿਆ ਅਤੇ ਸਿਰਫ ਕੁੱਝ ਕੁ ਮੁਲਾਜ਼ਮ ਅਗਲੇ ਹੁਕਮਾਂ ਤੱਕ ਵਾਧੂ ਚਾਰਜ ਤੇ ਆਇਆ ਕਰਨਗੇ। ਇਸ ਮੌਕੇ ਬਲਜੀਤ ਸਿੰਘ ਲਾਲੀ ਪ੍ਰਧਾਨ, ਕੰਵਲਜੀਤ ਸਿੰਘ ਰਸੂਲਪੁਰ, ਸਿਵਰਾਜ ਸਿੰਘ ਪ੍ਰਧਾਨ ਤਰਸਿੱਕਾ, ਪ੍ਰਭਦਿਆਲ ਸਿੰਘ ਸਾਬਕਾ ਸਰਪੰਚ ਸਰਜਾ, ਮਨਜੀਤ ਸਿੰਘ ਤਰਸਿੱਕਾ ਸਾਬਕਾ ਚੇਅਰਮੈਨ, ਬਿਕਰਮਜੀਤ ਸਿੰਘ ਸਰਪੰਚ ਮਾਲੋਵਾਲ, ਸਰਬਜੀਤ ਸਿੰਘ ਡੇਅਰੀਵਾਲ, ਤਲਵਿੰਦਰ ਸਿੰਘ ਪ੍ਰਧਾਨ ਯੋਧਾਨਗਰੀ, ਅਮਰਿੰਦਰ ਸਿੰਘ ਮਾਲੋਵਾਲ, ਨਛੱਤਰ ਸਿੰਘ, ਨਵਦੀਪ ਸਿੰਘ, ਜਗਰੂਪ ਸਿੰਘ ਸ਼ਾਹਪੁਰ ਖੁਰਦ, ਮਨਜੀਤ ਸਿੰਘ ਮੈਂਬਰ ਪੰਚਾਇਤ ਤਰਸਿੱਕਾ, ਸੁਖਵਿੰਦਰ ਸਿੰਘ ਜੋਤੀ ਮੈਂਬਰ ਪੰਚਾਇਤ, ਬਲਵਿੰਦਰ ਸਿੰਘ ਬਿੱਲਾ, ਹਰਜੀਤ ਸਿੰਘ ਗੋਲੂ, ਨਿਸ਼ਾਨ ਸਿੰਘ ਜੰਡ, ਨਵਤੇਜ ਸਿੰਘ ਸੰਗਰਾਏ, ਜਸਵੰਤ ਸਿੰਘ ਸੰਗਰਾਏ, ਸੋਭਾ ਸਿੰਘ ਸਾਬਕਾ ਪੰਚ, ਸਰਪੰਚ ਹਰਭੇਜ ਸਿੰਘ, ਡਾ. ਸੁਖਵੰਤ ਸਿੰਘ, ਹਰਜਿੰਦਰ ਸਿੰਘ, ਗੁਰਮੀਤ ਸਿੰਘ, ਨਿਹਾਲ ਸਿੰਘ, ਹਰਜੀਤ ਸਿੰਘ, ਦਵਿੰਦਰ ਸਿੰਘ, ਕਾਬਲ ਸਿੰਘ, ਕੁਲਵਿੰਦਰ ਸਿੰਘ, ਇਸਤਰੀ ਕਿਸਾਨ ਆਗੂ ਕੁਲਵਿੰਦਰ ਕੌਰ, ਹਰਪ੍ਰੀਤ ਕੌਰ ਆਪਣੇ ਜਥੇ ਸਮੇਤ ਹਾਜ਼ਰ ਸਨ।



# ਐੱਮਵੇ ਦੇ ਨਿਊਟ੍ਰੀਲਾਈਟ ਨੂੰ ਮਿਲੀ ਐੱਨਐੱਫਐੱਸਯੂ ਦੀ ਮਾਨਤਾ

**ਅੰਮ੍ਰਿਤਸਰ** : ਐੱਮਵੇ ਇੰਡੀਆ ਨੇ ਆਪਣੇ ਪ੍ਰਮੁੱਖ ਬ੍ਰਾਂਡ ਨਿਊਟ੍ਰੀਲਾਈਟ ਤੋਂ ਆਪਣੇ ਮੁੱਖ ਸਪਲੀਮੈਂਟਾਂ ਲਈ ਆਪਣੇ ਮਾਨਯੋਗ ਟਰੱਸਟਡ ਸਰਟੀਫਿਕੇਸ਼ਨ ਪ੍ਰੋਗਰਾਮ ਦੇ ਤਹਿਤ ਨੈਸ਼ਨਲ ਫੋਰੈਂਸਿਕ ਸਾਇੰਸਜ਼ ਯੂਨੀਵਰਸਿਟੀ (ਐੱਨਐੱਫਐੱਸਯੂ) ਨਿਊਟ੍ਰੀਸ਼ਨਲ ਸਪਲੀਮੈਂਟੇਸ਼ਨ ਟੈਸਟਿੰਗ ਫਾਰ ਸਪੋਰਟਸਪਰਸਨ (ਐੱਨਐੱਸਟੀਐੱਸ) ਦੀ ਭਰੋਸੇਯੋਗ ਮਾਨਤਾ ਪ੍ਰਾਪਤ ਕਰਨ ਦਾ ਐਲਾਨ ਕੀਤਾ ਹੈ। ਪੰਜ ਮੁੱਖ ਉਤਪਾਦਾਂ- ਨਿਊਟ੍ਰੀਲਾਈਟ ਆਲ ਪਲਾਂਟ ਪ੍ਰੋਟੀਨ, ਨਿਊਟ੍ਰੀਲਾਈਟ ਕੈਲ ਮੈਗ ਡੀ ਪਲੱਸ ਕੇ2, ਨਿਊਟ੍ਰੀਲਾਈਟ ਗਲੂਕੋਸਾਮਾਈਨ ਐੱਚਸੀਐੱਲ ਬੋਸਵੇਲੀਆ ਨਾਲ, ਨਿਊਟ੍ਰੀਲਾਈਟ ਸਾਲਮਨ ਓਮੇਗਾ 3 ਸਾਫਟਜਲ, ਅਤੇ ਨਿਊਟ੍ਰੀਲਾਈਟ ਡੇਲੀ ਪਲੱਸ ਨੂੰ ਅੰਤਰਰਾਸ਼ਟਰੀ ਮਿਆਰਾਂ ਵਿਰੋਧੀ ਏਜੰਸੀ (ਵਾਡਾ) ਦੁਆਰਾ ਨਿਰਧਾਰਤ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਕੂਲ ਬਣਾਉਣ ਲਈ ਸਮਰਥਨ ਕਰਦੀ ਹੈ। ਐੱਮਵੇ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਰਜਨੀਸ਼ ਚੋਪੜਾ ਨੇ ਕਿਹਾ ਕਿ ਇਸ ਵੇਲੇ ਜਦੋਂ ਪੋਸ਼ਣ ਦੇ ਸਪਲੀਮੈਂਟਾਂ ਦੀ ਸੁਰੱਖਿਆ ਅਤੇ ਅਸਲੀਅਤ ਬਾਰੇ ਚਰਚਾ ਬਹੁਤ ਵਧ ਰਹੀ ਹੈ ਤਾਂ ਇਹ ਪਛਾਣ ਸਾਡੇ 90 ਸਾਲਾਂ ਦੇ ਵਿਰਾਸਤੀ ਬ੍ਰਾਂਡ ਨਿਊਟ੍ਰੀਲਾਈਟ ਬਾਰੇ ਸਪੱਸ਼ਟਤਾ ਅਤੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ।

# ਔਖੀ ਘੜੀ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਡੇਰਾ ਬਾਬਾ ਨਾਨਕ ਪਹੁੰਚੇ ਡਾ. ਓਬਰਾਏ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸੂਬੇ 'ਚ ਹੜ੍ਹਾਂ ਦੇ ਕਾਰਨ ਬਣੀ ਔਖੀ ਘੜੀ ਵਿੱਚ ਸਭ ਤੋਂ ਮੂਹਰੇ ਹੋ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਦੇ ਲਈ ਸੰਸਾਰ ਪ੍ਰਸਿੱਧ ਸਮਾਜਸੇਵੀ ਸ਼ਖ਼ਸੀਅਤ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ. ਪੀ. ਸਿੰਘ ਓਬਰਾਏ ਹੜ੍ਹ ਪੀੜਤਾਂ ਦੀ ਸਾਰ ਲੈਣ ਲਈ ਡੇਰਾ ਬਾਬਾ ਨਾਨਕ ਵਿਖੇ ਪਹੁੰਚੇ।ਇਸ ਮੌਕੇ ਡਾ. ਓਬਰਾਏ ਦੇ ਨਾਲ ਵਿਧਾਇਕ ਸ਼ੈਰੀ ਕਲਸੀ, ਸੀਨੀਅਰ ਆਈਏਐੱਸ ਅਧਿਕਾਰੀ ਬਸੰਤ ਗਰਗ, ਸੀਨੀਅਰ ਆਈਏਐੱਸ ਅਧਿਕਾਰੀ ਵਰੁਣ ਰੂਜ਼ਮ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਐੱਸਡੀਐੱਮ ਡਾ. ਅਦਿੱਤਿਆ ਸ਼ਰਮਾ, ਐੱਸਡੀਐੱਮ ਗੁਰਮਿੰਦਰ ਸਿੰਘ, ਡਾ. ਓਬਰਾਏ ਦੇ ਭਰਾ ਗੁਰਜੀਤ ਸਿੰਘ ਓਬਰਾਏ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਡਾਇਰੈਕਟਰ ਮਨਜੀਤ ਸਿੰਘ ਭੁੱਲਰ, ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ, ਐਡਵੋਕੇਟ ਹਰਸ਼ਮੀਤ ਸਿੰਘ, ਜੋਧਵੀਰ ਸਿੰਘ, ਪਰਮਬੀਰ ਸਿੰਘ, ਪ੍ਰਦੀਪ ਕੁਮਾਰ, ਡਾ. ਗੁਰਦੇਵ ਸਿੰਘ ਤੇ ਹੋਰ ਮੈਂਬਰ ਸ਼ਾਮਿਲ ਸਨ।ਇਸ ਮੌਕੇ ਡਾ. ਐੱਸ. ਪੀ. ਸਿੰਘ ਓਬਰਾਏ ਅਤੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਪਸ਼ੂਆਂ ਦਾ ਚਾਰਾ ਅਤੇ ਸੁੱਕੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ।ਇਸ ਦੌਰਾਨ ਡਾ. ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪਹਿਲੇ ਗੇੜ ਵਿੱਚ 1 ਕਰੋੜ 50 ਲੱਖ ਰੁਪਏ ਰਾਖਵੇਂ ਰੱਖੇ ਗਏ ਹਨ।ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਵੱਲੋਂ ਆਪਣੀ ਟੀਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਮਿਲ ਕੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕੇ ਹੜ੍ਹ ਪੀੜਤਾਂ ਨੂੰ ਸੁੱਕਾ ਰਾਸ਼ਨ, ਪਸ਼ੂਆਂ ਲਈ ਚਾਰਾ, ਦਵਾਈਆਂ, ਤਰਪਾਲਾਂ, ਮੱਛਰਦਾਨੀਆਂ, ਅਤੇ ਹੋਰ ਸਮੱਗਰੀ ਵੰਡੀ ਜਾ ਰਹੀ ਹੈ। ਡਾ. ਓਬਰਾਏ ਨੇ ਦੱਸਿਆ ਕਿ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਲੋੜਵੰਦ ਪਰਿਵਾਰਾਂ ਨੂੰ ਘਰ ਵੀ ਬਣਾ ਕੇ ਦਿੱਤੇ ਜਾਣਗੇ।ਇਸ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਡਾ. ਓਬਰਾਏ ਦੇ ਨੇਕ ਅਤੇ ਪਰਉਪਕਾਰੀ ਕਾਰਜਾਂ ਦੀ ਸ਼ਲਾਘਾ ਕੀਤੀ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੇ ਨਾਲ ਚੱਟਾਨ ਵਾਂਗ ਖੜੀ ਹੈ, ਜਦਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਹਾਇਤਾ ਸਮੱਗਰੀ ਵੀ ਵੰਡੀ ਜਾ ਰਹੀ ਹੈ।




# ਸ਼ੈਰੀ ਕਲਸੀ, ਰੰਧਾਵਾ, ਆਹਲੂਵਾਲੀਆ ਤੇ ਜੋਬਨ ਰੰਧਾਵਾ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਰਾਵੀ ਪਾਰਲੇ ਪਿੰਡਾਂ 'ਚ ਪਹੁੰਚੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ, ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਰੰਧਾਵਾ, ਡਾ. ਸੰਨੀ ਆਹਲੂਵਾਲੀਆ, ਚੇਅਰਮੈਨ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਅਤੇ ਜਨਰਲ ਸਕੱਤਰ ਆਪ ਪੰਜਾਬ, ਗੁਰਦੇਵ ਸਿੰਘ ਲੱਖਣਾ, ਚੇਅਰਮੈਨ ਪੰਜਾਬ ਰਾਜ ਗੁਦਾਮ ਨਿਗਮ, ਸਟੇਟ ਸੈਕਟਰੀ ਪੰਜਾਬ ਅਤੇ ਇੰਚਾਰਜ ਮਾਝਾ ਜ਼ੋਨ ਅਤੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਨੇ ਕਿਸ਼ਤੀ ਰਾਹੀਂ ਰਾਵੀ ਪਾਰਲੇ ਪਿੰਡਾਂ ਵਿੱਚ ਪਹੁੰਚੇ ਤੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਅਗਵਾਈ ਹੇਠ ਸਮੁੱਚੀ ਸਰਕਾਰ ਦਿਨ-ਰਾਤ ਹੜ੍ਹ ਪੀੜਤ ਲੋਕਾਂ ਦੀ ਸੇਵਾ ਵਿੱਚ ਲੱਗੀ ਹੈ।ਉਨ੍ਹਾਂ ਕਿਹਾ ਕਿ ਹੜ੍ਹ ਆਉਣ ਤੋਂ ਪਹਿਲਾਂ ਜਿੱਥੇ ਲੋਕਾਂ ਨੂੰ ਚੌਕਸ ਕਰਦੇ ਹੋਏ ਨੀਵੇਂ ਇਲਾਕਿਆਂ ਵਿਚੋਂ ਬਾਹਰ ਕੱਢਿਆ ਗਿਆ ਸੀ ਉਥੇ ਹੜ੍ਹ ਦੌਰਾਨ ਵੀ ਪ੍ਰਸ਼ਾਸਨ ਦੀਆਂ ਟੀਮਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹੜ੍ਹ ਦੇ ਪਾਣੀ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਲਿਆਂਦਾ ਗਿਆ ਹੈ।ਉਨ੍ਹਾਂ ਕਿਹਾ ਮੁੱਖ ਮੰਤਰੀ ਪੰਜਾਬ ਵਲੋਂ ਖ਼ੁਦ ਗਰਾਊਂਡ ਜ਼ੀਰੋ 'ਤੇ ਜਾ ਕੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਉਹ ਸਾਰੀ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਖ਼ੁਦ ਕਿਸ਼ਤੀ ਵਿੱਚ ਸਵਾਰ ਹੋ ਕੇ ਰਾਵੀ ਦਰਿਆ ਨੂੰ ਪਾਰ ਕੀਤਾ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਸਮੱਗਰੀ ਵੰਡੀ।ਰਾਵੀ ਦਰਿਆ ਤੋਂ ਪਾਰ ਪਿੰਡਾਂ ਤੱਕ ਰਾਹਤ ਪਹੁੰਚਾਉਣ ਲਈ ਦੋ ਵਿਸ਼ੇਸ਼ ਵਾਹਨ ਏਟੀਓਆਰ ਐੱਨ 1200 ਮੰਗਵਾਏ ਹਨ ਜੋ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਰਾਹਤ ਪਹੁੰਚਾਉਣ ਦਾ ਕੰਮ ਕਰ ਰਹੇ ਹਨ।ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਡਿਪਟੀ ਕਮਿਸ਼ਨਰ ਅਤੇ ਸਮੂਹ ਐੱਸਡੀਐੱਮ ਵੀ ਦਿਨ-ਰਾਤ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦਾ ਪਾਣੀ ਉਤਰ ਜਾਣ ਤੋਂ ਬਾਅਦ ਵੀ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਲੋਕਾਂ ਦੀ ਸਿਹਤ ਸਬੰਧੀ ਡਾਕਟਰੀ ਟੀਮਾਂ ਹੜ੍ਹ ਪ੍ਰਭਾਵਿਤ ਪਿੰਡਾਂ ਤੱਕ ਪਹੁੰਚੀਆਂ ਹਨ ਅਤੇ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ।



# ਖ਼ਾਲਸਾ ਕਾਲਜ ਆਫ ਨਰਸਿੰਗ ਵਿਖੇ ਅੰਗ ਦਾਨ ਜਾਗਰੂਕਤਾ ਸੈਮੀਨਾਰ ਕਰਵਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਆਫ਼ ਨਰਸਿੰਗ ਵਿਖੇ 15ਵਾਂ ਭਾਰਤੀ ਅੰਗ ਦਾਨ ਦਿਵਸ-2025 ਦੇ ਸਬੰਧ 'ਚ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਲੀਕਿਆਂ ਗਿਆ। ਉਕਤ ਪ੍ਰੋਗਰਾਮ ਐਸੋਸੀਏਟ ਪ੍ਰੋਫੈਸਰ ਡਾ. ਤਰਨਦੀਪ ਕੌਰ ਅਤੇ ਨਰਸਿੰਗ ਟਿਊਟਰ ਸਾਬੀਆ ਅਰੋੜਾ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ।ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਦੌਰਾਨ ਐੱਮ. ਐੱਸ. ਸੀ. ਨਰਸਿੰਗ ਦੇ ਵਿਦਿਆਰਥੀਆਂ ਨੇ ਅੰਗ ਦਾਨ ਸਬੰਧੀ ਜਾਗਰੂਕਤਾ ਫ਼ੈਲਾਉਣ ਲਈ ਭਾਸ਼ਣ ਦਿੱਤਾ ਜਿਸ 'ਚ ਉਨ੍ਹਾਂ ਨੇ ਅੰਗ ਦਾਨ ਨਾਲ ਜੁੜੀਆਂ ਮਿੱਥਾਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਕਰਦਿਆਂ ਬੀ. ਐੱਸਸੀ ਨਰਸਿੰਗ ਦੇ ਵਿਦਿਆਰਥੀਆਂ ਨੂੰ ਮੌਤ ਤੋਂ ਬਾਅਦ ਅੰਗ ਅਤੇ ਟਿਸ਼ੂ ਦਾਨ ਕਰਨ ਦੇ ਨਾਲ-ਨਾਲ ਆਪਣੇ ਜੀਵਨ 'ਚ ਅੰਗ ਦਾਨ ਦੀ ਕੀਮਤ ਸਬੰਧੀ ਉਤਸ਼ਾਹਿਤ ਕੀਤਾ।ਉਨ੍ਹਾਂ ਕਿਹਾ ਕਿ ਇਸੇ ਉਦੇਸ਼ ਤਹਿਤ ਅੰਗ ਦਾਨ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਦਿਆਂ ਪੋਸਟਰ ਮੇਕਿੰਗ, ਪੇਂਟਿੰਗ ਅਤੇ ਕਵਿਤਾ ਆਦਿ ਵਰਗੇ ਮੁਕਾਬਲੇ ਵੀ ਕਰਵਾਏ ਗਏ ਜਿਸ 'ਚ ਇਸ਼ਮੀਤ ਕੌਰ ਨੇ ਪੋਸਟਰ ਮੇਕਿੰਗ 'ਚ ਪਹਿਲਾ, ਪੁਨੀਤ ਕੌਰ ਨੇ ਕਵਿਤਾ 'ਚ ਪਹਿਲਾ ਅਤੇ ਮਹਿਕਦੀਪ ਕੌਰ ਨੇ ਪੇਂਟਿੰਗ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਭਵਿੱਖ 'ਚ ਵੀ ਅਜਿਹੇ ਉਪਰਾਲੇ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

# ਜੀਟੀਯੂ ਪੰਜਾਬ ਦੀ ਲੀਡਰਸ਼ਿਪ ਵੱਲੋਂ ਇੱਕ ਦਿਨ ਦੀ ਤਨਖਾਹ ਹੜ੍ਹ ਪੀੜਤਾਂ ਨੂੰ ਦੇਣ ਦਾ ਫੈਸਲਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਵਿੱਚ ਹੜ੍ਹਾਂ ਨਾਲ ਪੈਦਾ ਹੋਏ ਭਿਆਨਕ ਹਾਲਾਤ ਦੇ ਮੱਦੇਨਜ਼ਰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਫੌਰੀ ਸੂਬਾਈ ਮੀਟਿੰਗ ਗੂਗਲ ਮੀਟ ਰਾਹੀਂ ਸੂਬਾ ਪ੍ਰਧਾਨ ਸਾਥੀ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ ।ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਜੀਟੀਯੂ ਪੰਜਾਬ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਵਿੱਤ ਸਕੱਤਰ ਅਮਨਦੀਪ ਸ਼ਰਮਾ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਦੱਸਿਆ ਕਿ ਮੀਟਿੰਗ ਵਿੱਚ ਹੜ੍ਹਾਂ ਕਾਰਣ ਹੋਈ ਤਬਾਹੀ ਤੇ ਜਥੇਬੰਦੀ ਵੱਲੋਂ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ। ਜਥੇਬੰਦੀ ਵੱਲੋਂ ਆਪਣੇ ਜਨ-ਹਿੱਤ ਪ੍ਰਥਮੈ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਮੀਟਿੰਗ ਵਿੱਚ ਨਿਮਨ ਅਨੁਸਾਰ ਫੈਸਲੇ ਲਏ ਗਏ। ਮੀਟਿੰਗ ਵਿੱਚ ਸਮੂਹ ਜ਼ਿਲ੍ਹਾ ਪ੍ਰਧਾਨ/ਸਕੱਤਰ/ ਆਗੂ/ ਜੱਥੇਬੰਦੀ ਦੇ ਮੈਂਬਰ/ਅਧਿਆਪਕਾਂ ਨੂੰ ਅਪੀਲ ਕੀਤੀ ਗਈ ਕਿ ਸਰਕਾਰੀ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਪਰਿਵਾਰਾਂ ਦਾ ਹੜ੍ਹਾਂ ਦੇ ਪ੍ਰਕੋਪ ਕਾਰਣ ਜੇਕਰ ਕੋਈ ਵੀ ਜਾਨੀ ਮਾਲੀ (ਘਰ ਢਹਿਣ, ਮਾਲ ਡੰਗਰ ਆਦਿ) ਨੁਕਸਾਨ ਹੋਇਆ ਹੋਵੇ ਤਾਂ ਉਸ ਪਰਿਵਾਰ ਦੀ ਪਹਿਲ ਦੇ ਆਧਾਰ ਤੇ ਮੱਦਦ ਕੀਤੀ ਜਾਵੇ।ਇਸੇ ਤਰ੍ਹਾਂ ਹੀ ਨਿਗੂਣੇ ਭੱਤੇ ਤੇ ਕੰਮ ਕਰਦੇ ਆਪਣੇ ਆਪਣੇ ਸਕੂਲ ਦੇ ਮਿਡ ਡੇ ਮੀਲ ਵਰਕਰਾਂ ਦਾ ਕੋਈ ਨੁਕਸਾਨ ਹੋਇਆ ਹੋਵੇ ਤਾਂ ਉਸ ਦੀ ਪਹਿਲ ਦੇ ਆਧਾਰ ਤੇ ਮੱਦਦ ਕੀਤੀ ਜਾਵੇ।ਜੀਟੀਯੂ ਦੇ ਆਗੂਆਂ ਗੁਰਪ੍ਰੀਤ ਸਿੰਘ ਅਮੀਵਾਲ, ਕੁਲਦੀਪ ਪੁਰੋਵਾਲ, ਗੁਰਦੀਪ ਬਾਜਵਾ, ਮਨੋਹਰ ਲਾਲ ਸ਼ਰਮਾ ਨੇ ਦੱਸਿਆ ਕਿ ਅਧਿਆਪਕ ਜਿੱਥੇ ਪੜ੍ਹਾਉਣ ਦਾ ਕਰਮ ਕਰਦੇ ਹਨ ਉਸ ਪਿੰਡ ਦੇ ਹਾਲਾਤ ਤੇ ਨਜ਼ਰ ਰੱਖਣ ਤੇ ਹੜ੍ਹਾਂ ਕਾਰਣ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਪਹਿਲ ਦੇ ਆਧਾਰ ਤੇ ਕਰਨ ਦਾ ਫੈਸਲਾ ਕੀਤਾ। ਸੂਬਾ ਬਾਡੀ ਵੱਲੋਂ ਫੈਸਲਾ ਕੀਤਾ ਗਿਆ ਕਿ ਸਾਰੇ ਸੂਬਾ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ, ਜ਼ਿਲ੍ਹਾ ਸਕੱਤਰ ਹੜ੍ਹ ਪੀੜਤਾਂ ਦੀ ਮੱਦਦ ਲਈ ਫੌਰੀ ਤੌਰ 'ਤੇ ਇੱਕ ਦਿਨ ਦੀ ਤਨਖਾਹ ਜਮ੍ਹਾ ਕਰਵਾਉਣਗੇ। ਸਾਰੇ ਜ਼ਿਲ੍ਹਿਆਂ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ/ ਵਰਕਰਜ਼ ਹੜ੍ਹ ਪੀੜਤਾਂ ਲਈ ਇੱਕਸਾਰਤਾ ਨਾਲ ਫੰਡ ਇਕੱਠਾ ਕਰਨਗੇ, ਜਿਸਦਾ ਪੂਰਾ ਹਿਸਾਬ ਜ਼ਿਲ੍ਹਾ ਪੱਧਰ ਤੇ ਤਿੰਨ ਮੈਂਬਰੀ ਕਮੇਟੀ ਬਣਾ ਕੇ ਵੱਖਰੇ ਤੌਰ ਤੇ ਰੱਖਿਆ ਜਾਵੇਗਾ।ਇਸ ਫੰਡ ਨੂੰ ਹੜ੍ਹ ਪੀੜਤਾਂ ਲਈ ਤੇ ਹੜ੍ਹਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਥਿਤੀਆਂ (ਮਹਾਂਮਾਰੀ, ਮਾਲ ਡੰਗਰਾਂ ਨੂੰ ਬੀਮਾਰੀਆਂ ਤੋਂ ਬਚਾਉਣ, ਦੁਬਾਰਾ ਫਸਲਾਂ ਬੀਜਣ ਲਈ ਬੀਜ ਆਦਿ ਦੀ ਮੱਦਦ) ਲਈ ਵਰਤਿਆ ਜਾਵੇਗਾ।

ਨਵਾਂ ਜ਼ਮਾਨਾ
ਵੀਰਵਾਰ 4 ਸਤੰਬਰ 2025

# ਅੰਕੜਿਆਂ ਦੀ ਬਾਜ਼ੀਗਰੀ

*ਅਮਰੀਕਾ ਦੇ 50 ਫੀਸਦੀ ਟੈਰਿਫ ਨਾਲ ਉਪਜੀਆਂ ਸ਼ੰਕਾਵਾਂ ਦਰਮਿਆਨ ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਅਪ੍ਰੈਲ-ਜੂਨ 2025 ਦੀ ਤਿਮਾਹੀ ਵਿੱਚ ਭਾਰਤ ਦੀ ਜੀ ਡੀ ਪੀ (ਕੁਲ ਘਰੇਲੂ ਪੈਦਾਵਾਰ) 7.8 ਫੀਸਦੀ ਦੀ ਰਫਤਾਰ ਨਾਲ ਵਧੀ ਹੈ, ਜੋ ਪਿਛਲੇ ਸਾਲ (6.5 ਫੀਸਦੀ) ਅਤੇ ਜਨਵਰੀ-ਮਾਰਚ 2025 ਦੀ ਤਿਮਾਹੀ (7.4 ਫੀਸਦੀ) ਨਾਲੋਂ ਵੱਧ ਹੈ, ਪਰ ਕੀ ਇਹ ਪੂਰਾ ਸੱਚ ਹੈ ਜਾਂ ਇਸ ਦੇ ਪਿੱਛੇ ਅੰਕੜਿਆਂ ਦੀ ਬਾਜ਼ੀਗਰੀ ਲੁਕੀ ਹੈ?*

*ਜੀ ਡੀ ਪੀ ਕਿਸੇ ਦੇਸ਼ ਵਿੱਚ ਇੱਕ ਸਾਲ 'ਚ ਉਤਪਾਦਤ ਸਾਰੀਆਂ ਚੀਜ਼ਾਂ ਤੇ ਸੇਵਾਵਾਂ ਦੀ ਕੁਲ ਕੀਮਤ ਹੁੰਦੀ ਹੈ, ਜਿਹੜੀ ਅਰਥ ਵਿਵਸਥਾ ਦੀ ਰਫਤਾਰ ਨੂੰ ਦਰਸਾਉਂਦੀ ਹੈ। ਸਰਕਾਰ ਦਾ ਦਾਅਵਾ ਹੈ ਕਿ 7.8 ਫੀਸਦੀ ਦੀ ਰਫਤਾਰ ਭਾਰਤ ਨੂੰ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧਦੀਆਂ ਅਰਥ ਵਿਵਸਥਾਵਾਂ ਵਿੱਚ ਸ਼ੁਮਾਰ ਕਰਦੀ ਹੈ। ਜੀ ਡੀ ਪੀ ਦੋ ਤਰ੍ਹਾਂ ਮਾਪੀ ਜਾਂਦੀ ਹੈ: ਨਾਮਾਤਰ (ਨਾਮੀਨਲ) ਤੇ ਅਸਲ (ਰੀਅਲ)। ਨਾਮਾਤਰ ਜੀ ਡੀ ਪੀ ਬਾਜ਼ਾਰੀ ਕੀਮਤਾਂ 'ਤੇ ਆਧਾਰਤ ਹੁੰਦੀ ਹੈ, ਜਦਕਿ ਅਸਲ ਜੀ ਡੀ ਪੀ ਵਿੱਚ ਨੋਟ-ਪਸਾਰੇ ਨੂੰ ਹਟਾਇਆ ਜਾਂਦਾ ਹੈ। ਇਸ ਤਿਮਾਹੀ ਵਿੱਚ ਨਾਮਾਤਰ ਜੀ ਡੀ ਪੀ ਵਾਧਾ 8.8 ਫੀਸਦੀ ਸੀ, ਪਰ ਅਸਲ ਜੀ ਡੀ ਪੀ 7.8 ਫੀਸਦੀ। ਇਸ ਫਰਕ ਦਾ ਕਾਰਨ ਹੈ ਜੀ ਡੀ ਪੀ ਡਿਫੈਲਟਰ, ਜੋ ਨੋਟ-ਪਸਾਰੇ ਨੂੰ ਮਾਪਦਾ ਹੈ। ਗੜਬੜ ਇੱਥੇ ਹੈ। ਜੀ ਡੀ ਪੀ ਡਿਫੈਲਟਰ ਵਿੱਚ ਥੋਕ ਮੁੱਲ ਸੂਚਕ ਅੰਕ (ਡਬਲਿਊ ਪੀ ਆਈ) ਦਾ ਵੱਧ ਇਸਤੇਮਾਲ ਹੁੰਦਾ ਹੈ। ਜੂਨ 2025 ਵਿੱਚ ਡਬਲਿਊ ਪੀ ਆਈ-0.13 ਫੀਸਦੀ ਤੇ ਜੁਲਾਈ ਵਿੱਚ-0.58 ਫੀਸਦੀ ਸੀ, ਜੋ ਮਨਫੀ ਨੋਟ-ਪਸਾਰੇ (ਡਿਫਲੇਸ਼ਨ) ਨੂੰ ਦਰਸਾਉਂਦਾ ਹੈ। ਇਸ ਦਾ ਮਤਲਬ ਹੈ ਕਿ ਖਾਣ ਵਾਲੀਆਂ ਚੀਜ਼ਾਂ (ਜਿਵੇਂ ਸਬਜ਼ੀਆਂ : -28.96 ਫੀਸਦੀ) ਅਤੇ ਈਂਧਣ ਦੀਆਂ ਕੀਮਤਾਂ ਘਟੀਆਂ, ਪਰ ਸੇਵਾ ਖੇਤਰ ਦਾ ਅਸਲ ਨੋਟ-ਪਸਾਰਾ (3.4 ਫੀਸਦੀ) ਡਬਲਿਊ ਪੀ ਆਈ ਨੂੰ ਘੱਟ ਕਰਕੇ ਦਿਖਾਉਂਦਾ ਹੈ। ਕਹਿਣ ਦਾ ਮਤਲਬ ਹੈ ਕਿ ਸੇਵਾ ਖੇਤਰ ਦੇ 9.3 ਫੀਸਦੀ ਵਾਧੇ ਨੂੰ ਵਧਾ-ਚੜ੍ਹਾ ਕੇ ਦਿਖਾਇਆ ਗਿਆ ਹੈ। ਮਾਹਰਾਂ ਦਾ ਕਹਿਣਾ ਹੈ ਕਿ ਸਹੀ ਡਿਫੈਲਟਰ ਨਾਲ ਜੀ ਡੀ ਪੀ ਵਾਧਾ 7 ਫੀਸਦੀ ਦੇ ਨੇੜੇ-ਤੇੜੇ ਬੈਠਦਾ ਹੈ, ਨਾ ਕਿ 7.8 ਫੀਸਦੀ। ਇਸ ਦੇ ਇਲਾਵਾ ਗੈਰ-ਜਥੇਬੰਦ ਖੇਤਰ ਦਾ ਡਾਟਾ ਗਾਇਬ ਹੈ। ਭਾਰਤ ਦੀ ਅਰਥ ਵਿਵਸਥਾ ਦਾ 45-50 ਫੀਸਦੀ ਹਿੱਸਾ ਤੇ 86.93 ਫੀਸਦੀ ਰੁਜ਼ਗਾਰ (43-46.5 ਕਰੋੜ ਲੋਕ) ਗੈਰ-ਜਥੇਬੰਦ ਖੇਤਰ ਵਿੱਚ ਆਉਂਦਾ ਹੈ, ਜਿਸ ਵਿੱਚ ਛੋਟੇ ਦੁਕਾਨਦਾਰ, ਦਿਹਾੜੀਦਾਰ ਮਜ਼ਦੂਰ ਤੇ ਛੋਟੇ ਤੇ ਦਰਮਿਆਨੇ ਕਾਰਖਾਨੇਦਾਰ ਸ਼ਾਮਲ ਹਨ, ਪਰ ਜੀ ਡੀ ਪੀ ਅੰਕੜੇ ਜਥੇਬੰਦ ਖੇਤਰ, ਕੌਮਾਂਤਰੀ ਨਿਵੇਸ਼ ਤੇ ਸੂਚੀਬੱਧ ਕੰਪਨੀਆਂ 'ਤੇ ਆਧਾਰਤ ਹਨ। ਇਸ ਦੇ ਇਲਾਵਾ ਕੋਇਲਾ ਉਤਪਾਦਨ, ਸਟੀਲ ਖਪਤ ਤੇ ਨਿੱਜੀ ਵਾਹਨਾਂ ਦੀ ਵਿਕਰੀ ਵਿੱਚ ਗਿਰਾਵਟ ਆਈ ਹੈ, ਫਿਰ ਜੀ ਡੀ ਪੀ ਕਿਵੇਂ 7.8 ਫੀਸਦੀ ਵਧ ਗਈ?*

*ਕੌਮੀ ਅੰਕੜਾ ਕਮਿਸ਼ਨ (ਐੱਨ ਐੱਸ ਸੀ), ਜੋ ਕਦੇ ਅੰਕੜਿਆਂ ਦੀ ਭਰੋਸੇਯੋਗਤਾ ਦਾ ਪ੍ਰਤੀਕ ਸੀ, ਸਵਾਲਾਂ ਦੇ ਘੇਰੇ ਵਿੱਚ ਹੈ। 2019 ਵਿੱਚ ਇਸ ਦੇ ਚੇਅਰਮੈਨ ਪੀ ਸੀ ਮੋਹਨਨ ਤੇ ਮੈਂਬਰ ਜੇ ਵੀ ਮੀਨਾਕਸ਼ੀ ਨੇ ਇਹ ਦੋਸ਼ ਲਾ ਕੇ ਅਸਤੀਫੇ ਦੇ ਦਿੱਤੇ ਸਨ ਕਿ ਸਰਕਾਰ ਅੰਕੜਿਆਂ ਨੂੰ ਲੁਕੋ ਰਹੀ ਹੈ। ਭਾਰਤ ਦੇ ਮੁੱਖ ਆਰਥਕ ਸਲਾਹਕਾਰ ਅਰਵਿੰਦ ਸੁਬਰਾਮਨੀਅਮ ਨੇ ਅਸਤੀਫਾ ਦੇਣ ਦੇ ਬਾਅਦ ਕਿਹਾ ਸੀ ਕਿ 2011-17 ਵਿਚਾਲੇ ਜੀ ਡੀ ਪੀ ਵਾਧੇ ਨੂੰ ਢਾਈ ਫੀਸਦੀ ਵਧਾ-ਚੜ੍ਹਾ ਕੇ ਦਿਖਾਇਆ ਗਿਆ। ਝੂਠੇ ਪ੍ਰਚਾਰ ਤੇ ਚਮਕਦਾਰ ਅੰਕੜਿਆਂ ਨਾਲ ਵੋਟਰ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ, ਪਰ ਅਰਥ ਵਿਵਸਥਾ ਦੀ ਹਕੀਕਤ ਨਹੀਂ ਬਦਲੀ ਜਾ ਸਕਦੀ। ਅਸਲੀਅਤ ਨੂੰ ਸਵੀਕਾਰ ਕਰਕੇ ਲੋਕ-ਪੱਖੀ ਨੀਤੀਆਂ ਲਾਗੂ ਕਰਨ ਨਾਲ ਹੀ ਭਾਰਤ ਸੱਚਾ ਵਿਕਾਸ ਕਰ ਸਕਦਾ ਹੈ।*

## ਪੰਜਾਬ ਚਾਰ-ਚੁਫੇਰਿਓਂ ਪਾਣੀ 'ਚ ਘਿਰਿਆ

ਹਰ ਇੱਕ ਨੇ ਸੋਚਿਆ ਸੀ ਕਿ ਆਉਣ ਵਾਲੇ ਦਿਨਾਂ ਵਿੱਚ ਅਸਮਾਨ ਸਾਫ ਹੋ ਜਾਵੇਗਾ। ਫਿਰ ਪਾਣੀ ਥੱਲੇ ਉਤਰਨਾ ਸ਼ੁਰੂ ਹੋ ਜਾਵੇਗਾ। ਲੋਕ ਆਪਣੇ ਘਰਾਂ ਨੂੰ ਵਾਪਸੀ ਕਰ ਲੈਣਗੇ, ਪਰ ਜਿਵੇਂ ਜਿਵੇਂ ਸਮਾਂ ਲੰਘਦਾ ਜਾ ਰਿਹਾ ਹੈ, ਮੁਸੀਬਤਾਂ ਹੋਰ ਘੇਰਾ ਪਾਉਂਦੀਆਂ ਜਾ ਰਹੀਆਂ ਨੇ। ਹੁਣ 9- 10 ਜ਼ਿਲ੍ਹਿਆਂ ਵਿੱਚ ਮੀਂਹ ਦਾ ਰੈਡ ਅਲਾਟ ਹੋ ਗਿਆ ਹੈ। ਚੰਡੀਗੜ੍ਹ ਦੇ ਨਜ਼ਦੀਕ ਸੁਖਣਾ ਝੀਲ ਦੇ ਦੋ ਗੇਟ ਖੋਲ੍ਹੇ ਗਏ ਨੇ। ਘੱਗਰ ਦਰਿਆ ਨੇ ਪਟਿਆਲਾ ਜ਼ਿਲ੍ਹੇ ਵਿੱਚ ਆਪਣਾ ਕਹਿਰ ਮਚਾਉਣਾ ਸ਼ੁਰੂ ਕਰ ਦਿੱਤਾ ਹੈ। ਇਥੋਂ ਤੱਕ ਕਿ ਜੋ ਲੋਕ ਬੰਨ੍ਹ 'ਤੇ ਮਿੱਟੀ ਪਾ ਰਹੇ ਸਨ, ਪਰ ਪਾਣੀ ਜੇ ਸੀ ਬੀ ਦੇ ਥੱਲਿਓਂ ਮਿੱਟੀ ਕੱਢ ਕੇ ਲੈ ਗਿਆ। ਜੇ ਸੀ ਬੀ ਵੀ ਉਲਟੀ ਹੋ ਕੇ ਡਿੱਗ ਪਈ, ਪਰ ਡਰਾਈਵਰ ਛਾਲ ਮਾਰ ਕੇ ਨਿਕਲ ਗਿਆ, ਜਾਨ ਬਚ ਗਈ। ਜਲੰਧਰ ਵਿੱਚ ਪਾਣੀ ਨੇ ਕਹਿਰ ਮਚਾਇਆ ਹੋਇਆ ਹੈ। ਬਾਜ਼ਾਰ ਤੇ ਗਲੀਆਂ, ਸੜਕਾਂ ਨਦੀਆਂ ਦਾ ਰੂਪ ਧਾਰਨ ਕਰ ਚੁੱਕੇ ਹਨ। ਭਾਖੜਾ ਤੋਂ ਪਾਣੀ ਛੱਡਿਆ ਜਾ ਰਿਹਾ ਹੈ, ਉਹ ਸ਼ੂਕਾਂ ਮਾਰਦਾ ਹੋਇਆ ਸਤਲੁਜ ਤੇ ਬਿਆਸ ਵਿੱਚ ਹੜ੍ਹ ਦਾ ਰੂਪ ਧਾਰਨ ਕਰ ਚੁੱਕਾ ਹੈ। ਹਰੀਕੇ ਤੋਂ ਬਹੁਤ ਜ਼ਿਆਦਾ ਪਾਣੀ ਅੱਗੇ ਛੱਡਿਆ ਗਿਆ। ਹੁਸੈਨੀਵਾਲਾ ਹੈੱਡ ਪਾਣੀ ਖਤਰੇ ਦੇ ਨਿਸ਼ਾਨ ਤੋਂ ਉਤੇ ਹੋ ਚੁੱਕਾ ਹੈ। ਇਹ ਪਾਣੀ ਫਿਰੋਜ਼ਪੁਰ, ਜਲਾਲਾਬਾਦ ਤੇ ਫਾਜ਼ਿਲਕਾ ਨੂੰ ਤਬਾਹੀ ਦੇ ਮੰਜ਼ਰ ਵੱਲ ਲੈ ਕੇ ਜਾ ਰਿਹਾ ਹੈ। ਕਿਸੇ ਨੂੰ ਕੋਈ ਸਮਝ ਨਹੀਂ ਆ ਰਹੀ। ਬੇਸ਼ੱਕ ਲੋਕਾਂ ਦੀਆਂ ਮੁਸੀਬਤਾਂ ਹੱਲ ਕਰਨ ਵਾਸਤੇ ਬਹੁਤ ਸਾਰੀਆਂ ਸੰਸਥਾਵਾਂ ਅੱਗੇ ਆਈਆਂ ਹੋਈਆਂ ਹਨ। ਬਹੁਤ ਲੋਕਾਂ ਨੇ ਹੜ੍ਹ ਪੀੜਤਾਂ ਵਾਸਤੇ ਖਜ਼ਾਨੇ ਖੋਲ ਦਿੱਤੇ ਨੇ। ਇਥੋਂ ਤੱਕ ਕਈ ਪਿੰਡਾਂ ਦੇ ਵਿੱਚ ਲੋਕ ਅਜੇ ਫਸੇ ਹੋਏ ਹਨ। ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ, ਪਰ ਦੂਜੇ ਪਾਸੇ ਪਾਰਟੀਆਂ ਵਾਲੇ ਇੱਕ-ਦੂਜੇ ਉੱਤੇ ਦੂਸ਼ਣਬਾਜੀਆਂ ਕਰਦੇ ਨਜ਼ਰ ਆ ਰਹੇ ਹਨ।

ਇਸ ਵਕਤ ਇਹੋ ਜਿਹੀਆਂ ਗੱਲਾਂ ਤੇ ਇਹੋ ਜਿਹੇ ਬਿਆਨ ਦੇਣ ਦਾ ਕੋਈ ਫਾਇਦਾ ਨਹੀਂ। ਨਾ ਹੀ ਫੋਟੋ ਸੈਸ਼ਨ ਦਾ ਕੋਈ ਕੰਮ ਹੈ। ਹੁਣ ਤਾਂ ਸਭ ਤੋਂ ਪਹਿਲਾਂ ਇਨਸਾਨਾਂ ਨੂੰ ਕਿਵੇਂ ਬਚਾਉਣਾ ਹੈ, ਸਾਰਾ ਧਿਆਨ ਇਸ ਵੱਲ ਹੋਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਸਮੱਸਿਆ ਸਾਡੇ ਅੱਗੇ ਖੜੀ ਹੋਈ ਹੈ। ਇਸ ਨੂੰ ਹੱਲ ਕਰਨ ਵਾਸਤੇ ਸਾਨੂੰ ਸਾਰਿਆਂ ਨੂੰ ਇੱਕਮੁੱਠ ਹੋ ਕੇ ਹੋਣਾ ਚਾਹੀਦਾ ਹੈ। ਪੰਜਾਬ ਫਿਰ ਇੱਕ ਵਾਰ ਗੋਡਿਆਂ ਭਾਰ ਡਿੱਗ ਚੁੱਕਾ ਹੈ, ਇਸ ਨੂੰ ਹੁਣ ਉੱਠ ਕੇ ਸੰਭਲਣ ਵਾਸਤੇ ਕੁਝ ਸਮਾਂ ਲੱਗੇਗਾ। ਇਹ ਹੁਣ ਸਾਨੂੰ ਸਾਰਿਆਂ ਨੂੰ ਇਸ ਦੇ ਵਿੱਚ ਬਣਦਾ-ਸਰਦਾ ਹਿੱਸਾ ਪਾਉਣਾ ਚਾਹੀਦਾ ਹੈ। ਸਾਡਾ ਪੰਜਾਬ ਅਸੀਂ ਪੰਜਾਬੀ ਤੇ ਪੰਜਾਬੀਅਤ ਵਾਸਤੇ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਮੁਸੀਬਤ ਦਾ ਸਾਹਮਣਾ ਕਰਨ ਦੀ ਜ਼ਰੂਰਤ ਹੈ।

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
# ਸੰਪਰਕ : 75891-55501

# ਨੌਜਵਾਨਾਂ ਦਾ ਦੇਸ਼ ਅਤੇ ਬੇਚੈਨ ਜਵਾਨੀ


ਡਾ. ਸ਼ਿਆਮ ਸੁੰਦਰ ਦੀਪਤੀ

ਅੱਜ ਸਿਰਫ਼ ਭਾਰਤ ਹੀ ਨਹੀਂ, ਪੂਰੀ ਦੁਨੀਆ ਵਿਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਦੁਨੀਆ ਭਰ ਵਿਚ ਲੋਕਾਂ ਦੀ ਆਬਾਦੀ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਸਦਕਾ ਜਨਮ ਦਰ ਘੱਟ ਹੋਈ ਹੈ ਤੇ ਔਸਤਨ ਉਮਰ ਵਿਚ ਵਾਧਾ ਹੋਣ ਨਾਲ ਬਜ਼ੁਰਗਾਂ ਦੀ ਗਿਣਤੀ ਵੀ ਪਿਛਲੇ ਦਹਾਕਿਆਂ ਨਾਲੋਂ ਵੱਧ ਹੈ। ਸਾਡੇ ਦੇਸ਼ ਦੀ ਪ੍ਰਜਨਨ ਦਰ 2.1 ਹੈ, ਭਾਵੇਂ ਯੂ ਪੀ ਵਿਚ ਅਤੇ ਬਿਹਾਰ ਵਿਚ 4-5 ਦੇ ਕਰੀਬ ਹੈ ਤੇ ਪੰਜਾਬ ਦੀ 1.6 ਹੈ। ਬਜ਼ੁਰਗਾਂ ਦੀ ਗਿਣਤੀ 8.6 ਫੀਸਦੀ ਹੈ, ਜਿਨ੍ਹਾਂ ਔਸਤਨ 18 ਸਾਲ ਹੋਰ ਜੀਣਾ ਹੁੰਦਾ ਹੈ, ਮਤਲਬ 78 ਸਾਲ, ਪਰ ਇਨ੍ਹਾਂ ਤਬਦੀਲੀਆਂ ਵਿਚ, ਸਭ ਤੋਂ ਮਹੱਤਵਪੂਰਨ ਅੰਕੜਾ ਹੈ ਕਿ 15 ਤੋਂ 24 ਸਾਲ ਦੀ ਉਮਰ ਦਾ ਪੜਾਅ, ਤਕਰੀਬਨ 20-22 ਫੀਸਦੀ ਹੈ। ਜੇਕਰ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੀ ਕੁਲ ਆਬਾਦੀ ਦੇ ਹਿਸਾਬ ਨਾਲ, ਭਾਰਤ ਦੀ ਗੱਲ ਕਰੀਏ ਤਾਂ ਸਾਡੇ ਮੁਲਕ ਵਿਚ ਸਭ ਤੋਂ ਵੱਧ ਨੌਜਵਾਨ ਹਨ, ਚੀਨ ਤੋਂ ਵੀ ਵੱਧ, ਜਿੱਥੇ ਜਨਮ ਦਰ ਘੱਟ ਹੈ। ਇਸ ਤਰ੍ਹਾਂ ਸਾਡਾ ਮੁਲਕ ਸਭ ਤੋਂ ਜਵਾਨ ਮੁਲਕ ਹੈ।

ਇਹ ਸਾਡੇ ਲਈ ਖ਼ੁਸ਼ੀ ਅਤੇ ਤਸੱਲੀ ਵਾਲੀ ਗੱਲ ਹੋਣੀ ਚਾਹੀਦੀ ਹੈ ਕਿ ਸਾਡੇ ਕੋਲ ਦੁਨੀਆ ਵਿੱਚੋਂ ਸਭ ਤੋਂ ਉਸਾਰੂ ਉਮਰ ਦੇ ਸਭ ਤੋਂ ਵੱਧ ਨੌਜਵਾਨ ਹਨ। ਜਦੋਂ ਅਸੀਂ ਇਸ ਦੀ ਦੂਸਰੀ ਤਸਵੀਰ ਦੇਖਦੇ ਹਾਂ ਕਿ ਇਹ ਨੌਜਵਾਨ ਨਸ਼ਿਆਂ ਵਿਚ, ਸੈਕਸ ਨਾਲ ਜੁੜੀਆਂ ਏਡਜ਼ ਵਰਗੀਆਂ ਸਮੱਸਿਆਵਾਂ ਵਿਚ, ਖੁਦਕੁਸ਼ੀਆਂ ਵਿਚ ਅਤੇ ਸੜਕ ਹਾਦਸਿਆਂ ਵਰਗੀਆਂ ਵਾਰਦਾਤਾਂ ਵਿਚ ਆਪਣੀ ਸਮਰੱਥਾ ਨੂੰ ਬਰਬਾਦ ਜਾਂ ਖਤਮ ਕਰ ਰਹੇ ਹਨ। ਅੱਡੋ-ਅੱਡ ਲੱਗਣ ਵਾਲੀਆਂ ਇਹ ਚਾਰ ਹੀ ਸਮੱਸਿਆਵਾਂ ਕਿਤੇ ਨਾ ਕਿਤੇ ਧੁਰ ਅੰਦਰੋਂ ਇੱਕ ਹੀ ਜ਼ਮੀਨ ਦੀ ਉਪਜ ਹਨ ਤੇ ਇਹ ਜ਼ਿੰਦਗੀ ਦੇ ਇਸ ਵਿਸ਼ੇਸ਼ ਪੜਾਅ ਦਾ ਪ੍ਰਗਟਾਵਾ ਹਨ। ਕਹਿਣ ਤੋਂ ਭਾਵ ਕਿ ਇਨ੍ਹਾਂ ਦੇ ਪ੍ਰਗਟਾਵੇ ਪਿੱਛੇ ਕਿਤੇ ਨਾ ਕਿਤੇ ਇਸ ਉਮਰ ਦੀ ਬੇਚੈਨੀ, ਪਰੇਸ਼ਾਨੀ ਅਤੇ ਟੁਕੜੇ-ਟੁਕੜੇ ਹੋਈ ਮਾਨਸਿਕਤਾ ਹੈ। ਦੁਨੀਆ ਦੇ ਇਤਿਹਾਸ ਵਿਚ ਜੋ ਕੁਝ ਵੀ ਵਧੀਆ, ਸਾਵਾਂ, ਅਗਾਂਹਵਧੂ, ਦੇਸ਼ ਅਤੇ ਸਮਾਜ ਨੂੰ ਉਸਾਰੂ ਲੀਹਾਂ 'ਤੇ ਤੋਰਨ ਵਾਲਾ ਜ਼ਿਕਰਯੋਗ ਕਾਰਜ ਹੋਇਆ ਹੈ ਤਾਂ ਉਹ ਇਸੇ ਉਮਰ ਦੌਰਾਨ ਹੀ ਹੋਇਆ ਹੈ ਜਾਂ ਉਸ ਦੀਆਂ ਪੈੜਾਂ ਇਸ ਉਮਰ 'ਤੇ ਪੈਣੀਆਂ ਸ਼ੁਰੂ ਹੋਈਆਂ ਹਨ। ਉਹ ਚਾਹੇ ਪੜ੍ਹਾਈ ਹੋਵੇ, ਖੇਡਾਂ, ਵਿਗਿਆਨ ਅਤੇ ਚਾਹੇ ਕਲਾ ਤੇ ਰਾਜਨੀਤੀ।

ਅਸੀਂ ਹਰ ਸਾਲ ਆਪਣੇ ਕੁਝ ਕੁ ਨੌਜਵਾਨਾਂ ਦੇ ਕਾਰਨਾਮਿਆਂ 'ਤੇ ਮਾਣ ਕਰਦੇ ਹਾਂ, ਭਾਵੇਂ ਨਿਰਾਸ਼ਾ ਵੀ ਹੈ ਤੇ ਨਾਲ ਹੀ ਜਦੋਂ ਹੋਰ ਦੇਸ਼ਾਂ ਨਾਲ ਤੁਲਨਾ ਕਰਦੇ ਹਾਂ ਤਾਂ ਚਾਲੀ-ਪੰਜਾਹ ਲੱਖ ਵਾਲੇ ਦੇਸ਼ ਦੀ ਵਿਸ਼ਵ ਪੱਧਰੀ ਕਾਰਗੁਜ਼ਾਰੀ ਸਾਡੇ ਮੁਲਕ ਦਾ ਮੂੰਹ ਚਿੜਾਉਂਦੀ ਨਿਰਾਸ਼ ਵੀ ਕਰਦੀ ਹੈ।

ਅਸੀਂ ਆਪਣੀ ਸਭਿਅਤਾ 'ਤੇ ਮਾਣ ਕਰਦੇ ਹਾਂ, ਪਰ ਨਾਲ ਹੀ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਅਸੀਂ ਇਸ ਉਮਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ, ਜਦੋਂ ਇਕ ਕਿਸ਼ੋਰ ਬੱਚਾ ਜਵਾਨੀ ਵਿਚ ਦਾਖਲ ਹੋ ਰਿਹਾ ਹੁੰਦਾ ਹੈ। ਸਾਡੇ ਕੋਲ ਅਜੇ ਵੀ ਇੱਕੋ ਰਾਹ ਦਸੇਰਾ ਹੈ ਕਿ ਨੌਜਵਾਨੀ ਦਾ ਸੰਕਟ ਇਸ ਕਰਕੇ ਹੈ ਕਿ ਉਹ ਧਰਮ ਨਾਲ ਨਹੀਂ ਜੁੜ ਰਹੇ। ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੋ ਗਏ ਨੇ। ਮੰਨ ਲਵੋ ਕਿ ਜੇਕਰ ਇਹ ਵੀ ਇਕ ਕਾਰਨ ਹੈ ਤਾਂ ਇਸ ਨੂੰ ਸਮਝਣ ਅਤੇ ਅਧਿਐਨ ਕਰਨ ਦੀ ਲੋੜ ਨਹੀਂ ਕਿ ਕਿਸ ਵਜਾਹ ਕਰਕੇ ਉਹ ਨੈਤਿਕਤਾ ਜਾਂ ਧਰਮ ਤੋਂ ਟੁੱਟ ਰਹੇ ਹਨ। ਇਸ ਦੇ ਨਾਲ ਹੀ ਸਮਾਜ ਵਿਚ ਆਈ ਵੱਡੇ ਪੱਧਰ 'ਤੇ ਤਬਦੀਲੀ ਅਤੇ ਸਮਾਜ ਮਨੋ-ਵਿਗਿਆਨ ਦੀਆਂ ਖੋਜਾਂ ਰਾਹੀਂ ਇਸ ਉਮਰ ਦੀਆਂ ਖਾਸੀਅਤਾਂ ਅਤੇ ਕਾਬਲੀਅਤਾਂ ਨੂੰ ਜਾਣ ਕੇ ਉਨ੍ਹਾਂ ਦੀਆਂ ਵਿਸ਼ੇਸ਼-ਵਿਲੱਖਣ ਖ਼ੂਬੀਆਂ ਨੂੰ ਉਸਾਰੀ ਦੇ ਰਾਹ ਪਾਉਣਾ ਚਾਹੀਦਾ ਹੈ।

ਇਸ ਉਮਰ ਦੀਆਂ ਦੋ ਪ੍ਰਮੁੱਖ ਖਾਸੀਅਤਾਂ ਹਨ : ਨਵੀਂ ਸੋਚ ਅਤੇ ਕੁਝ ਕਰਨ ਦੀ ਚਾਹਤ ਤੇ ਹਿੰਮਤ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਇਹ ਉਮਰ ਸੁਪਨੇ ਲੈਣਾ ਵੀ ਜਾਣਦੀ ਹੈ ਤੇ ਪੂਰੇ ਕਰਨਾ ਵੀ। ਅਸੀਂ ਅਕਸਰ ਕਹਿੰਦੇ ਹਾਂ ਕਿ ਇਨ੍ਹਾਂ ਵਿਚ ਜੋਸ਼ ਹੈ ਤੇ ਹੋਸ਼ ਨਹੀਂ, ਪਰ ਇਹ ਧਾਰਨਾ ਗਲਤ ਹੈ। ਇਸ ਉਮਰ ਕੋਲ ਹੋਸ਼ ਵੀ ਹੈ ਤੇ ਜੋਸ਼ ਵੀ। ਇਹ ਜੋਸ਼ ਹੈ ਕੁਝ ਕਰ ਦਿਖਾਉਣ ਦਾ ਤੇ ਹੋਸ਼ ਹੈ ਕੁਝ ਨਵਾਂ ਕਰ ਕੇ ਦੇਖਣ ਦਾ, ਜੋ ਕਿ ਸਾਨੂੰ ਮਨਜ਼ੂਰ ਨਹੀਂ ਹੁੰਦਾ, ਕਿਉਂ ਜੋ ਉਹ ਸਾਡੇ ਮੁਤਾਬਕ ਨਹੀਂ ਹੁੰਦਾ। ਬਜ਼ੁਰਗਾਂ ਦੀ ਜਾਂ ਵਡੇਰੀ ਉਮਰ ਦੇ ਸਿਆਣੇ ਲੋਕਾਂ ਦੀ ਆਪਣੀ ਖਾਸੀਅਤ ਹੈ ਕਿ ਉਹ ਜਿਵੇਂ ਚਲਦਾ ਹੈ, ਉਵੇਂ ਚਲਾਉਣ ਤੇ ਚਲਦਾ ਰੱਖਣ ਵਿਚ ਯਕੀਨ ਰਖਦੇ ਹਨ।

ਸਿਆਣੇ ਅਤੇ ਤਜਰਬੇਕਾਰ ਕਹਾਉਣ ਵਾਲੇ ਲੋਕਾਂ ਨੂੰ ਇਸ ਉਮਰ ਦੀ ਇੱਜ਼ਤ ਕਰਦੇ ਹੋਏ ਇਨ੍ਹਾਂ ਨੂੰ ਆਪਣੇ ਮੁਤਾਬਕ ਤਜਰਬੇ ਕਰਨ ਦਾ ਮੌਕਾ ਦੇਣਾ ਹੁੰਦਾ ਹੈ। ਤਜਰਬੇਕਾਰ ਰਾਹ ਦਿਖਾ ਸਕਦਾ ਹੈ, ਨਿਗਰਾਨ ਬਣ ਸਕਦਾ ਹੈ, ਜਦੋਂ ਕਿ ਪਰਵਾਰ ਵਿਚ ਮਾਂ ਪਿਉ, ਸਕੂਲ ਵਿਚ ਅਧਿਆਪਕ ਤੇ ਸਮਾਜ ਵਿਚ ਰਾਜਨੇਤਾ ਤੇ ਧਾਰਮਿਕ ਆਗੂ ਹੁਕਮ ਚਲਾਉਣ ਵਿਚ ਵਿਸ਼ਵਾਸ ਕਰਦੇ ਹਨ ਤੇ ਆਪਣੇ ਬਣਾਏ ਰਾਹ 'ਤੇ ਚੱਲਣ ਲਈ ਮਜਬੂਰ ਕਰਦੇ ਹਨ।

ਅਸੀਂ ਆਪਣੇ ਆਲੇ-ਦੁਆਲੇ ਝਾਤੀ ਮਾਰ ਕੇ ਦੇਖ ਸਕਦੇ ਹਾਂ ਕਿ ਤਜਰਬੇ ਕਰਨ ਦਾ ਮਾਹੌਲ ਜੋ ਸਿੱਖਿਆ ਸੰਸਥਾਵਾਂ ਦੀ ਕਾਰਗੁਜ਼ਾਰੀ ਵਿਚ ਅਹਿਮ ਹਿੱਸਾ ਹੁੰਦਾ ਸੀ, ਹੁਣ ਜਿਵੇਂ ਗਾਇਬ ਹੋ ਗਿਆ ਹੈ। ਨਾ ਪੜ੍ਹਾਈ ਦਾ ਉਸਾਰੂ ਜਗਿਆਸੂ ਮਾਹੌਲ ਹੈ, ਸਕੂਲ ਵਿਚ ਲਾਇਬਰੇਰੀਆਂ ਨਾਂਅ ਦੀਆਂ ਹਨ ਤੇ ਲੈਬਾਰਟਰੀਆਂ ਨੂੰ ਤਾਂ ਜਿਵੇਂ ਵਾਧੂ ਭਾਰ ਸਮਝ ਕੇ ਕੱਢ ਹੀ ਦਿੱਤਾ ਗਿਆ ਹੈ। ਖੇਡਾਂ ਦੇ ਮੈਦਾਨ ਅਤੇ ਕਲਾ ਦੇ ਮੰਚ ਵੀ, ਕਾਰਪੋਰੇਟੀ ਪੜ੍ਹਾਈ ਵਿਚ, ਮੁਕਾਬਲੇਬਾਜ਼ੀ ਦੀ ਦੌੜ ਵਿਚ ਵਿਦਿਆਰਥੀ ਜੀਵਨ ਵਿੱਚੋਂ ਮਨਫ਼ੀ ਹੋ ਗਏ ਹਨ।

ਇਸ ਸਾਰੇ ਨਵੇਂ ਉਸਰ ਰਹੇ ਮਾਹੌਲ ਵਿਚ ਮਨੁੱਖੀ ਜ਼ਿੰਦਗੀ ਦੇ ਇਸ ਪੜਾਅ ਦੀ ਕੁਦਰਤੀ ਖਾਸੀਅਤ ਕੁਝ ਨਵਾਂ ਕਰਨਾ, ਤਜਰਬਾ ਕਰਕੇ ਦੇਖਣ ਦੀ ਅੰਦਰੂਨੀ ਚਾਹ ਨਹੀਂ ਮੁੱਕ ਜਾਂਦੀ। ਫਿਰ ਕੋਈ ਉਸ ਨੂੰ ਨਸ਼ਾ ਕਰਨ ਲਈ ਜਾਂ ਸੈਕਸ ਪ੍ਰਤੀ ਤਜਰਬਾ ਕਰਨ ਲਈ ਉਕਸਾਉਂਦਾ ਹੈ। 'ਕਰ ਕੇ ਦੇਖ! ਹੁਣ ਨਹੀਂ ਕਰੇਗਾ ਤਾਂ ਫਿਰ ਕਦੋਂ ਕਰੇਂਗਾ, ਹਰ ਇਕ ਚੀਜ਼ ਦਾ ਤਜਰਬਾ ਹੋਣਾ ਚਾਹੀਦਾ ਹੈ।' ਤਜਰਬੇ ਕਰਨ ਦੇ ਉਸਾਰੂ ਮੌਕੇ, ਜੋ ਅਸੀਂ ਨਹੀਂ ਦਿੱਤੇ, ਉਹ ਸਮਾਜ ਦਾ ਇਕ ਢਾਹੂ ਅੰਗ, ਗੈਰ-ਜ਼ਰੂਰੀ, ਕੁਰਾਹੇ ਪਾਉਣ ਵਾਲੇ ਰਾਹ ਲੈ ਜਾਣ ਵਾਲੇ ਤਜਰਬੇ ਕਰਵਾਉਂਦਾ ਹੈ ਤੇ ਨਤੀਜਾ ਅਸੀਂ ਦੇਖ ਰਹੇ ਹਾਂ ਕਿ ਉਹ ਇਸ ਵਿਚ ਕਾਮਯਾਬ ਵੀ ਹੋ ਰਿਹਾ ਹੈ।

ਅੰਦਾਜ਼ਾ ਲਗਾਓ ਕਿ ਵਿਕਾਸ ਦੀ ਲੜੀ ਵਿਚ ਜੋ ਗੁਣ ਉਸ ਨੂੰ ਮਿਲੇ ਹਨ, ਉਹ ਦੋਵੇਂ ਹੀ ਉਸ ਨੂੰ ਚੁਣੌਤੀ ਦੇ ਰਹੇ ਹਨ, ਕੁਝ ਕਰਨ ਨੂੰ, ਨੌਜਵਾਨ ਬੇਵੱਸ ਹੋ ਰਿਹਾ ਹੈ। ਸੁਪਨੇ ਪੂਰੇ ਕਰਨ ਦੀ ਸਮਰਥਾ ਬੇਚੈਨ ਹੁੰਦੀ ਹੈ ਤੇ ਉਹ ਟੁੱਟਦੀ ਹੈ, ਜਦੋਂ ਕਿ ਉਸ ਨੂੰ ਆਪਣੀ ਇਹ ਟੁੱਟ-ਭੱਜ ਮਨਜ਼ੂਰ ਕਰਨ ਵਿਚ ਵੀ ਔਖਿਆਈ ਹੁੰਦੀ ਹੈ। ਇਹ ਮਾਹੌਲ ਉਸ ਨੂੰ ਨਸ਼ਾ ਕਰਨ ਵੱਲ, ਸੈਕਸ ਵੱਲ ਜਾਂ ਰਫ਼ਤਾਰ ਵਿਚ ਕੀਤੀ ਆਪਣੀ ਕਾਰਗੁਜ਼ਾਰੀ ਵਿਚ 'ਕੁਝ ਕੀਤੇ ਜਾਣ' ਦੀ ਸੰਤੁਸ਼ਟੀ ਦੇਂਦਾ ਹੈ, ਭਾਵੇਂ ਇਸ ਦਾ ਅੰਤ ਖਤਰਨਾਕ ਕਿਉਂ ਨਾ ਹੋਵੇ।

ਅਸੀਂ ਅਕਸਰ ਹੋਰ ਗੱਲ ਵੀ ਕਹਿੰਦੇ ਹਾਂ ਕਿ ਇਹ ਜ਼ਿੰਮੇਵਾਰ ਨਹੀਂ ਹਨ, ਇਨ੍ਹਾਂ ਨੂੰ ਫੈਸਲਾ ਕਰਨਾ ਨਹੀਂ ਆਉਂਦਾ। ਇਹ ਉਮਰ ਦੇ ਕੱਚੇ ਨੇ, ਸਾਡੀ ਸੁਣਦੇ ਨਹੀਂ ਤੇ ਸਾਡੇ ਤਜਰਬੇ ਤੋਂ ਸਿੱਖਦੇ ਨਹੀਂ। ਸਵਾਲ ਇੱਥੇ ਵੀ ਉਹੀ ਹੈ ਕਿ ਅਸੀਂ ਕਦੇ ਸੁਚੇਤ ਤੌਰ 'ਤੇ ਮਨ ਬਣਾ ਕੇ ਇਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਦਿੱਤੀ ਹੈ ਜਾਂ ਜ਼ਿੰਮੇਵਾਰੀ ਨਿਭਾਉਣੀ ਸਿਖਾਈ ਹੈ? ਕਦੇ ਵੀ ਖ਼ੁਦ ਫੈਸਲੇ ਲੈਣ ਲਈ ਪ੍ਰੇਰਿਤ ਕੀਤਾ ਹੈ?

ਇਸ ਸਾਰੀ ਗੱਲ ਨੂੰ ਇਸ ਤੱਥ ਨਾਲ ਜੋੜਦੇ ਹਾਂ ਕਿ ਦੁਨੀਆ ਭਰ ਵਿਚ ਵੋਟ ਪਾਉਣ ਦੀ ਉਮਰ 18 ਸਾਲ ਹੈ। ਡਰਾਈਵਿੰਗ ਲਾਇਸੈਂਸ ਲੈਣ ਲਈ ਵੀ 18 ਸਾਲ। ਇਹ ਕੋਈ ਜਜ਼ਬਾਤੀ ਫੈਸਲਾ ਨਹੀਂ ਹੈ, ਸਗੋਂ ਸਰੀਰ-ਮਨੋਵਿਗਿਆਨ ਦੇ ਮਾਹਰਾਂ ਦਾ ਫੈਸਲਾ ਹੈ ਕਿ ਇਸ ਉਮਰ ਤੇ ਜ਼ਿੰਮੇਵਾਰੀ ਸੰਭਾਲਣ ਦੀ ਪਰਪੱਕਤਾ ਵਿਕਸਤ ਹੋ ਜਾਂਦੀ ਹੈ ਤੇ ਚੰਗੇ-ਬੁਰੇ ਦੀ ਪਛਾਣ ਕਰਨ ਦੀ ਕਲਾ ਵੀ ਸਮਝ ਲੈਂਦੇ ਹਨ, ਜੋ ਕਿ ਜ਼ਿੰਦਗੀ ਵਿਚ ਲੋੜੀਂਦੇ ਹੁੰਦੇ ਹਨ, ਪਰ ਸਾਡੀ ਧਾਰਨਾ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਕੋਈ ਸਾਰਥਕ ਮਾਹੌਲ ਦਿੱਤੇ ਬਗੈਰ ਹੀ ਬਣਾਈ ਹੋਈ ਹੈ।

ਇਸ ਸਥਿਤੀ ਅਤੇ ਪੈਦਾ ਹੋਈ ਬੇਚੈਨੀ ਦਾ ਮੂਲ ਸਮਝੀਏ ਤਾਂ ਮਹਿੰਗੀ ਪੜ੍ਹਾਈ, ਜੋ ਕਿ ਕਿਸੇ ਰਾਹ ਨਹੀਂ ਲਾਉਂਦੀ ਤੇ ਬੇਰੁਜ਼ਗਾਰੀ ਹੈ ਜੋ ਭਟਕਾਅ ਵੱਧ ਦੇ ਰਹੀ ਹੈ। ਇਸੇ ਦਾ ਹੀ ਨਤੀਜਾ ਕਹਿ ਸਕਦੇ ਹਾਂ ਕਿ ਜਿੱਥੇ ਕਿਤੇ ਵੀ ਸੰਭਵ ਹੈ, ਨੌਜਵਾਨ ਵਿਦੇਸ਼ਾਂ ਨੂੰ ਦੌੜ ਰਹੇ ਹਨ ਤੇ ਆਪਣੀਆਂ ਸਮਰਥਾਵਾਂ ਨਾਲ ਉਨ੍ਹਾਂ ਮੁਲਕਾਂ ਦੀ ਤਰੱਕੀ ਨੂੰ ਖੰਭ ਲਾ ਰਹੇ ਹਨ। ਅਸੀਂ ਆਪਣੀ ਇਸ ਉਸਾਰੂ ਸੰਭਾਵਨਾ ਭਰਪੂਰ, ਕੁਝ ਕਰਕੇ ਦਿਖਾਉਣ ਵਾਲੀ ਨੌਜਵਾਨੀ ਨੂੰ ਸਾਂਭ ਨਹੀਂ ਰਹੇ ਤੇ ਇਹ ਆਪਣੀ ਕਾਬਲੀਅਤ ਦਿਖਾਉਣ ਲਈ ਵਿਦੇਸ਼ੀ ਹੱਥਾਂ ਵਿਚ ਆਪਣੇ ਆਪ ਨੂੰ ਵੱਧ ਸੁਰੱਖਿਅਤ ਸਮਝਦੀ ਹੈ।

**# ਸੰਪਰਕ: 98158-08506**

# ਕੇਂਦਰ ਤੇ ਪੰਜਾਬ ਸਰਕਾਰ ਵਿਚਾਲੇ ਟਕਰਾਅ ਦਾ ਖਮਿਆਜ਼ਾ ਗਰੀਬ ਲੋਕ ਕਿਉਂ ਭੁਗਤਣ

ਪ੍ਰਵੀਨ ਪੁਰੀ

ਪੰਜਾਬ ਵਿਚ ਰਾਸ਼ਨ ਕਾਰਡ ਧਾਰਕਾਂ ਦੇ ਨਾਂਅ ਕਟਾਏ ਜਾਣ ਦਾ ਮਾਮਲਾ ਹਾਲ ਹੀ ਵਿੱਚ ਵੱਡੇ ਵਿਰੋਧ ਤੇ ਚਰਚਾ ਦਾ ਵਿਸ਼ਾ ਬਣਿਆ ਹੈ। ਕੇਂਦਰ ਸਰਕਾਰ ਨੇ ਸਖ਼ਤੀ ਦਿਖਾਉਂਦਿਆਂ ਹਜ਼ਾਰਾਂ ਪਰਵਾਰਾਂ ਨੂੰ ਮੁਫ਼ਤ ਮਿਲਣ ਵਾਲੇ ਅਨਾਜ ਤੋਂ ਵਾਂਝੇ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੇ ਉਲਟ ਪੰਜਾਬ ਸਰਕਾਰ ਮੰਨਦੀ ਹੈ ਕਿ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਕਿਸੇ ਵੀ ਹਾਲਤ ਵਿੱਚ ਇਸ ਸਹੂਲਤ ਤੋਂ ਵੰਚਿਤ ਨਹੀਂ ਕੀਤਾ ਜਾਣਾ ਚਾਹੀਦਾ।

ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਰਾਸ਼ਨ ਕਾਰਡਾਂ ਦੀ ਸੂਚੀ ਵਿੱਚ ਕਈ ਅਜਿਹੇ ਨਾਂਅ ਸ਼ਾਮਲ ਹਨ, ਜੋ ਯੋਗ ਨਹੀਂ ਹਨ—ਜਿਵੇਂ ਕਿ ਸਰਕਾਰੀ ਨੌਕਰੀ ਕਰਦੇ ਲੋਕ, ਉੱਚ ਆਮਦਨ ਵਾਲੇ ਪਰਵਾਰ ਜਾਂ ਉਹ ਲੋਕ, ਜੋ ਵਾਸਤਵ ਵਿੱਚ ਰਾਸ਼ਨ 'ਤੇ ਨਿਰਭਰ ਨਹੀਂ ਹਨ। ਸਰਕਾਰ ਅਨੁਸਾਰ ਇਹ ਕਾਰਡ ਫ਼ਰਜ਼ੀ ਤਰੀਕੇ ਨਾਲ ਜਾਂ ਗਲਤ ਜਾਣਕਾਰੀ ਦੇ ਆਧਾਰ 'ਤੇ ਬਣੇ ਹਨ।

ਕੇਂਦਰ ਸਰਕਾਰ ਦੀ ਦਲੀਲ ਹੈ ਕਿ ਜੇ ਰਾਸ਼ਨ ਕਾਰਡਾਂ ਦੀ ਸੂਚੀ ਵਿਚੋਂ ਗਲਤ ਨਾਂਅ ਕੱਟੇ ਨਹੀਂ ਗਏ ਤਾਂ ਯੋਗ ਹੱਕਦਾਰ ਪਰਵਾਰਾਂ ਨੂੰ ਅਨਾਜ ਨਹੀਂ ਮਿਲੇਗਾ। ਇਸ ਲਈ ਕੇਂਦਰ ਨੇ ਅੰਕੜਿਆਂ ਦੀ ਸਮੀਖਿਆ ਕਰਕੇ ਵੱਡੇ ਪੱਧਰ 'ਤੇ ਨਾਂਅ ਕੱਟਣ ਦੀ ਕਾਰਵਾਈ ਕੀਤੀ ਹੈ।

ਦੂਜੇ ਪਾਸੇ ਪੰਜਾਬ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ ਕਿ ਜੇ ਕੇਂਦਰ ਦੇ ਕਹਿਣ 'ਤੇ ਨਾਂਅ ਕੱਟ ਦਿੱਤੇ ਗਏ ਤਾਂ ਇਸ ਦਾ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਨੁਕਸਾਨ ਆਮ ਆਦਮੀ ਪਾਰਟੀ ਦਾ ਹੋਣਾ, ਜੋ ਅਸਲ ਵਿਚ ਕੇਂਦਰ ਸਰਕਾਰ ਚਹੁੰਦੀ ਹੈ ਅਤੇ ਕੇਂਦਰ ਸਰਕਾਰ ਦਾ ਇਹ ਗੁਪਤ ਏਜੰਡਾ ਹੈ, ਜਿਸ ਨੂੰ ਪੰਜਾਬ ਸਰਕਾਰ ਕਿਸੇ ਵੀ ਹਾਲਤ ਵਿਚ ਸਫ਼ਲ ਨਹੀਂ ਹੋਣ ਦੇਵੇਗੀ। ਪੰਜਾਬ ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਜੱਦੋਂ ਸੇਹਰਾ ਲੈਣ ਦੀ ਗੱਲ ਸੀ ਮੋਦੀ ਸਰਕਾਰ ਤੇ ਹੁਣ ਡੰਡੇ ਖਾਣ ਦੀ ਗੱਲ ਹੈ ਤਾਂ ਸੂਬਾ ਸਰਕਾਰ।ਸੂਬਾ ਸਰਕਾਰ ਨੂੰ ਲੱਗ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਡੂੰਘੀ ਸਾਜ਼ਿਸ਼ ਘੜ ਕਿ ਪੰਜਾਬ ਸਰਕਾਰ ਨੂੰ ਅੱਗੇ ਕਰ ਦਿੱਤਾ ਹੈ।ਕੇਂਦਰ ਦੀ ਕਾਰਵਾਈ ਬੇਵਜ੍ਹਾ ਹੈ ਅਤੇ ਉਹ ਇੱਕ ਨਿਸ਼ਾਨੇ ਨਾਲ ਕਈ ਹੋਰ ਨਿਸ਼ਾਨੇ ਲਾਉਣਾ ਚਾਹੁੰਦੀ ਹੈ।

ਕੇਂਦਰ ਅਤੇ ਪੰਜਾਬ ਸਰਕਾਰ ਦੀ ਇਸ ਆਪਸੀ ਲੜਾਈ ਵਿਚ ਪੀੜੇ ਉਹ ਲੋਕ ਜਾਣੇ ਹਨ, ਜੋ ਇਸ ਸਹੂਲਤ ਦਾ ਲਾਭ ਲੈ ਰਹੇ ਹਨ। ਪੰਜਾਬ ਦੀ ਅਰਥ ਵਿਵਸਥਾ ਕਿਸਾਨੀ ਅਧਾਰਤ ਹੈ, ਪਰ ਬੇਰੁਜ਼ਗਾਰੀ ਅਤੇ ਗਰੀਬੀ ਦਾ ਦਰ ਵੀ ਇਥੇ ਉੱਚਾ ਹੈ। ਸਰਕਾਰ ਦਾ ਮੰਨਣਾ ਹੈ ਕਿ ਬਹੁਤ ਸਾਰੇ ਉਹ ਪਰਵਾਰ, ਜਿਨ੍ਹਾਂ ਦੇ ਨਾਂਅ ਕੱਟੇ ਗਏ ਹਨ, ਅਸਲ ਵਿੱਚ ਗਰੀਬ ਹਨ, ਪਰ ਕਿਸੇ ਤਕਨੀਕੀ ਗੜਬੜ ਜਾਂ ਦਸਤਾਵੇਜ਼ੀ ਘਾਟ ਕਾਰਨ ਉਹਨਾਂ ਨੂੰ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੰਜਾਬ ਸਰਕਾਰ ਨੇ ਕੇਂਦਰ ਨੂੰ ਸਪੱਸ਼ਟ ਕਿਹਾ ਹੈ ਕਿ ਮੁਫ਼ਤ ਅਨਾਜ ਯੋਜਨਾ 'ਤੇ ਕੋਈ ਕਮੀ ਨਹੀਂ ਆਉਣੀ ਚਾਹੀਦੀ। ਜੇ ਕੇਂਦਰ ਹਟਦਾ ਹੈ ਤਾਂ ਰਾਜ ਆਪਣੀ ਤਰਫ਼ੋਂ ਕੋਈ ਵਿਕਲਪਿਕ ਪ੍ਰਬੰਧ ਕਰੇਗਾ, ਤਾਂ ਜੋ ਕਿਸੇ ਵੀ ਗਰੀਬ ਦਾ ਚੁੱਲ੍ਹਾ ਠੰਢਾ ਨਾ ਪਵੇ।

ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਵਿਚ ਲੱਖਾਂ ਰਾਸ਼ਨ ਕਾਰਡ ਧਾਰਕਾਂ ਦੀ ਸਮੀਖਿਆ ਕੀਤੀ ਗਈ ਹੈ। ਇਸ ਦੌਰਾਨ ਕੁਝ ਹਜ਼ਾਰ ਨਾਂਅ ਅਜਿਹੇ ਮਿਲੇ, ਜੋ ਨਿਯਮਾਂ ਅਨੁਸਾਰ ਯੋਗ ਨਹੀਂ ਸਨ। ਇਨ੍ਹਾਂ ਵਿਚੋਂ ਬਹੁਤੇ ਉਹ ਹਨ ਜੋ ਕਿਸੇ ਹੋਰ ਰਾਜ ਵਿਚ ਵੀ ਕਾਰਡ ਰੱਖਦੇ ਸਨ ਜਾਂ ਜਿਨ੍ਹਾਂ ਦੀ ਆਮਦਨ ਸਰਕਾਰੀ ਮਾਪਦੰਡਾਂ ਤੋਂ ਵੱਧ ਸੀ।ਹਾਲਾਂਕਿ, ਕਈ ਮਾਮਲਿਆਂ ਵਿਚ ਨਾਂਅ ਸਿਰਫ਼ ਦਸਤਾਵੇਜ਼ੀ ਗਲਤੀ ਕਾਰਨ ਵੀ ਕੱਟ ਗਏ ਹਨ, ਜਿਵੇਂ ਆਧਾਰ ਕਾਰਡ ਨਾਲ ਲਿੰਕ ਨਾ ਹੋਣਾ, ਪੁਰਾਣਾ ਪਤਾ ਦਰਜ ਹੋਣਾ ਜਾਂ ਪਰਵਾਰ ਦੀ ਜਾਣਕਾਰੀ ਅਪਡੇਟ ਨਾ ਹੋਣਾ। ਇਹ ਗਲਤੀਆਂ ਗਰੀਬ ਲੋਕਾਂ ਲਈ ਗੰਭੀਰ ਮੁੱਦੇ ਬਣ ਗਈਆਂ ਹਨ।

ਗਰੀਬ ਲੋਕਾਂ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਜੇ ਰਾਸ਼ਨ ਕਾਰਡ ਹੀ ਕੱਟ ਗਿਆ ਤਾਂ ਰੋਜ਼ਾਨਾ ਦੇ ਖਰਚੇ ਕਿਵੇਂ ਚੱਲਣਗੇ। ਅੱਜ ਦੇ ਸਮੇਂ ਵਿਚ ਮਹਿੰਗਾਈ ਨੇ ਹਰੇਕ ਦੇ ਘਰ ਦਾ ਬਜਟ ਤੋੜ ਕੇ ਰੱਖ ਦਿੱਤਾ ਹੈ। ਬਿਜਲੀ, ਪੈਟਰੋਲ, ਗੈਸ ਤੇ ਦਾਲ-ਆਟੇ ਦੇ ਭਾਅ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਇਸ ਹਾਲਤ ਵਿਚ ਰਾਸ਼ਨ ਕਾਰਡ ਤੇ ਮਿਲਣ ਵਾਲਾ ਮੁਫ਼ਤ ਜਾਂ ਸਸਤਾ ਅਨਾਜ ਹੀ ਲੋੜਵੰਦ ਲੋਕਾਂ ਲਈ ਵੱਡਾ ਸਹਾਰਾ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਹਰ ਕੱਟੇ ਕਾਰਡ ਦਾ ਵਿਸਥਾਰ ਨਾਲ ਮੁਲਾਂਕਣ ਕੀਤਾ ਜਾਵੇ ਅਤੇ ਜਿਨ੍ਹਾਂ ਪਰਵਾਰਾਂ ਦੇ ਨਾਂਅ ਗਲਤੀ ਨਾਲ ਕੱਟ ਗਏ ਹਨ, ਉਹਨਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਿਰਫ਼ ਅੰਕੜਿਆਂ ਦੇ ਆਧਾਰ 'ਤੇ ਨਹੀਂ, ਸਥਾਨਕ ਹਾਲਾਤ ਨੂੰ ਵੀ ਧਿਆਨ ਵਿਚ ਰੱਖ ਕੇ ਨੀਤੀ ਬਣਾਵੇ।

ਪੰਜਾਬ ਦੇ ਲੋੜਵੰਦ ਲੋਕਾਂ ਲਈ ਰਾਸ਼ਨ ਸਿਰਫ਼ ਅਨਾਜ ਨਹੀਂ, ਸਗੋਂ ਜੀਵਨ ਨਾਲ ਜੁੜਿਆ ਸਹਾਰਾ ਹੈ।ਕੇਂਦਰ ਤੇ ਰਾਜ ਵਿਚਾਲੇ ਰਾਜਨੀਤਕ ਜਾਂ ਪ੍ਰਸ਼ਾਸਕੀ ਟਕਰਾਅ ਦਾ ਖਮਿਆਜ਼ਾ ਗਰੀਬ ਲੋਕਾਂ ਨੂੰ ਨਹੀਂ ਭੁਗਤਣਾ ਚਾਹੀਦਾ। ਲੋਕਾਂ ਦੀ ਭਲਾਈ ਲਈ ਦੋਵੇਂ ਸਰਕਾਰਾਂ ਨੂੰ ਮਿਲ ਕੇ ਹੱਲ ਲੱਭਣਾ ਹੀ ਅਸਲ ਲੋਕਤੰਤਰ ਦੀ ਨਿਸ਼ਾਨੀ ਹੋਵੇਗੀ।

**# ਸੰਪਰਕ : 98782-77423**

# ਟੈਰਿਫ ਬਾਰੇ ਅਮਰੀਕੀ ਅਦਾਲਤ ਦੇ ਫੈਸਲੇ ਦੇ ਅਰਥ


ਮੁਹੰਮਦ ਅੱਬਾਸ ਧਾਲੀਵਾਲ

ਪਿਛਲੇ ਕਈ ਮਹੀਨਿਆਂ ਤੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਦੁਨੀਆ ਦੇ ਵੱਖ-ਵੱਖ ਦੇਸ਼ਾਂ 'ਤੇ ਲਗਾਈਆਂ ਗਈਆਂ ਟੈਰਿਫ ਦਰਾਂ ਵਿਵਾਦਤ ਵਿਸ਼ਾ ਬਣੀਆਂ ਹੋਈਆਂ ਹਨ। ਜਿੱਥੇ ਇਸ ਨੂੰ ਲੈ ਕੇ ਰਾਸ਼ਟਰਪਤੀ ਟਰੰਪ ਦੀ ਵੱਖ-ਵੱਖ ਦੇਸ਼ਾਂ ਵਿੱਚ ਵਿਰੋਧਤਾ ਹੋ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੀ ਆਏ ਦਿਨ ਵੱਖ-ਵੱਖ ਸਾਂਸਦਾਂ ਵੱਲੋਂ ਵਿਰੋਧਾਭਾਸੀ ਬਿਆਨ ਆਉਂਦੇ ਰਹੇ ਹਨ, ਪਰ ਹੁਣ ਹਾਲ ਹੀ ਵਿੱਚ ਇਨ੍ਹਾਂ ਟੈਰਿਫ ਦਰਾਂ ਨੂੰ ਲੈ ਕੇ ਇੱਕ ਅਮਰੀਕਾ ਦੀ ਅਦਾਲਤ ਨੇ ਟਰੰਪ ਦੀ ਨਿੰਦਾ ਕੀਤੀ ਹੈ ਅਤੇ ਉਸ ਦੁਆਰਾ ਵਧਾਈਆਂ ਗਈਆਂ ਟੈਰਿਫ ਦਰਾਂ ਨੂੰ ਗੈਰ-ਵਾਜਿਬ ਕਰਾਰ ਦਿੱਤਾ ਗਿਆ ਹੈ।

ਇਸ ਸੰਦਰਭ ਵਿੱਚ 29 ਅਗਸਤ, 2025 ਨੂੰ ਯੂ.ਐੱਸ. ਕੋਰਟ ਆਫ ਅਪੀਲਜ਼ ਫਾਰ ਦ ਫੈਡਰਲ ਸਰਕਟ ਨੇ 7-4 ਦੇ ਫੈਸਲੇ ਵਿੱਚ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ (IEEPA) ਅਧੀਨ ਲਗਾਏ ਗਏ ਜ਼ਿਆਦਾਤਰ ਟੈਰਿਫ ਨੂੰ ਗੈਰ-ਕਾਨੂੰਨੀ ਆਖਿਆ ਹੈ। ਦਰਅਸਲ ਇਹ ਫੈਸਲਾ ਯੂ.ਐੱਸ. ਕੋਰਟ ਆਫ ਇੰਟਰਨੈਸ਼ਨਲ ਟਰੇਡ (CIT) ਦੇ 28 ਮਈ, 2025 ਦੇ ਫੈਸਲੇ ਨੂੰ ਸਹੀ ਠਹਿਰਾਉਂਦਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਟਰੰਪ ਨੇ ਆਪਣੀ ਅਥਾਰਟੀ ਤੋਂ ਬਾਹਰ ਜਾ ਕੇ ਇਹ ਟੈਰਿਫ ਲਗਾਏ ਹਨ।

ਇਸ ਟੈਰਿਫ ਦੇ ਚੱਲਦਿਆਂ ਰੀਸੀਪ੍ਰੋਕਲ ਟੈਰਿਫ (ਅਪ੍ਰੈਲ 2025) ਦੇ ਸੰਦਰਭ ਵਿੱਚ ਸਾਰੇ ਦੇਸ਼ਾਂ ਤੋਂ ਆਯਾਤ 'ਤੇ 10 ਫੀਸਦੀ ਬੇਸਲਾਈਨ ਟੈਰਿਫ ਅਤੇ ਕਈ ਦੇਸ਼ਾਂ 'ਤੇ 11 ਫੀਸਦੀ ਤੋਂ 50 ਫੀਸਦੀ ਦਰਾਂ ਵਪਾਰਕ ਅਸੰਤੁਲਨ ਨੂੰ ਸੁਧਾਰਨ ਲਈ। ਜਦੋਂ ਕਿ ਫੈਂਟਾਨਾਈਲ ਟੈਰਿਫ (ਫਰਵਰੀ 2025) ਰਾਹੀਂ ਕੈਨੇਡਾ, ਮੈਕਸੀਕੋ ਅਤੇ ਚੀਨ 'ਤੇ ਫੈਂਟਾਨਾਈਲ ਅਤੇ ਇਸ ਦੇ ਪੂਰਵਜ਼ਾਂ ਦੇ ਪ੍ਰਵਾਹ ਨੂੰ ਰੋਕਣ ਦੇ ਨਾਂਅ 'ਤੇ।

ਜੇਕਰ ਉਕਤ ਸੰਦਰਭ ਵਿੱਚ ਕਾਨੂੰਨੀ ਅਧਾਰ ਦੀ ਗੱਲ ਕਰੀਏ ਤਾਂ ਅਦਾਲਤ ਨੇ ਕਿਹਾ ਕਿ (IEEPA), ਜੋ 1977 ਦਾ ਕਾਨੂੰਨ ਹੈ ਅਤੇ ਸੈਂਕਸ਼ਨਾਂ ਜਾਂ ਸੰਪਤੀਆਂ ਨੂੰ ਫ੍ਰੀਜ਼ ਕਰਨ ਲਈ ਵਰਤਿਆ ਜਾਂਦਾ ਹੈ, ਵਿੱਚ ਟੈਰਿਫ ਲਗਾਉਣ ਦੀ ਸਪੱਸ਼ਟ ਅਥਾਰਟੀ ਨਹੀਂ ਹੈ।ਅਮਰੀਕੀ ਸੰਵਿਧਾਨ ਅਨੁਸਾਰ ਟੈਰਿਫ ਲਗਾਉਣ ਦੀ ਸ਼ਕਤੀ ਕਾਂਗਰਸ ਦੀ ਮੁੱਖ ਸ਼ਕਤੀ ਹੈ।ਇਸ ਟੈਰਿਫ ਦੇ ਪ੍ਰਭਾਵ ਅਤੇ ਦਾਇਰਾ ਬਹੁਤ ਵਿਸ਼ਾਲ ਹੈ। ਅਰਥਾਤ ਇਹ ਟੈਰਿਫ 'ਬੇਹੱਦ ਵਿਸ਼ਾਲ, ਰਕਮ ਅਤੇ ਮਿਆਦ ਵਿੱਚ ਅਸੀਮਤ' ਸਨ, ਜੋ (IEEPA) ਦੀ ਅਥਾਰਟੀ ਤੋਂ ਬਾਹਰ ਸਨ। ਇਹ ਫੈਸਲਾ ਸੈਕਸ਼ਨ 232 (ਸਟੀਲ, ਐਲੂਮੀਨੀਅਮ ਅਤੇ ਆਟੋ) ਵਰਗੇ ਹੋਰ ਕਾਨੂੰਨਾਂ ਅਧੀਨ ਟੈਰਿਫਾਂ 'ਤੇ ਲਾਗੂ ਨਹੀਂ ਹੁੰਦਾ।

ਉਕਤ ਸੰਦਰਭ ਵਿੱਚ ਅਦਾਲਤ ਨੇ ਫੈਸਲੇ ਨੂੰ 14 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ, ਤਾਂ ਜੋ ਟਰੰਪ ਪ੍ਰਸ਼ਾਸਨ ਯੂ.ਐੱਸ. ਸੁਪਰੀਮ ਕੋਰਟ ਵਿੱਚ ਅਪੀਲ ਕਰ ਸਕੇ। ਇਸ ਦਾ ਮਤਲਬ ਹੈ ਕਿ ਟੈਰਿਫ ਅਜੇ ਵੀ ਲਾਗੂ ਹਨ।

ਗੱਲ ਜੇਕਰ ਇਸ ਦੇ ਆਰਥਿਕ ਪ੍ਰਭਾਵ ਦੀ ਕਰੀਏ ਤਾਂ ਇਹਨਾਂ ਟੈਰਿਫਾਂ ਨੇ ਅਮਰੀਕੀ ਕੰਪਨੀਆਂ ਨੂੰ £34 ਅਰਬ ਤੋਂ ਵੱਧ ਦਾ ਨੁਕਸਾਨ ਅਤੇ ਵਧੀਆਂ ਕੀਮਤਾਂ ਦਾ ਸਾਹਮਣਾ ਕਰਵਾਇਆ, ਜਿਸ ਨਾਲ ਗਾਹਕਾਂ ਨੂੰ ਵੀ ਵਧੀਆਂ ਕੀਮਤਾਂ ਦਾ ਸਾਹਮਣਾ ਕਰਨਾ ਪਿਆ। ਜੇ ਟੈਰਿਫ ਹਟਾਏ ਗਏ ਤਾਂ ਸਰਕਾਰ ਨੂੰ ਲਗਭਗ $30 ਅਰਬ ਦੀ ਵਾਪਸੀ ਕਰਨੀ ਪੈ ਸਕਦੀ ਹੈ।

ਉਧਰ ਉਕਤ ਫੈਸਲੇ ਨੂੰ ਲੈ ਕੇ ਸੁਪਰੀਮ ਕੋਰਟ 'ਚ ਅਪੀਲ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਮੁੱਦੇ ਦੀ ਸੰਵਿਧਾਨਕ ਮਹੱਤਤਾ ਕਾਰਨ ਮਾਮਲਾ ਸੁਪਰੀਮ ਕੋਰਟ ਜਾਣ ਦੀ ਸੰਭਾਵਨਾ ਹੈ।

ਮਾਹਰਾਂ ਅਨੁਸਾਰ ਮੇਜਰ ਕੁਐਸਚਨਜ਼ ਡਾਕਟਰਾਈਨ (ਜੋ ਵੱਡੇ ਮੁੱਦਿਆਂ 'ਤੇ ਕਾਰਜਕਾਰੀ ਸ਼ਕਤੀਆਂ ਨੂੰ ਸੀਮਤ ਕਰਦੀ ਹੈ) ਇਸ ਦਾ ਨਤੀਜਾ ਪ੍ਰਭਾਵਤ ਕਰ ਸਕਦੀ ਹੈ।

ਪਰ ਜੇ ਸੁਪਰੀਮ ਕੋਰਟ ਨੇ ਫੈਸਲਾ ਸਹੀ ਠਹਿਰਾਇਆ ਤਾਂ ਟਰੰਪ ਪ੍ਰਸ਼ਾਸਨ, ਸੈਕਸ਼ਨ 122 (15% ਟੈਰਿਫ 150 ਦਿਨਾਂ ਲਈ) ਜਾਂ ਸੈਕਸ਼ਨ 301 (ਗੈਰ-ਵਪਾਰਕ ਅਭਿਆਸਾਂ ਲਈ) ਵਰਤ ਸਕਦਾ ਹੈ, ਪਰ ਇਹਨਾਂ ਵਿੱਚ ਵਧੇਰੇ ਪ੍ਰਕਿਰਿਆਵਾਂ ਦੀ ਲੋੜ ਹੈ।

ਉਧਰ ਰਾਸ਼ਟਰਪਤੀ ਟਰੰਪ ਨੇ ਉਕਤ ਫੈਸਲੇ ਦੇ ਸੰਦਰਭ ਵਿੱਚ ਅਦਾਲਤ ਨੂੰ 'ਬਹੁਤ ਪੱਖਪਾਤੀ' ਕਿਹਾ ਅਤੇ ਚੇਤਾਵਨੀ ਦਿੱਤੀ ਕਿ ਟੈਰਿਫ ਹਟਾਉਣ ਨਾਲ 'ਅਮਰੀਕਾ ਦਾ ਨਾਸ਼' ਹੋਵੇਗਾ। ਉਸ ਨੇ ਵਿਸ਼ਵਾਸ ਜਤਾਇਆ ਕਿ ਸੁਪਰੀਮ ਕੋਰਟ ਇਸ ਨੂੰ ਪਲਟ ਦੇਵੇਗੀ, ਕਹਿੰਦੇ ਹੋਏ ਕਿ ਟੈਰਿਫ ਅਮਰੀਕੀ ਕਾਮਿਆਂ ਅਤੇ ਨਿਰਮਾਤਾਵਾਂ ਲਈ ਜ਼ਰੂਰੀ ਹਨ।




ਉਕਤ ਸੰਦਰਭ ਵਿੱਚ ਟਰੰਪ ਦੀ ਇਹ ਦਲੀਲ ਹੈ ਕਿ ਵਪਾਰ ਨੂੰ ਲੈ ਕੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਸੀ ਕਿ ਵਪਾਰ ਵਿੱਚ ਅਸੰਤੁਲਨ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਨੁਕਸਾਨਦਾਇਕ ਹੈ।

ਅਦਾਲਤ ਨੇ ਫੈਸਲਾ ਦਿੱਤਾ ਕਿ ਟੈਰਿਫ਼ ਲਗਾਉਣਾ ਰਾਸ਼ਟਰਪਤੀ ਦੇ ਅਧਿਕਾਰ ਵਿੱਚ ਨਹੀਂ ਆਉਂਦਾ ਅਤੇ ਟੈਰਿਫ਼ ਲਗਾਉਣ ਦੀ ਸ਼ਕਤੀ 'ਸੰਸਦ ਦੀ ਮੁੱਢਲੀ ਸ਼ਕਤੀ' ਹੈ।

ਅਮਰੀਕੀ ਫੈਡਰਲ ਸਰਕਟ ਦੀ ਅਪੀਲੀਅਤ ਅਦਾਲਤ ਨੇ ਆਪਣੇ ਫੈਸਲੇ ਵਿੱਚ ਟਰੰਪ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਇਹ ਟੈਰਿਫ਼ ਉਨ੍ਹਾਂ ਦੀ ਆਰਥਿਕ ਐਮਰਜੈਂਸੀ ਸ਼ਕਤੀਆਂ ਦੇ ਤਹਿਤ ਜਾਇਜ਼ ਸਨ ਅਤੇ ਇਹਨਾਂ ਟੈਕਸਾਂ ਨੂੰ 'ਕਾਨੂੰਨ ਦੇ ਖਿਲਾਫ਼ ਅਤੇ ਅਵੈਧ' ਕਰਾਰ ਦਿੱਤਾ।

127 ਸਫ਼ਿਆਂ ਦੇ ਆਪਣੇ ਇਸ ਫੈਸਲੇ ਵਿੱਚ ਕਿਹਾ ਗਿਆ ਕਿ ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ 'ਨਾ ਤਾਂ ਟੈਰਿਫ਼ (ਜਾਂ ਇਸ ਦੇ ਕਿਸੇ ਪਰਾਇਵਾਚੀ) ਦਾ ਜ਼ਿਕਰ ਕਰਦਾ ਹੈ ਅਤੇ ਨਾ ਹੀ ਇਸ ਵਿੱਚ ਅਜਿਹੇ ਪ੍ਰਕਿਰਿਆ ਸੰਬੰਧੀ ਸੁਰੱਖਿਆ ਉਪਾਅ ਹਨ, ਜੋ ਰਾਸ਼ਟਰਪਤੀ ਦੀ ਟੈਰਿਫ਼ ਲਗਾਉਣ ਦੀ ਸ਼ਕਤੀ 'ਤੇ ਸਾਫ਼ ਹੱਦਾਂ ਲਗਾਉਂਦੇ ਹੋਣ।

ਅਦਾਲਤ ਨੇ ਫੈਸਲਾ ਦਿੱਤਾ ਕਿ ਕਰ ਅਤੇ ਟੈਰਿਫ਼ ਲਗਾਉਣ ਦੀ ਸ਼ਕਤੀ ਅਜੇ ਵੀ ਸਿਰਫ਼ ਕਾਂਗਰਸ ਕੋਲ ਹੈ, ਅਤੇ (IEEPA) ਇਸ ਸ਼ਕਤੀ ਤੋਂ ਉੱਤੇ ਨਹੀਂ ਜਾ ਸਕਦਾ।

ਅਦਾਲਤ ਨੇ ਲਿਖਿਆ ਕਿ ਇਹ ਸੰਭਾਵਨਾ ਘੱਟ ਹੈ ਕਿ ਜਦੋਂ ਕਾਂਗਰਸ ਨੇ 1977 ਵਿੱਚ ਇਹ ਕਾਨੂੰਨ ਪਾਸ ਕੀਤਾ ਸੀ ਤਾਂ ਉਸ ਦਾ ਮਕਸਦ ਆਪਣੀ ਪਿਛਲੀ ਨੀਤੀ ਤੋਂ ਹਟ ਕੇ ਰਾਸ਼ਟਰਪਤੀ ਨੂੰ ਅਸੀਮਤ ਟੈਰਿਫ਼ ਲਗਾਉਣ ਦਾ ਅਧਿਕਾਰ ਦੇਣਾ ਸੀ।

ਉਕਤ ਫੈਸਲੇ ਵਿੱਚ ਜੱਜਾਂ ਨੇ ਲਿਖਿਆ ਹੈ ਕਿ 'ਜਦੋਂ ਵੀ ਕਾਂਗਰਸ ਰਾਸ਼ਟਰਪਤੀ ਨੂੰ ਟੈਰਿਫ਼ ਲਗਾਉਣ ਦਾ ਅਧਿਕਾਰ ਦੇਣਾ ਚਾਹੁੰਦੀ ਹੈ ਤਾਂ ਉਹ ਇਸ ਨੂੰ ਸਾਫ਼ ਸ਼ਬਦਾਂ ਵਿੱਚ ਕਰਦੀ ਹੈ – ਜਿਵੇਂ 'ਟੈਰਿਫ਼' ਅਤੇ 'ਸ਼ੁਲਕ' ਵਰਗੇ ਸ਼ਬਦਾਂ ਦੀ ਸਿੱਧੀ ਵਰਤੋਂ ਜਾਂ ਫਿਰ ਅਜਿਹੀ ਸੰਰਚਨਾ ਰਾਹੀਂ, ਜਿਸ ਨਾਲ ਸਾਫ਼ ਹੋ ਜਾਵੇ ਕਿ ਕਾਂਗਰਸ ਟੈਰਿਫ਼ਾਂ ਦੀ ਗੱਲ ਕਰ ਰਹੀ ਹੈ।'

ਇਹ ਫੈਸਲਾ ਛੋਟੇ ਵਪਾਰੀ ਅਤੇ ਅਮਰੀਕੀ ਰਾਜਾਂ ਦੇ ਗਠਜੋੜ ਵੱਲੋਂ ਦਾਇਰ ਦੋ ਮੁਕੱਦਮਿਆਂ ਦੇ ਜਵਾਬ ਵਿੱਚ ਆਇਆ ਹੈ।

ਇਹ ਮੁਕੱਦਮੇ ਅਪ੍ਰੈਲ ਵਿੱਚ ਟਰੰਪ ਦੇ ਐਗਜ਼ੀਕਿਊਟਿਵ ਆਦੇਸ਼ਾਂ ਤੋਂ ਬਾਅਦ ਦਾਇਰ ਕੀਤੇ ਗਏ ਸਨ। ਇਨ੍ਹਾਂ ਆਦੇਸ਼ਾਂ ਰਾਹੀਂ ਲੱਗਭੱਗ ਹਰ ਦੇਸ਼ 'ਤੇ 10 ਫੀਸਦੀ ਦਾ ਬੇਸਲਾਈਨ ਟੈਰਿਫ਼ ਅਤੇ ਦਰਜਨਾਂ ਦੇਸ਼ਾਂ 'ਤੇ ਰਿਸੀਪਰੋਕਲ ਟੈਰਿਫ਼ ਲਗਾਇਆ ਗਿਆ ਸੀ। ਟਰੰਪ ਨੇ ਇਸ ਦਿਨ ਨੂੰ ਅਨੁਚਿਤ ਵਪਾਰ ਨੀਤੀਆਂ ਤੋਂ ਅਮਰੀਕਾ ਦੀ ਆਜ਼ਾਦੀ ਦਾ ਦਿਨ ਕਿਹਾ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਈ ਵਿੱਚ ਨਿਊਯਾਰਕ ਅਧਾਰਿਤ ਇੰਟਰਨੈਸ਼ਨਲ ਟਰੇਡ ਕੋਰਟ ਨੇ ਇਹ ਟੈਰਿਫ਼ ਅਵੈਧ ਕਰਾਰ ਦਿੱਤੇ ਸਨ, ਪਰ ਅਪੀਲ ਦੀ ਪ੍ਰਕਿਰਿਆ ਕਾਰਨ ਫੈਸਲੇ ਨੂੰ ਰੋਕ ਦਿੱਤਾ ਗਿਆ ਸੀ।

ਫੈਸਲੇ ਤੋਂ ਪਹਿਲਾਂ ਵ੍ਹਾਈਟ ਹਾਊਸ ਦੇ ਵਕੀਲਾਂ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਇਹ ਟੈਰਿਫ਼ ਅਵੈਧ ਕਰਾਰ ਦਿੱਤੇ ਗਏ ਤਾਂ ਇਹ 1929 ਦੇ ਸਟਾਕ ਮਾਰਕੀਟ ਕਰੈਸ਼ ਅਤੇ ਮਹਾਂਮੰਦੀ ਵਰਗੀ ਆਰਥਿਕ ਤਬਾਹੀ ਲਿਆ ਸਕਦੇ ਹਨ।

ਵਕੀਲਾਂ ਨੇ ਇੱਕ ਪੱਤਰ ਵਿੱਚ ਲਿਖਿਆ, (IEEPA) ਦੇ ਤਹਿਤ ਰਾਸ਼ਟਰਪਤੀ ਦੀ ਟੈਰਿਫ਼ ਸੰਬੰਧੀ ਸ਼ਕਤੀਆਂ ਨੂੰ ਅਚਾਨਕ ਰੱਦ ਕਰ ਦੇਣਾ ਸਾਡੀ ਰਾਸ਼ਟਰੀ ਸੁਰੱਖਿਆ, ਵਿਦੇਸ਼ ਨੀਤੀ ਅਤੇ ਅਰਥ ਵਿਵਸਥਾ ਲਈ ਵਿਨਾਸ਼ਕਾਰੀ ਨਤੀਜੇ ਲਿਆ ਸਕਦਾ ਹੈ।

ਉਧਰ ਵਕੀਲਾਂ ਕਹਿਣਾ ਹੈ, 'ਰਾਸ਼ਟਰਪਤੀ ਦਾ ਮੰਨਣਾ ਹੈ ਕਿ ਜੇਕਰ ਐਸਾ ਹੋਇਆ ਤਾਂ ਅਮਰੀਕਾ ਉਹ ਟ੍ਰਿਲੀਅਨ ਡਾਲਰ ਦੀ ਰਕਮ ਨਹੀਂ ਅਦਾ ਕਰ ਸਕੇਗਾ, ਜੋ ਹੋਰ ਦੇਸ਼ ਪਹਿਲਾਂ ਹੀ ਦੇਣ ਦਾ ਵਾਅਦਾ ਕਰ ਚੁੱਕੇ ਹਨ, ਜਿਸ ਨਾਲ ਆਰਥਕ ਬਰਬਾਦੀ ਹੋ ਸਕਦੀ ਹੈ।'

ਇਹ ਫੈਸਲਾ ਉਹਨਾਂ ਸਮਝੌਤਿਆਂ ਉੱਤੇ ਵੀ ਸਵਾਲ ਖੜੇ ਕਰਦਾ ਹੈ, ਜੋ ਕੁਝ ਦੇਸ਼ਾਂ ਨੇ ਅਮਰੀਕਾ ਨਾਲ ਘੱਟ ਟੈਰਿਫ਼ ਦਰਾਂ ਲਈ ਕੀਤੇ ਸਨ।

ਇਸ ਤਾਜ਼ਾ ਘਟਨਾਕ੍ਰਮ ਨਾਲ ਇਹ ਲੱਗਭੱਗ ਨਿਸ਼ਚਿਤ ਹੋ ਗਿਆ ਹੈ ਕਿ ਇਹ ਮਾਮਲਾ ਹੁਣ ਅਮਰੀਕੀ ਸੁਪਰੀਮ ਕੋਰਟ ਤੱਕ ਪਹੁੰਚੇਗਾ, ਜੋ ਹਾਲੀਆ ਸਾਲਾਂ ਵਿੱਚ ਉਹਨਾਂ ਰਾਸ਼ਟਰਪਤੀਆਂ ਪ੍ਰਤੀ ਸੰਦੇਹਪੂਰਨ ਰਵੱਈਆ ਅਪਣਾਉਂਦੀ ਆਈ ਹੈ, ਜੋ ਕਾਂਗਰਸ ਦੀ ਸਾਫ਼ ਮਨਜ਼ੂਰੀ ਤੋਂ ਬਿਨਾਂ ਵੱਡੇ ਪੱਧਰ ਦੀਆਂ ਨੀਤੀਆਂ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ।

**# ਸੰਪਰਕ : 98552-59650**

# ਹੜ੍ਹਾਂ ਦੀ ਸਥਿਤੀ 'ਤੇ ਜ਼ਿਲ੍ਹਾ ਪਟਿਆਲਾ ਦੇ ਐੱਮ ਐੱਲ ਏ ਇਕਜੁੱਟ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਇਲਾਕਿਆਂ 'ਚ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਸਾਰੇ ਐੱਮ.ਐੱਲ.ਏ. ਇਕਜੁਟ ਹੋ ਕੇ ਮੈਦਾਨ ਵਿੱਚ ਉਤਰੇ ਹੋਏ ਹਨ।ਵਿਧਾਇਕਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਤੇ ਪ੍ਰਸ਼ਾਸਨ ਹੜ੍ਹਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਕਰਨ ਦੀ ਲੋੜ ਨਹੀਂ ਹੈ।

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸਮਾਣਾ ਤੋਂ ਚੇਤਨ ਸਿੰਘ ਜੌੜਾਮਾਜਰਾ, ਨਾਭਾ ਤੋਂ ਐੱਮ.ਐੱਲ.ਏ. ਗੁਰਦੇਵ ਸਿੰਘ ਦੇਵ ਮਾਨ ਤੇ ਸ਼ੁਤਰਾਣਾ ਤੋਂ ਐੱਮ.ਐੱਲ.ਏ. ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਹਰੇਕ ਮੁੱਖ ਮਹਿਕਮੇ ਦੀ ਟੀਮ ਮੈਦਾਨ ਵਿੱਚ ਹੈ ਅਤੇ ਹੜ੍ਹਾਂ ਕਾਰਨ ਪੈਦਾ ਹੋਣ ਵਾਲੇ ਹਾਲਾਤ ਤੋਂ ਨਜਿੱਠਣ ਲਈ ਲਗਾਤਾਰ ਕੰਮ ਕਰ ਰਹੀ ਹੈ । ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਐੱਮ.ਐੱਲ.ਏ ਘਨੌਰ ਤੋਂ ਗੁਰਲਾਲ ਘਨੌਰ ਤੇ ਰਾਜਪੁਰਾ ਤੋਂ ਐੱਮ.ਐੱਲ.ਏ. ਨੀਨਾ ਮਿੱਤਲ ਆਪੋ ਆਪਣੇ ਖੇਤਰ 'ਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ, ਪਰ ਉਹ ਵੀ ਜ਼ਿਲ੍ਹੇ ਦੇ ਵਿਧਾਇਕਾਂ ਦੀ ਟੀਮ ਨਾਲ ਇਕਜੁੱਟ ਹੋ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੀਤੇ ਜਾ ਰਹੇ ਕਾਰਜਾਂ ਨੂੰ ਨਾਲ ਲੈ ਕੇ ਲੋਕਾਂ ਵਿੱਚ ਵਿਚਰ ਰਹੇ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਸਰਕਾਰ ਦੀ ਪ੍ਰਾਥਮਿਕਤਾ ਹੈ । ਅਸੀਂ ਹਰ ਪਾਸੇ ਜ਼ਮੀਨੀ ਹਕੀਕਤ ਨੂੰ ਵੇਖ ਰਹੇ ਹਾਂ । ਜਿਹੜੇ ਇਲਾਕੇ ਹੜ੍ਹਾਂ ਤੋਂ ਪ੍ਰਭਾਵਿਤ ਹੋ ਸਕਦੇ ਹਨ, ਉਥੇ ਪਹਿਲਾਂ ਹੀ ਐਲਰਟ ਜਾਰੀ ਕਰ ਦਿੱਤਾ ਗਿਆ ਹੈ ਜੇਕਰ ਕਿਸੇ ਵੀ ਪਰਿਵਾਰ ਨੂੰ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਬਿਨਾਂ ਝਿਜਕ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ ।

ਐੱਮ.ਐੱਲ.ਏ. ਕੁਲਵੰਤ ਸਿੰਘ ਬਾਜ਼ੀਗਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਬਚਣ ਅਤੇ ਸਰਕਾਰੀ ਨਿਰਦੇਸ਼ਾਂ ਦਾ ਪੂਰਾ ਪਾਲਣ ਕਰਨ।ਉਨ੍ਹਾਂ ਕਿਹਾ ਕਿ ਜੇ ਕਿਤੇ ਵੀ ਕੋਈ ਮੁਸ਼ਕਲ ਜਾਂ ਸਹਾਇਤਾ ਦੀ ਲੋੜ ਹੋਵੇ ਤਾਂ ਤੁਰੰਤ ਨਜ਼ਦੀਕੀ ਅਧਿਕਾਰੀਆਂ ਜਾਂ ਐਮਰਜੈਂਸੀ ਨੰਬਰਾਂ ਤੇ ਸੰਪਰਕ ਕੀਤਾ ਜਾਵੇ ।

ਸਾਰੇ ਵਿਧਾਇਕਾਂ ਨੇ ਲੋਕਾਂ ਨੂੰ ਇਹ ਭਰੋਸਾ ਦਿਵਾਇਆ ਕਿ ਕਿਸੇ ਵੀ ਹਾਲਤ ਵਿੱਚ ਸੇਵਾ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

# ਹੜ੍ਹਾਂ ਦੇ ਕਾਰਨਾਂ ਦੀ ਅਦਾਲਤੀ ਜਾਂਚ ਕਰਾਈ ਜਾਵੇ : ਅਰਸ਼ੀ



**ਬੁਢਲਾਡਾ (ਅਸ਼ੋਕ ਲਾਕੜਾ)**
ਹੜ੍ਹ ਰੋਕੂ ਪ੍ਰਬੰਧਾਂ ਤੇ ਅਮਲ 'ਚ ਜ਼ੀਰੋ ਕੰਮ ਹੋਇਆ, ਫਿਰ ਇਸ ਲਈ ਰਾਖਵੀਂ ਰਾਸ਼ੀ ਕਿੱਥੇ ਗਈ ? ਤੇ ਹੜ੍ਹਾਂ ਦੇ ਕਾਰਨਾਂ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਈ ਜਾਵੇ, ਪੰਜਾਬ ਦੇ ਸਿੰਚਾਈ ਮੰਤਰੀ ਤੇ ਪ੍ਰਮੁੱਖ ਸਕੱਤਰ ਨੂੰ ਜਾਂਚ ਦੇ ਘੇਰੇ ਵਿੱਚ ਲਿਆਂਦਾ ਜਾਵੇ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਜ਼ਿਲ੍ਹਾ ਮਾਨਸਾ ਦੇ ਬੁਢਲਾਡਾ ਹਲਕੇ ਦੇ ਚਾਂਦਪੁਰਾ ਬੰਨ੍ਹ ਸਮੇਤ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਨੂੰ ਮਿਲਣ ਉਪਰੰਤ ਕੀਤਾ।

ਕਮਿਊਨਿਸਟ ਆਗੂ ਨੇ ਕਿਹਾ ਕਿ ਮਹਾਨ ਪੰਜਾਬੀ ਆਪਣੀ ਵਿਰਾਸਤ ਤੇ ਰਵਾਇਤਾਂ ਤੇ ਪਹਿਰਾ ਦਿੰਦੇ ਹੋਏ ਆਪਣੇ ਹੜ੍ਹ ਪ੍ਰਭਾਵਤ ਭਰਾਵਾਂ ਦੀ ਅੱਗੇ ਹੋਕੇ ਬਾਂਹ ਫੜ ਰਹੇ ਹਨ, ਜਦੋਂ ਕਿ ਸਰਕਾਰ ਕਿਤੇ ਨਜ਼ਰ ਨਹੀਂ ਆ ਰਹੀ ਹੈ।ਕਾਮਰੇਡ ਅਰਸ਼ੀ ਨੇ ਮੰਗ ਕੀਤੀ ਕਿ ਬੁਰੀ ਤਰ੍ਹਾਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਪ੍ਰਤੀ ਪਰਿਵਾਰ ਨੂੰ ਤੁਰੰਤ ਇੱਕ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ।

ਪੂਰੀ ਤਰ੍ਹਾਂ ਤਬਾਹ ਹੋਈ ਫ਼ਸਲ ਦਾ ਪ੍ਰਤੀ ਏਕੜ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ।ਹਰ ਇੱਕ ਮਜ਼ਦੂਰ ਪਰਵਾਰ ਨੂੰ ਤੀਹ ਹਜ਼ਾਰ ਰੁਪਏ ਮਾਲੀ ਮੱਦਦ ਦਿੱਤੀ ਜਾਵੇ।ਕਮਿਊਨਿਸਟ ਆਗੂ ਨੇ ਅੱਗੇ ਕਿਹਾ ਕਿ ਨਵੇਂ ਪਾਣੀ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ 31 ਮਈ ਤੋਂ ਪਹਿਲਾਂ ਡੈਮ ਕਿਉਂ ਖ਼ਾਲੀ ਨਹੀਂ ਕੀਤੇ ਗਏ, ਮੁੱਖ ਮੰਤਰੀ ਜਾਂਚ ਕਰਾ ਕੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਢੁੱਕਵੀਂ ਕਾਰਵਾਈ ਨੂੰ ਯਕੀਨੀ ਬਣਾਉਣ। ਕਮਿਊਨਿਸਟ ਆਗੂ ਨੇ ਪੰਜਾਬ ਪ੍ਰਤੀ ਕੇਂਦਰੀ ਸਰਕਾਰ ਦੇ ਮਤਰੇਈ ਮਾਂ ਵਾਲੇ ਵਤੀਰੇ ਦੀ ਸਖ਼ਤ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਪੰਜਾਬ ਨੂੰ ਖੁੱਲ੍ਹੇ ਦਿਲ ਨਾਲ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

# ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਸਹਿਯੋਗੀ ਪੰਜ ਪਿਸਤੌਲਾਂ ਸਮੇਤ ਗ੍ਰਿਫ਼ਤਾਰ



**ਮੁਕਤਸਰ, ਗਿੱਦੜਬਾਹਾ (ਸ਼ਮਿੰਦਰਪਾਲ, ਪੂਜਾ, ਜਸਵੰਤ ਗਿੱਲ ਛੱਤਿਆਣਾ)**
ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਕਾਰਕੁੰਨਾਂ ਨੂੰ ਪੰਜ ਗੈਰ-ਕਾਨੂੰਨੀ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਗੁਰਦੀਪ ਸਿੰਘ ਵਾਸੀ ਬੱਧਨੀ ਕਲਾਂ, ਮੋਗਾ ਤੇ ਗੁਰਸੇਵਕ ਸਿੰਘ ਉਰਫ ਮੋਟਾ ਵਾਸੀ ਪਿੰਡ ਮਾਣੂਕੇ ਸੰਧੂ, ਜਗਰਾਉਂ, ਲੁਧਿਆਣਾ ਵਜੋਂ ਹੋਈ ਹੈ।ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਚਾਰ .32 ਬੋਰ ਦੇਸੀ ਪਿਸਤੌਲ ਤੇ .30 ਬੋਰ ਦੇ ਇੱਕ ਦੇਸੀ ਪਿਸਤੌਲ ਸਮੇਤ 10 ਮੈਗਜ਼ੀਨ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀ ਬਿਸ਼ਨੋਈ ਗਿਰੋਹ ਨਾਲ ਜੁੜੇ ਹੋਏ ਹਨ ਅਤੇ ਇਸਦੀਆਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਿੱਚ ਸਰਗਰਮੀ ਨਾਲ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਆਸ ਹੈ। ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਸੁਪਰਡੈਂਟ (ਐਸਐਸਪੀ) ਡਾ: ਅਖਿਲ ਚੌਧਰੀ ਨੇ ਦੱਸਿਆ ਕਿ ਵਿਸ਼ੇਸ਼ ਖੁਫੀਆ ਇਤਲਾਹ 'ਤੇ ਕਾਰਵਾਈ ਕਰਦੇ ਹੋਏ, ਸੀ.ਆਈ.ਏ. ਮਲੋਟ ਵੱਲੋਂ ਐਸ.ਪੀ. (ਡੀ) ਸ੍ਰੀ ਮੁਕਤਸਰ ਸਾਹਿਬ ਅਤੇ ਡੀ.ਐਸ.ਪੀ. (ਐਸ.ਡੀ.) ਲੰਬੀ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਨਾਕਾ ਲਾਇਆ ਗਿਆ।

ਉਨਾਂ ਕਿਹਾ ਕਿ ਚੈਕਿੰਗ ਦੌਰਾਨ ਪੁਲਸ ਨੇ ਦੋ ਸ਼ੱਕੀ ਵਿਅਕਤੀਆਂ, ਜਿਨ੍ਹਾਂ ਕੋਲ ਨੀਲੇ ਰੰਗ ਦਾ ਕਿੱਟ ਬੈਗ ਸੀ, ਨੂੰ ਤਲਾਸ਼ੀ ਲਈ ਰੋਕਿਆ।ਤਲਾਸ਼ੀ ਲੈਣ ਉਪਰੰਤ ਪੁਲਸ ਟੀਮਾਂ ਨੇ ਉਕਤ ਕਿੱਟ ਵਿੱਚੋਂ ਨਜਾਇਜ਼ ਹਥਿਆਰ ਬਰਾਮਦ ਕੀਤੇ।ਐਸ.ਐਸ.ਪੀ. ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਗੁਰਦੀਪ ਸਿੰਘ ਪਿਛਲੇ ਸਮੇਂ ਤੋਂ ਹਰਜੋਤ ਸਿੰਘ ਉਰਫ ਨੀਲਾ ਤੇ ਜਗਦੀਪ ਸਿੰਘ ਉਰਫ ਜੱਗਾ, ਜੋ ਲਾਰੈਂਸ ਬਿਸ਼ਨੋਈ ਦੇ ਨਜ਼ਦੀਕੀ ਸਾਥੀ ਹਨ, ਦੇ ਸੰਪਰਕ ਵਿੱਚ ਸੀ।

ਉਨਾਂ ਦੱਸਿਆ ਕਿ ਨੀਲੇ ਦੇ ਨਿਰਦੇਸ਼ਾਂ 'ਤੇ ਗੁਰਸੇਵਕ ਅਤੇ ਗੁਰਦੀਪ ਇੰਦੌਰ ਗਏ, ਜਿੱਥੇ ਇੱਕ ਅਣਪਛਾਤੇ ਵਿਅਕਤੀ ਨੇ ਉਨਾਂ ਨੂੰ ਪੰਜ ਪਿਸਤੌਲਾਂ ਦੀ ਖੇਪ ਉਪਲਬਧ ਕਰਾਈਆਂ।ਇਨ੍ਹਾਂ ਵਿੱਚੋਂ ਦੋ ਪਿਸਤੌਲ ਮੁਲਜ਼ਮਾਂ ਨੇ ਆਪਣੇ ਕੋਲ ਰੱਖਣੇ ਸਨ ਅਤੇ ਬਾਕੀ ਤਿੰਨ ਨੀਲੇ ਨੂੰ ਸਪਲਾਈ ਕੀਤੇ ਜਾਣੇ ਸਨ।ਜ਼ਿਕਰਯੋਗ ਹੈ ਕਿ ਹਰਜੋਤ ਸਿੰਘ ਉਰਫ ਨੀਲਾ ਤੇ ਜਗਦੀਪ ਸਿੰਘ ਉਰਫ ਜੱਗਾ ਲੋੜੀਂਦੇ ਅਪਰਾਧੀ ਹਨ, ਜਿਨ੍ਹਾਂ ਵਿਰੁੱਧ ਵੱਖ-ਵੱਖ ਜ਼ਿਲ੍ਹਿਆਂ ਅਤੇ ਰਾਜਾਂ ਵਿੱਚ ਕ੍ਰਮਵਾਰ 12 ਅਤੇ 10 ਐਫਆਈਆਰਜ਼ ਦਰਜ ਹਨ।ਥਾਣਾ ਕਬਰਵਾਲਾ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 88 ਮਿਤੀ 01/09/2025 ਨੂੰ ਕੇਸ ਦਰਜ ਕੀਤਾ ਗਿਆ ਹੈ।

## ਕਾਤਰਾਂ

### ਅਧਿਆਪਕ ਵਿਦਿਆਰਥੀਆਂ ਨੂੰ ਟੀਚੇ ਨਿਰਧਾਰਤ ਕਰਨ 'ਚ ਮਦਦਗਾਰ ਹੁੰਦੇ : ਪ੍ਰਿੰ. ਸਾਕਸ਼ੀ ਗੁਲੇਰੀਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਦੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਵਿਸ਼ੇਸ਼ ਸਭਾ ਦੌਰਾਨ ਦੱਸਿਆ ਗਿਆ ਕਿ ਅਧਿਆਪਕ ਵਿਦਿਆਰਥੀਆਂ ਦੇ ਭਵਿੱਖ ਦੇ ਨਿਰਮਾਤਾ ਮੰਨੇ ਜਾਂਦੇ ਹਨ, ਇਸ ਉਹ ਨਾ ਸਿਰਫ਼ ਬੱਚਿਆਂ ਨੂੰ ਪਾਠ ਪੁਸਤਕਾਂ ਦਾ ਗਿਆਨ ਦਿੰਦੇ ਹਨ, ਸਗੋਂ ਜੀਵਨ ਦੇ ਗੁਣ, ਆਦਰਸ਼ ਤੇ ਸੰਸਕਾਰ ਵੀ ਸਿਖਾਉਂਦੇ ਹਨ।ਅਧਿਆਪਕਾਂ ਦੀ ਰਹਿਨੁਮਾਈ ਨਾਲ ਵਿਦਿਆਰਥੀ ਆਪਣੇ ਫ਼ਰਜ਼ ਪਛਾਣਦੇ ਹਨ ਅਤੇ ਸਮਾਜ ਵਿਚ ਇੱਕ ਵਧੀਆ ਨਾਗਰਿਕ ਵਜੋਂ ਆਪਣੀ ਪਛਾਣ ਬਣਾਉਂਦੇ ਹਨ।ਅਧਿਆਪਕਾਂ ਦੀ ਮਿਹਨਤ ਕਾਰਨ ਹੀ ਵਿਦਿਆਰਥੀ ਸਿੱਖਿਆ ਵਿਚ ਅੱਗੇ ਵੱਧ ਕੇ ਵੱਖ-ਵੱਖ ਖੇਤਰਾਂ ਜਿਵੇਂ ਵਿਗਿਆਨ, ਖੇਡਾਂ, ਕਲਾ ਤੇ ਸਮਾਜ ਸੇਵਾ ਵਿਚ ਆਪਣਾ ਨਾਂਅ ਰੌਸ਼ਨ ਕਰਦੇ ਹਨ।ਉਹ ਹਮੇਸ਼ਾ ਬੱਚਿਆਂ ਦੇ ਸੁਖ-ਦੁਖ ਵਿਚ ਸਾਥੀ ਬਣਕੇ, ਉਨ੍ਹਾਂ ਨੂੰ ਸਹੀ ਰਾਹ ਦਿਖਾਉਂਦੇ ਹਨ।

### ਐੱਸ.ਡੀ.ਓ. ਤੋਂ ਕਾਰ ਖੋਹਣ ਵਾਲੇ 4 ਵਿਅਕਤੀਆਂ ਖਿਲਾਫ਼ ਪਰਚਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਵਾਤ ਪੁਲ ਨੇੜੇ ਬਿਜਲੀ ਵਿਭਾਗ ਵਿਚ ਤਾਇਨਾਤ ਐੱਸ.ਡੀ.ਓ. ਦੀ ਵਿਅਕਤੀਆਂ ਵਲੋਂ ਕਾਰ ਖੋਹ ਲਈ ਗਈ, ਜਿਸ 'ਤੇ ਪੁਲਸ ਨੇ 4 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਪਰਮ, ਵਿਸ਼ਾਲ ਤੇ 2 ਅਣਪਛਾਤਿਆਂ ਵਜੋਂ ਹੋਈ ਹੈ। ਰੋਪੜ ਥਰਮਲ ਪਲਾਂਟ ਵਿੱਚ ਐੱਸਡੀਓ ਵਜੋਂ ਤਾਇਨਾਤ ਸ਼੍ਰੀਅੰਸ਼ ਬਾਂਸਲ ਵਾਸੀ ਲੁਧਿਆਣਾ ਨੇ ਦੱਸਿਆ ਕਿ ਉਹ ਆਪਣੀ ਅਲਟੋ ਕਾਰ ਵਿਚ ਸਵਾਰ ਹੋ ਕੇ ਡਿਊਟੀ 'ਤੇ ਰੋਪੜ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਸਰਹਿੰਦ ਨਹਿਰ ਕਿਨਾਰੇ ਪਵਾਤ ਪੁਲ ਨੇੜੇ ਇੱਕ ਵੈਗਨਰ ਕਾਰ ਜਿਸ ਵਿਚ 4 ਨੌਜਵਾਨ ਸਵਾਰ ਸਨ, ਜਿਨ੍ਹਾਂ ਨੇ ਮੇਰੀ ਗੱਡੀ ਦੇ ਬਰਾਬਰ ਲਗਾ ਕੇ ਸ਼ੀਸ਼ਾ ਉਤਾਰ ਕੇ ਕਿਹਾ ਕਿ ਤੁਹਾਡੀ ਕਾਰ ਬਬਲਿੰਗ ਕਰ ਰਹੀ ਹੈ, ਜਿਸ ਕਾਰਨ ਟਾਇਰ ਫਟ ਸਕਦਾ ਹੈ। ਬਿਆਨਕਰਤਾ ਸ਼੍ਰੀਅੰਸ਼ ਅਨੁਸਾਰ ਜਦੋਂ ਉਹ ਗੱਡੀ ਰੋਕ ਟਾਇਰ ਚੈੱਕ ਕਰਨ ਲੱਗਾ ਤਾਂ ਵੈਗਨਰ ਕਾਰ ਸਵਾਰਾਂ ਨੇ ਤੇਜ਼ ਸਪੀਡ ਗੱਡੀ ਲਿਆ ਕੇ ਅੱਗੇ ਲਾ ਦਿੱਤੀ, ਜਿਨ੍ਹਾਂ 'ਚੋਂ ਇੱਕ ਨੇ ਅਵਾਜ਼ ਮਾਰ ਕੇ ਕਿਹਾ ਕਿ ਪਰਮ ਗੱਡੀ 'ਚੋਂ ਕਿਰਪਾਨ ਕੱਢ ਲਿਆ। ਦੂਜੇ ਵਿਅਕਤੀ ਨੇ ਕਿਹਾ ਕਿ ਕਿਰਪਾਨ ਤਾਂ ਵਿਸ਼ਾਲ ਕੋਲ ਹੈ। ਇਹ ਵਿਅਕਤੀ ਮੈਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਗੱਡੀ ਦੀ ਚਾਬੀ ਮੇਰੇ ਤੋਂ ਖੋਹ ਕੇ ਫ਼ਰਾਰ ਹੋ ਗਏ। ਮਾਛੀਵਾੜਾ ਪੁਲਸ ਵਲੋਂ ਇਨ੍ਹਾਂ 4 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਮਨਜੀਤ ਸਿੰਘ ਨਾਲ ਦੁੱਖ ਪ੍ਰਗਟ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੂਬਾ ਆਗੂ ਮਨਜੀਤ ਸਿੰਘ ਨਿਆਲ ਦੇ ਪਿਤਾ ਦਰਸ਼ਨ ਸਿੰਘ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਉਨਾਂ ਦੇ ਗ੍ਰਹਿ ਪਿੰਡ ਨਿਆਲ ਵਿਖੇ ਉੱਘੇ ਸਮਾਜ ਸੇਵੀ ਤੇ ਆਰਟੀਆਈ ਮਾਹਿਰ ਬ੍ਰਿਸ਼ ਭਾਨ ਬੁਜਰਕ ਨੇ ਮਨਜੀਤ ਸਿੰਘ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦਰਸ਼ਨ ਸਿੰਘ ਇੱਕ ਮਿਹਨਤਕਸ਼ ਕਿਸਾਨ ਸਨ, ਜਿਨਾਂ ਨੇ ਹਮੇਸ਼ਾ ਹੀ ਸੱਚੀ ਸੁੱਚੀ ਕਿਰਤ ਕਰਕੇ ਆਪਣਾ ਜੀਵਨ ਬਸਰ ਕੀਤਾ ਤੇ ਆਪਣੇ ਬੱਚਿਆਂ ਨੂੰ ਭਲਾਈ ਦੇ ਕੰਮਾਂ ਵੱਲ ਪ੍ਰੇਰਿਆ। ਉਨ੍ਹਾਂ ਦੇ ਚਲੇ ਜਾਣ ਨਾਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਜਵਾਹਰਕੇ 'ਚ ਕਿਸਾਨ ਦੀ ਕੰਧ ਡਿੱਗਣ ਨਾਲ ਮੌਤ

*ਵਿਧਾਇਕ ਬਣਾਂਵਾਲੀ ਨੇ ਪਰਵਾਰ ਨੂੰ 4 ਲੱਖ ਦਾ ਚੈੱਕ ਦਿੱਤਾ*



**ਸਰਦੂਲਗੜ੍ਹ/ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਚੈਨੇਵਾਲਾ ਵਿਖੇ ਲਗਾਤਾਰ ਮੀਂਹ ਪੈਣ ਕਰਕੇ ਗਰੀਬ ਦੇ ਘਰ ਦੀ ਛੱਤ ਡਿੱਗਣ ਕਾਰਨ ਬਲਜੀਤ ਸਿੰਘ ਅਤੇ ਉਸਦੇ ਭਤੀਜੇ ਰਨਜੋਤ ਸਿੰਘ ਦੀ ਮੌਤ ਹੋ ਗਈ ਸੀ।ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਪਰਿਵਾਰ ਨੂੰ ਪੰਜਾਬ ਸਰਕਾਰ ਦੀ ਤਰਫ਼ੋਂ 4 ਲੱਖ ਰੁਪਏ ਦਾ ਚੈੱਕ ਵਿੱਤੀ ਸਹਾਇਤਾ ਵਜੋਂ ਸੌਂਪਿਆ।ਇਸੇ ਤਰ੍ਹਾਂ ਹੀ ਪਿਛਲੇ ਦਿਨੀਂ ਪਿੰਡ ਜਵਾਹਰਕੇ ਵਿਖੇ ਮੀਂਹ ਦੌਰਾਨ ਕੰਧ ਡਿੱਗਣ ਨਾਲ ਕਿਸਾਨ ਹਰਜੀਵਨ ਸਿੰਘ ਦੀ ਮੌਤ ਹੋ ਗਈ ਸੀ।ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਵਿਧਾਇਕ ਬਣਾਂਵਾਲੀ ਨੇ ਕਿਸਾਨ ਦੇ ਵਾਰਿਸਾਂ ਨੂੰ 04 ਲੱਖ ਰੁਪਏ ਦਾ ਚੈੱਕ ਵਿੱਤੀ ਸਹਾਇਤਾ ਵੱਜੋਂ ਦਿੱਤਾ।

ਇਸ ਮੌਕੇ ਵਿਧਾਇਕ ਬਣਾਂਵਾਲੀ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਪੀੜਿਤ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤ 'ਚ ਹਰ ਪਰਿਵਾਰ ਦਾ ਸਹਿਯੋਗ ਕੀਤਾ ਜਾਵੇਗਾ।

# ਹੜ੍ਹ ਪੀੜਤਾਂ ਲਈ ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਨੇ ਭੇਜੀ ਰਾਹਤ ਸਮੱਗਰੀ ਦੀ ਪਹਿਲੀ ਖੇਪ



**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਵਿੱਚ ਹੜ੍ਹਾਂ ਨਾਲ ਹੋ ਰਹੀ ਤਬਾਹੀ ਨੂੰ ਧਿਆਨ 'ਚ ਰੱਖਦਿਆਂ ਡੇਰਾ ਸੱਚਾ ਸੌਦਾ ਸਿਰਸਾ ਦੇ ਮੁੱਖੀ ਸੰਤ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਵੱਲੋਂ ਬੀਤੇ ਦਿਨੀਂ ਆਪਣੀ ਸੰਗਤ ਨੂੰ ਹੜ੍ਹ ਪੀੜ੍ਹਤਾਂ ਦੀ ਮਦਦ ਦੇ ਦਿੱਤੇ ਹੋਕੇ ਤੋਂ ਬਾਅਦ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਸ਼ਾਹ ਸਤਿਨਾਮ ਜੀ ਗਰੀਨ ਐਸ ਵੈਲਫੇਅਰ ਕਮੇਟੀ ਵੱਲੋਂ ਰਾਹਤ ਸਮੱਗਰੀ ਦੀ ਪਹਿਲੀ ਖੇਪ ਵਿੱਚ ਲਗਭਗ 50 ਟਰਾਲੀਆਂ 'ਚ ਰਾਹਤ ਸਮੱਗਰੀ ਅਤੇ 150 ਡੇਰਾ ਪ੍ਰੇਮੀ ਡੇਰਾ ਸੱਚਾ ਸੌਦਾ ਅਤੇ ਮਾਨਵਤਾ ਭਲਾਈ ਕੇਂਦਰ ਤੋਂ ਰਵਾਨਾ ਹੋਏ, ਜਿਨ੍ਹਾਂ ਨੂੰ ਏ.ਡੀ.ਸੀ ਚਾਰੂਮਿਤਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

ਏ.ਡੀ.ਸੀ ਚਾਰੂਮਿਤਾ ਨੇ ਕਿਹਾ ਕਿ ਪੰਜਾਬ ਹੜ੍ਹ ਦੀ ਆਫਤ ਕਾਰਨ ਬਹੁਤ ਔਖੀ ਘੜੀ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇੱਕ ਦੂਜੇ ਦੀ ਮੱਦਦ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਅੱਜ ਡੇਰਾ ਸੱਚਾ ਸੌਦਾ ਵੱਲੋਂ ਭੇਜੀ ਰਾਹਤ ਸਮੱਗਰੀ ਦੀ ਪਹਿਲੀ ਖੇਪ ਲਈ ਡੇਰਾ ਸੱਚਾ ਸੌਦਾ ਮੁੱਖੀ ਸੰਤ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਦਾ ਇਸ ਰਾਹਤ ਕਾਰਜ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਡੇਰੇ ਵੱਲੋਂ ਤਿਆਰ ਕੀਤੀ ਗਈ ਸ਼ਾਹ ਸਤਿਨਾਮ ਜੀ ਗਰੀਨ ਐਸ ਵੈਲਫੇਅਰ ਕਮੇਟੀ ਜੋ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਸਮੱਗਰੀ ਲੈ ਕੇ ਗਈ ਹੈ, ਉਹ ਘਰ-ਘਰ ਤੱਕ ਜਾ ਕੇ ਇਹ ਰਾਹਤ ਸਮੱਗਰੀ ਵੰਡਣਗੇ, ਜਿਸ ਦੀ ਅੱਜ ਬਹੁਤ ਜ਼ਰੂਰਤ ਹੈ।

ਇਸ ਮੌਕੇ ਸੱਚੇ ਨਮਰ ਸੇਵਦਾਰ ਛਿੰਦਰਪਾਲ ਇੰਸਾਂ ਅਤੇ ਗੁਰਦੇਵ ਇੰਸਾਂ ਨੇ ਏ.ਡੀ.ਸੀ ਚਾਰੂਮਿਤਾ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਅੱਜ ਪਹਿਲੀ ਖੇਪ ਦੀ ਰਾਹਤ ਸਮੱਗਰੀ ਵਿੱਚ 50 ਟਰਾਲੀਆਂ ਰਵਾਨਾ ਕੀਤੀਆਂ ਗਈਆਂ, ਜਿਸ ਵਿੱਚ 1000 ਬੈਗ ਰਾਸ਼ਨ, ਹਰਾ ਚਾਰਾ, ਅਚਾਰ, ਤੂੜੀ, 400 ਤਰਪਾਲਾਂ, 200 ਪੀਸ ਕਛੂਆ ਛਾਪ, ਦਵਾਈਆਂ, 2 ਪਾਣੀ ਦੀਆਂ ਟੈਂਕੀਆਂ ਭੇਜੀਆਂ ਗਈਆਂ ਹਨ ਅਤੇ ਅਸੀਂ ਜਿਲ੍ਹਾ ਅੰਮ੍ਰਿਤਸਰ ਪ੍ਰਸ਼ਾਸਨ ਦੇ ਸਹਿਯੋਗ ਨਾਲ ਇਹ ਰਾਹਤ ਸਮੱਗਰੀ ਹੜ੍ਹ ਪੀੜ੍ਹਤਾਂ ਦੇ ਘਰ-ਘਰ, ਜਿਨ੍ਹਾਂ ਤੱਕ ਅਜੇ ਤੱਕ ਕੋਈ ਸਮੱਗਰੀ ਨਹੀਂ ਪਹੁੰਚੀ ਉੱਥੇ ਤੱਕ ਪਹੁੰਚਾਈ ਜਾਵੇਗੀ।

# ਬਰਜਿੰਦਰ ਮੱਖਣ ਬਰਾੜ ਤੇ ਮਨਪ੍ਰੀਤ ਇਆਲੀ ਨੇ ਧੁੱਸੀ ਬੰਨ੍ਹ ਦਾ ਜਾਇਜ਼ਾ ਲਿਆ, ਪਸ਼ੂਆਂ ਲਈ ਵੰਡੀ ਫੀਡ



**ਮੋਗਾ (ਇਕਬਾਲ ਸਿੰਘ ਖਹਿਰਾ)**
ਸ਼੍ਰੋਮਣੀ ਅਕਾਲੀ ਦਲ ਦੀ ਪੰਜ ਮੈਂਬਰੀ ਕਮੇਟੀ ਵੱਲੋਂ ਨਿਯੁਕਤ ਅਬਜ਼ਰਵਰ ਅਤੇ ਸਾਬਕਾ ਚੇਅਰਮੈਨ ਸਿਹਤ ਸੇਵਾਵਾਂ ਬਰਜਿੰਦਰ ਸਿੰਘ ਮੱਖਣ ਬਰਾੜ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦਿਨ-ਰਾਤ ਕੰਮ ਕਰ ਰਹੇ ਹਨ।ਉਨ੍ਹਾਂ ਵਲੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨਾਲ ਮਿਲ ਕੇ ਧੁੱਸੀ ਬੰਨ੍ਹ ਨੇੜਲੇ ਪਿੰਡਾਂ ਵਿਚ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲਿਆ ਤੇ ਪੀੜਤ ਪਰਵਾਰਾਂ ਨੂੰ ਰਾਹਤ ਸਮੱਗਰੀ ਵੰਡੀ।

ਬਰਜਿੰਦਰ ਸਿੰਘ ਮੱਖਣ ਬਰਾੜ ਅਤੇ ਵਿਧਾਇਕ ਮਨਪ੍ਰੀਤ ਇਆਲੀ ਨੇ ਦਾਣਾ ਮੰਡੀ ਵਿਖੇ ਪਿੰਡ ਭੈਣੀ ਦੇ ਹੜ੍ਹ ਪੀੜਤਾਂ ਨਾਲ ਮੁਲਾਕਾਤ ਕੀਤੀ।ਉਨ੍ਹਾਂ ਨੇ ਪੀੜਤਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਟੀਮਾਂ ਹਰ ਸੰਭਵ ਮਦਦ ਲਈ ਉਨ੍ਹਾਂ ਦੇ ਨਾਲ ਖੜੀਆਂ ਹਨ।ਇਸ ਮੌਕੇ ਪਿੰਡ ਦੌਲੇਵਾਲਾ, ਮੋਹਰੂ ਵਾਲਾ, ਪਰੱਲੀ ਵਾਲਾ, ਸ਼ੇਰੇ ਵਾਲਾ, ਮੰਦਰ ਕਲਾਂ ਅਤੇ ਭੈਣੀ ਦੇ ਲੋੜਵੰਦ ਪਰਵਾਰਾਂ ਨੂੰ ਉਨ੍ਹਾਂ ਦੇ ਪਸ਼ੂਆਂ ਲਈ ਵਿਸ਼ੇਸ਼ ਤੌਰ 'ਤੇ ਅਸੀਸ ਫੀਡ ਦੇ ਟਰੱਕ ਵੰਡੇ ਗਏ।ਇਸ ਤੋਂ ਇਲਾਵਾ, ਪਿੰਡ ਮਦਾਰਪੁਰ ਅਤੇ ਸੰਘੇੜਾ ਦੇ ਨਿਵਾਸੀਆਂ ਨੂੰ ਘਰੇਲੂ ਵਸਤੂਆਂ ਅਤੇ ਹੋਰ ਜ਼ਰੂਰੀ ਸਮੱਗਰੀ ਵੀ ਵੰਡੀ ਗਈ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਨਾਲ ਸੁਣਿਆ ਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਅਕਾਲੀ ਦਲ ਦੀਆਂ ਟੀਮਾਂ ਪ੍ਰਭਾਵਿਤ ਖੇਤਰਾਂ ਵਿੱਚ ਹਰ ਸੰਭਵ ਸਹਾਇਤਾ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪਾਰਟੀ ਦਾ ਮੁੱਖ ਮਕਸਦ ਪੀੜਤ ਲੋਕਾਂ ਦੀ ਮਦਦ ਕਰਨਾ ਅਤੇ ਉਨ੍ਹਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਹੈ।ਵਿਧਾਇਕ ਮਨਪ੍ਰੀਤ ਇਆਲੀ ਨੇ ਵੀ ਪੀੜਤਾਂ ਨੂੰ ਭਰੋਸਾ ਦਿੱਤਾ ਕਿ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਸਹਾਇਤਾ ਪਹੁੰਚਾਉਣ ਲਈ ਉਹ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ।

# ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਇੱਕ ਦਿਨ ਦੀ ਤਨਖਾਹ ਹੜ੍ਹ ਪੀੜਤਾਂ ਨੂੰ ਦੇਣ ਦਾ ਫੈਸਲਾ




**ਜ਼ੀਰਾ (ਨਰਿੰਦਰ ਅਨੇਜਾ)**
ਪੰਜਾਬ 'ਚ ਹੜ੍ਹਾਂ ਨਾਲ ਪੈਦਾ ਹੋਏ ਭਿਆਨਕ ਹਾਲਤ ਦੇ ਮੱਦੇਨਜ਼ਰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਫੌਰੀ ਸੂਬਾਈ ਮੀਟਿੰਗ ਗੂਗਲ ਮੀਟ ਰਾਹੀਂ ਸੂਬਾ ਪ੍ਰਧਾਨ ਸਾਥੀ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ।

ਜੀਟੀਯੂ ਪੰਜਾਬ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਦੱਸਿਆ ਕਿ ਮੀਟਿੰਗ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ 'ਤੇ ਜਥੇਬੰਦੀ ਵੱਲੋਂ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ।ਜਥੇਬੰਦੀ ਵੱਲੋਂ ਆਪਣੇ ਜਨ-ਹਿਤ ਪ੍ਰਥਮੈ ਦੇ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਮੀਟਿੰਗ ਵਿੱਚ ਨਿਮਨ ਅਨੁਸਾਰ ਫੈਸਲੇ ਲਏ ਗਏ।ਮੀਟਿੰਗ ਵਿੱਚ ਸਮੂਹ ਜ਼ਿਲ੍ਹਾ ਪ੍ਰਧਾਨ/ਸਕੱਤਰ/ਆਗੂ/ਜਥੇਬੰਦੀ ਦੇ ਮੈਂਬਰ/ਅਧਿਆਪਕਾਂ ਨੂੰ ਅਪੀਲ ਕੀਤੀ ਗਈ ਕਿ ਸਰਕਾਰੀ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਪਰਵਾਰਾਂ ਦਾ ਹੜ੍ਹਾਂ ਦੇ ਕਹਿਰ ਕਾਰਨ ਜੇ ਕੋਈ ਵੀ ਜਾਨੀ-ਮਾਲੀ (ਘਰ ਢਹਿਣ, ਮਾਲ ਡੰਗਰ ਆਦਿ) ਨੁਕਸਾਨ ਹੋ ਗਿਆ ਹੋਵੇ ਤਾਂ ਉਸ ਪਰਵਾਰ ਦੀ ਪਹਿਲ ਦੇ ਅਧਾਰ 'ਤੇ ਮੱਦਦ ਕੀਤੀ ਜਾਵੇ।ਇਸੇ ਤਰ੍ਹਾਂ ਹੀ ਨਿਗੂਣੇ ਭੱਤੇ ਤੇ ਕੰਮ ਕਰਦੇ ਆਪਣੇ ਆਪਣੇ ਸਕੂਲ ਦੇ ਮਿਡ ਡੇਅ ਮੀਲ ਵਰਕਰਾਂ ਦਾ ਕੋਈ ਨੁਕਸਾਨ ਹੋਇਆ ਹੋਵੇ ਤਾਂ ਉਸ ਦੀ ਪਹਿਲ ਦੇ ਆਧਾਰ 'ਤੇ ਮੱਦਦ ਕੀਤੀ ਜਾਵੇ।

ਜੀ.ਟੀ.ਯੂ.ਦੇ ਆਗੂਆਂ ਗੁਰਪ੍ਰੀਤ ਸਿੰਘ ਅਮੀਵਾਲ, ਕੁਲਦੀਪ ਪੁਰੇਵਾਲ, ਗੁਰਦੀਪ ਬਾਜਵਾ, ਮਨੋਹਰ ਲਾਲ ਸ਼ਰਮਾ ਨੇ ਦੱਸਿਆ ਕੇ ਅਧਿਆਪਕ ਜਿੱਥੇ ਪੜ੍ਹਾਉਣ ਦਾ ਕਰਮ ਕਰਦੇ ਹਨ, ਉਸ ਪਿੰਡ ਦੇ ਹਾਲਾਤਾਂ ਤੇ ਨਜ਼ਰ ਰੱਖਣ ਤੇ ਹੜ੍ਹਾਂ ਕਾਰਣ ਪ੍ਰਭਾਵਤ ਪਰਿਵਾਰਾਂ ਦੀ ਮੱਦਦ ਪਹਿਲ ਦੇ ਅਧਾਰ ਤੇ ਕਰਨ ਦਾ ਫੈਸਲਾ ਕੀਤਾ ਸੂਬਾ ਬਾਡੀ ਵੱਲੋਂ ਫੈਸਲਾ ਕੀਤਾ ਗਿਆ ਕਿ ਸਾਰੇ ਸੂਬਾ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ, ਜ਼ਿਲ੍ਹਾ ਸਕੱਤਰ ਹੜ੍ਹ ਪੀੜਤਾਂ ਦੀ ਮੱਦਦ ਲਈ ਫੌਰੀ ਤੌਰ 'ਤੇ ਇੱਕ ਦਿਨ ਦੀ ਤਨਖਾਹ ਜਮ੍ਹਾਂ ਕਰਾਉਣਗੇ। ਸਾਰੇ ਜ਼ਿਲ੍ਹਿਆਂ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ/ਵਰਕਰਜ ਹੜ੍ਹ ਪੀੜਤਾਂ ਲਈ ਇਕਸਾਰਤਾ ਨਾਲ ਫੰਡ ਇਕੱਠਾ ਕਰਨਗੇ, ਜਿਸਦਾ ਪੂਰਾ ਹਿਸਾਬ ਜ਼ਿਲ੍ਹਾ ਪੱਧਰ ਤੇ ਤਿੰਨ ਮੈਂਬਰੀ ਕਮੇਟੀ ਬਣਾ ਕੇ ਵੱਖਰੇ ਤੌਰ 'ਤੇ ਰੱਖਿਆ ਜਾਵੇਗਾ।

ਇਸ ਫੰਡ ਨੂੰ ਹੜ੍ਹ ਪੀੜਤਾਂ ਲਈ ਤੇ ਹੜ੍ਹਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਥਿਤੀਆਂ ਲਈ ਵਰਤਿਆ ਜਾਵੇਗਾ।

# ਹੜ੍ਹ ਪੀੜਤ ਲੋਕਾਂ ਦੇ ਸਮੁੱਚੇ ਕਰਜ਼ੇ ਰੱਦ ਕਰਨ ਤੇ ਮੁਆਵਜ਼ੇ ਦੀ ਮੰਗ



**ਜਗਰਾਉਂ (ਨਛੱਤਰ ਸੰਧੂ)**-ਪੰਜਾਬ ਭਰ 'ਚ ਪਿਛਲੀਆਂ ਸਰਕਾਰਾਂ ਨੇ ਸਮੇਤ ਮੌਜੂਦਾ ਸਰਕਾਰ ਨੇ ਦਰਿਆਵਾਂ ਦੇ ਬੰਨ੍ਹ ਮਜਬੂਤ ਕਰਨ, ਕੁਦਰਤੀ ਕਹਿਰ ਦਾ ਪੂਰੀ ਤਿਆਰੀ ਨਾਲ ਸਾਹਮਣਾ ਕਰਨ 'ਚ ਦਿਖਾਈ ਨਲਾਇਕੀ ਤੇ ਅਣਗਹਿਲੀ ਇਸ ਹੜ੍ਹਾਂ ਕਾਰਨ ਹੋਏ ਇਸ ਬੇਥਾਹ ਨੁਕਸਾਨ ਲਈ ਜ਼ਿੰਮੇਵਾਰ ਹੈ।ਪਿਛਲੇ 78 ਸਾਲਾਂ 'ਚ ਹਰ ਖੇਤਰ 'ਚ ਫੇਲ੍ਹ ਸਾਬਤ ਹੋ ਚੁੱਕੀਆਂ ਸਰਕਾਰਾਂ ਹੜ੍ਹਾਂ ਲਈ ਮੌਤਾਂ, ਘਰਾਂ, ਖੇਤਾਂ ਦੇ ਨੁਕਸਾਨ ਲਈ ਜ਼ਿੰਮੇਵਾਰ ਹਨ। ਮੌਜੂਦਾ ਰਾਜਨੀਤਕ ਪ੍ਰਬੰਧ ਹੀ ਲੋਕਾਂ ਦੀਆਂ ਅੰਨਿਆਈ ਮੌਤਾਂ ਲਈ ਜ਼ਿੰਮੇਵਾਰ ਹੈ, ਉਹ ਸੜਕ ਹਾਦਸਿਆਂ 'ਚ ਹੋਣ, ਕਰਜ਼ਿਆਂ ਕਾਰਨ ਹੋਣ, ਨਸ਼ਿਆਂ ਕਾਰਨ ਹੋਣ, ਭੁੱਖਮਰੀ ਕਾਰਨ ਹੋਣ, ਬੇਰੁਜ਼ਗਾਰੀ ਕਾਰਨ ਹੋਣ।

ਇਹ ਵਿਚਾਰ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰਗਟ ਕਰਦਿਆਂ ਕਿਹਾ ਕਿ ਇਸ ਅਤਿਅੰਤ ਤਰਾਸਦਿਕ ਹਾਲਤ 'ਚ ਲੋਕ ਹੀ ਲੋਕਾਂ ਦੇ, ਆਪਣੇ ਹਮਸਾਇਆਂ ਦੇ ਦੁੱਖ 'ਚ ਸ਼ਰੀਕ ਹੋ ਰਹੇ ਹਨ।ਉਨ੍ਹਾਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਇਸ ਮਹਾਂ ਤਬਾਹੀ ਦੇ ਸਮੇਂ ਪੰਜਾਬੀਆਂ ਵਾਂਗ ਹੀ ਪੀੜਤਾਂ ਦੀ ਪੁਰਜ਼ੋਰ ਮਦਦ ਲਈ ਅੱਗੇ ਆਉਣ ਦੀ ਮੰਗ ਕੀਤੀ।ਉਨ੍ਹਾਂ ਤੁਰੰਤ ਸਾਰੇ ਕਿਸਾਨੀ ਕਰਜ਼ੇ ਰੱਦ ਕਰਨ, ਹਰ ਤਰ੍ਹਾਂ ਦੇ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣ, ਗਰੀਬ ਮਜ਼ਦੂਰਾਂ ਨੂੰ ਜਲਦ ਪਹਿਲ ਦੇ ਆਧਾਰ 'ਤੇ ਘਰ ਬਣਾ ਕੇ ਦੇਣ, ਬੇਰੁਜ਼ਗਾਰੀ ਦੇ ਚੱਲਦਿਆਂ ਠੋਸ ਆਰਥਿਕ ਮੱਦਦ ਦੇਣ, ਆਉਂਦੇ ਸਮੇਂ ਲਈ ਮਾਰੂ ਦਰਿਆਵਾਂ ਦੇ ਬੰਨ੍ਹ ਮਜਬੂਤ ਕਰਨ, ਤੁਰੰਤ ਮੈਡੀਕਲ ਟੀਮਾਂ ਭੇਜਣ ਦੀ ਜ਼ੋਰਦਾਰ ਮੰਗ ਕੀਤੀ ਹੈ।

# ਭਾਰੀ ਮੀਂਹ ਨਾਲ ਬਜ਼ਾਰਾਂ ਤੇ ਮੁਹੱਲਿਆਂ 'ਚ ਗੋਡੇ-ਗੋਡੇ ਪਾਣੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**
ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਨੇ ਸ਼ਹਿਰ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਸ਼ਹਿਰ ਦੇ ਮੁੱਖ ਬਜ਼ਾਰਾਂ, ਗਲੀਆਂ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਗੋਡੇ-ਗੋਡੇ ਪਾਣੀ ਖੜ ਗਿਆ ਹੈ, ਜਿਸ ਨਾਲ ਨਾਗਰਿਕਾਂ ਨੂੰ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਕਈ ਵਪਾਰੀਆਂ ਦੀਆਂ ਦੁਕਾਨਾਂ ਵਿੱਚ ਬਾਰਿਸ਼ ਦਾ ਪਾਣੀ ਦਾਖਲ ਹੋ ਗਿਆ, ਜਿਸ ਨਾਲ ਹਜ਼ਾਰਾਂ ਰੁਪਏ ਦਾ ਸਾਮਾਨ ਖਰਾਬ ਹੋ ਗਿਆ।ਘਰਾਂ ਵਿੱਚ ਵੀ ਪਾਣੀ ਘੁਸ ਜਾਣ ਕਾਰਨ ਘਰੇਲੂ ਸਮਾਨ ਨੁਕਸਾਨੀ ਹੋਇਆ ਹੈ।ਸਵੇਰੇ ਤੋਂ ਹੀ ਲੋਕ ਬਾਲਟੀਆਂ ਤੇ ਮੋਟਰਾਂ ਦੀ ਮਦਦ ਨਾਲ ਆਪਣੀਆਂ ਦੁਕਾਨਾਂ ਅਤੇ ਘਰਾਂ ਵਿੱਚੋਂ ਪਾਣੀ ਕੱਢਣ ਦੀ ਕੋਸ਼ਿਸ਼ ਕਰਦੇ ਨਜ਼ਰ ਆਏ।

ਸ਼ਹਿਰ ਵਾਸੀਆਂ ਨੇ ਦੱਸਿਆ ਕਿ ਧੂਰੀ 'ਚ ਰਜਵਾਹਾ ਛੱਡਣ ਤੋਂ ਬਾਅਦ ਤੋਂ ਹੀ ਬਰਸਾਤੀ ਪਾਣੀ ਦੇ ਨਿਕਾਸ ਦੀ ਸਮੱਸਿਆ ਹੋਰ ਵੱਧ ਗੰਭੀਰ ਹੋ ਗਈ ਹੈ।ਪਹਿਲਾਂ ਬਾਰਿਸ਼ ਦਾ ਪਾਣੀ ਰਜਵਾਹੇ ਰਾਹੀਂ ਨਿਕਲ ਜਾਂਦਾ ਸੀ, ਪਰ ਹੁਣ ਹਰ ਵਾਰ ਦੀ ਭਾਰੀ ਬਾਰਿਸ਼ ਸ਼ਹਿਰ ਨੂੰ ਤਲਾਬ ਵਿੱਚ ਬਦਲ ਦਿੰਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਰਜਬਾਹੇ ਨੂੰ ਬੰਦ ਤਾਂ ਕਰ ਦਿੱਤਾ ਪਰ ਉਸਦਾ ਬਦਲਵਾਂ ਹੱਲ ਨਹੀਂ ਕੱਢਿਆ, ਜਿਸ ਦਾ ਨਤੀਜਾ ਲੋਕਾਂ ਨੂੰ ਹਰ ਸਾਲ ਝੱਲਣਾ ਪੈ ਰਿਹਾ ਹੈ।ਵਪਾਰੀਆਂ ਤੇ ਰਿਹਾਇਸ਼ੀਆਂ ਨੇ ਜ਼ੋਰ ਦਿੱਤਾ ਕਿ ਸ਼ਹਿਰ ਦੇ ਮੁੱਖ ਬਜਾਰਾਂ ਵਿੱਚ ਰੇਨ ਵਾਟਰ ਡਰੇਨ ਪਾਈ ਜਾਣ ਬਹੁਤ ਜਰੂਰੀ ਹੈ।ਜੇਕਰ ਵੱਡੀਆਂ ਮੋਟਰਾਂ ਲਾ ਕੇ ਬਰਸਾਤੀ ਪਾਣੀ ਨੂੰ ਬਾਹਰਲੇ ਨਾਲਿਆਂ 'ਚ ਸੁਚਾਰੂ ਤਰੀਕੇ ਨਾਲ ਛੱਡਿਆ ਜਾਵੇ ਤਾਂ ਲੋਕਾਂ ਨੂੰ ਇਸ ਮੁਸੀਬਤ ਤੋਂ ਰਾਹਤ ਮਿਲ ਸਕਦੀ ਹੈ।

ਲੋਕਾਂ ਦਾ ਇਹ ਵੀ ਦੋਸ਼ ਹੈ ਕਿ ਸਰਕਾਰ ਵੱਲੋਂ ਸ਼ਹਿਰ ਤੇ ਨਜ਼ਦੀਕੀ ਪਿੰਡਾਂ 'ਚ ਬਣੇ ਬਰਸਾਤੀ ਨਾਲਿਆਂ ਦੀ ਸਫ਼ਾਈ ਸਿਰਫ਼ ਕਾਗਜ਼ਾਂ ਵਿੱਚ ਹੀ ਹੋਈ ਹੈ।ਜੇ ਸਫ਼ਾਈ ਸਹੀ ਤਰ੍ਹਾਂ ਹੁੰਦੀ ਤਾਂ ਪਾਣੀ ਦਾ ਨਿਕਾਸ ਆਸਾਨੀ ਨਾਲ ਹੋ ਜਾਂਦਾ।ਇਸ ਬੇਧਿਆਨੀ ਲਈ ਲੋਕਾਂ ਨੇ ਵੱਡੇ ਪੱਧਰ 'ਤੇ ਜਾਂਚ ਦੀ ਮੰਗ ਕੀਤੀ ਹੈ ਤਾਂ ਜੁ ਜ਼ਿੰਮੇਵਾਰ ਅਧਿਕਾਰੀਆਂ 'ਤੇ ਕਾਰਵਾਈ ਹੋ ਸਕੇ।ਸ਼ਹਿਰ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਲਕਾ ਵਿਧਾਇਕ ਤੋਂ ਅਪੀਲ ਕੀਤੀ ਹੈ ਕਿ ਉਹ ਖੁਦ ਦਖਲ ਦੇ ਕੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ।ਲੋਕਾਂ ਨੇ ਮੰਗ ਕੀਤੀ ਹੈ ਕਿ ਧੂਰੀ ਸ਼ਹਿਰ ਦਾ ਤਰਤੀਬਵਾਰ ਸੁੰਦਰੀਕਰਨ ਕੀਤਾ ਜਾਵੇ, ਸੀਵਰੇਜ ਦੀ ਵੱਡੇ ਪੱਧਰ 'ਤੇ ਸਫ਼ਾਈ ਕਰਾਈ ਜਾਵੇ ਅਤੇ ਪੁਰਾਣੇ ਸੀਵਰੇਜ ਸਿਸਟਮ ਨੂੰ ਬਦਲ ਕੇ ਸ਼ਹਿਰ ਨੂੰ ਬਰਸਾਤੀ ਪਾਣੀ ਤੋਂ ਬਚਾਉਣ ਲਈ ਢੰਗ ਨਾਲ ਯੋਜਨਾ ਬਣਾਈ ਜਾਵੇ।

# ਨਿਕਾਸੀ ਸਾਧਨਾਂ 'ਤੇ ਕਬਜ਼ੇ ਨਾ ਕਰਨ ਦੇਣ ਦੇ ਮਤੇ ਪਾਸ ਕਰਨ ਗ੍ਰਾਮ ਸਭਾਵਾਂ



**ਸੰਗਰੂਰ/ਸੁਨਾਮ (ਪ੍ਰਵੀਨ ਸਿੰਘ)**-ਬਰਸਾਤ ਦੇ ਮੌਸਮ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਉਪ ਮੰਡਲ ਮੈਜਿਸਟ੍ਰੇਟ ਸ਼੍ਰੀ ਪ੍ਰਮੋਦ ਸਿੰਗਲਾ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਦੇ ਮੱਦੇਨਜ਼ਰ ਵੱਖੋ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ।ਸ਼੍ਰੀ ਸਿੰਗਲਾ ਨੇ ਦੱਸਿਆ ਕਿ ਦੌਰੇ ਦੌਰਾਨ ਵੱਖੋ-ਵੱਖ ਪਿੰਡ ਵਾਸੀਆਂ ਨੇ ਦੱਸਿਆ ਕਿ ਮੀਂਹ ਦੇ ਪਾਣੀ ਦੀ ਰੁਕਾਵਟ ਮੁੱਖ ਤੌਰ 'ਤੇ ਕੁੱਝ ਪਿੰਡਾਂ/ਲੋਕਾਂ ਵੱਲੋਂ ਕੁਦਰਤੀ ਨਾਲਿਆਂ ਜਾਂ ਨਿਕਾਸੀ ਸਾਧਨਾਂ ਉੱਤੇ ਕਬਜ਼ੇ ਜਾਂ ਉਨ੍ਹਾਂ ਨੂੰ ਬੰਦ ਕਰਨ ਕਾਰਨ ਪੈਦਾ ਹੋ ਰਹੀ ਹੈ। ਇਸ ਕਾਰਨ ਪਾਣੀ ਦਾ ਕੁਦਰਤੀ ਵਹਾਅ ਰੁਕ ਜਾਂਦਾ ਹੈ ਤੇ ਖੇਤਾਂ ਵਿੱਚ ਤੇ ਘਰਾਂ ਅੰਦਰ ਪਾਣੀ ਖੜਾ ਹੋ ਜਾਂਦਾ ਹੈ।ਪਾਣੀ ਰੁਕਣ ਕਰਕੇ ਗਰੀਬ ਲੋਕਾਂ ਦੇ ਮਕਾਨ ਡਿੱਗਦੇ ਹਨ, ਜਿਸ ਨਾਲ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਤਰ੍ਹਾਂ ਦੀ ਸਥਿਤੀ ਨਾਲ ਜਾਨੀ ਨੁਕਸਾਨ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ ਤੇ ਗਰੀਬ ਲੋਕਾਂ ਨੂੰ ਵੱਡਾ ਵਿੱਤੀ ਨੁਕਸਾਨ ਵੀ ਝੱਲਣਾ ਪੈਂਦਾ ਹੈ।ਇਸ ਦੇ ਉਲਟ ਪਿੰਡ ਧਰਮਗੜ੍ਹ ਵਿੱਚ, ਜਿੱਥੇ ਕੁਦਰਤੀ ਨਿਕਾਸੀ ਸਾਧਨ ਨੂੰ ਠੀਕ ਤਰੀਕੇ ਨਾਲ ਸਾਂਭ ਕੇ ਰੱਖਿਆ ਗਿਆ ਹੈ ਤੇ ਜਿਸ ਦਾ ਜੋੜ ਸਰਹਿੰਦ ਚੋਅ ਨਾਲ ਕੀਤਾ ਗਿਆ ਹੈ, ਉੱਥੇ ਪਾਣੀ ਦੀ ਨਿਕਾਸੀ ਸਹੀ ਤਰੀਕੇ ਨਾਲ ਹੁੰਦੀ ਹੈ ਅਤੇ ਕੋਈ ਰੁਕਾਵਟ ਨਹੀਂ ਹੁੰਦੀ।ਜੇ ਹੋਰ ਪਿੰਡਾਂ ਵਿੱਚ ਵੀ ਕੁਦਰਤੀ ਨਿਕਾਸੀ ਸਾਧਨਾਂ ਉੱਤੇ ਕਬਜ਼ਾ ਨਾ ਕੀਤਾ ਜਾਂਦਾ ਤੇ ਨਾ ਹੀ ਉਹਨਾਂ ਨਿਕਾਸੀ ਸਾਧਨਾਂ ਨੂੰ ਰੋਕਿਆ ਜਾਂਦਾ ਤਾਂ ਬਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਪੈਦਾ ਨਾ ਹੁੰਦੀ।ਇਹ ਸਮੱਸਿਆ ਖਾਸ ਕਰ ਕੇ ਵੱਧ ਮੀਂਹ ਜਾਂ ਉੱਚੇ ਪਿੰਡਾਂ ਤੋਂ ਆਉਂਦੇ ਕੁਦਰਤੀ ਪਾਣੀ ਦੇ ਵਹਾਅ ਦੌਰਾਨ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ।ਸ਼੍ਰੀ ਸਿੰਗਲਾ ਨੇ ਸਾਰੀਆਂ ਗ੍ਰਾਮ ਪੰਚਾਇਤਾਂ ਤੇ ਪਿੰਡਾਂ ਦੇ ਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਲਈ ਇਕੱਠੇ ਹੋ ਕੇ ਜ਼ਿੰਮੇਵਾਰੀ ਲੈਣ।ਹਰ ਪੰਚਾਇਤ ਨੂੰ ਬੇਨਤੀ ਕੀਤੀ ਗਈ ਕਿ ਜਲਦੀ ਤੋਂ ਜਲਦੀ ਗ੍ਰਾਮ ਸਭਾ ਬੁਲਾਈ ਜਾਵੇ ਤੇ ਮਤੇ ਪਾਸ ਕੀਤੇ ਜਾਣ ਕਿ ਕੋਈ ਵੀ ਕੁਦਰਤੀ ਜਾਂ ਬਣਾਏ ਨਿਕਾਸੀ ਸਾਧਨ ਉੱਤੇ ਕਿਸੇ ਵੀ ਵਿਅਕਤੀ ਵੱਲੋਂ ਕਬਜ਼ਾ ਨਾ ਕੀਤਾ ਜਾਵੇ ਜਾਂ ਨਿਕਾਸੀ ਸਾਧਨ ਬੰਦ ਨਾ ਕੀਤੀ ਜਾਵੇ।ਮੌਜੂਦਾ ਕੁਦਰਤੀ ਨਾਲਿਆਂ/ਨਾਲੀਆਂ ਜਾਂ ਹੋਰ ਨਿਕਾਸੀ ਸਾਧਨਾਂ ਨੂੰ ਸਾਫ਼, ਦੁਬਾਰਾ ਬਣਾ ਕੇ ਅਤੇ ਸੰਭਾਲ ਕੇ ਰੱਖਿਆ ਜਾਵੇ ਤਾਂ ਜੁ ਮੀਂਹ ਦਾ ਪਾਣੀ ਆਪਣੀ ਕੁਦਰਤੀ ਮੰਜ਼ਲ (ਜਿਵੇਂ ਡਰੇਨਾਂ ਜਾਂ ਦਰਿਆਵਾਂ) ਵੱਲ ਆਸਾਨੀ ਨਾਲ ਜਾ ਸਕੇ।ਸਾਰੇ ਪਿੰਡਾਂ ਦੇ ਵਾਸੀਆਂ ਤੇ ਕਿਸਾਨਾਂ ਵੱਲੋਂ ਆਪਸੀ ਸਹਿਯੋਗ ਯਕੀਨੀ ਬਣਾਇਆ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵਿਵਾਦ ਪੈਦਾ ਨਾ ਹੋਵੇ।ਗ੍ਰਾਮ ਸਭਾ ਵੱਲੋਂ ਪਾਸ ਕੀਤੇ ਮਤੇ ਦੀ ਕਾਪੀ ਸਬੰਧਤ ਬੀ.ਡੀ.ਪੀ.ਓ. ਦਫ਼ਤਰ ਭੇਜੀ ਜਾਵੇ ਤਾਂ ਜੁ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

# ਪੰਜਾਬ ਅੰਦਰ 3.50 ਲੱਖ ਏਕੜ ਝੋਨਾ, ਮੱਕੀ ਤੇ ਗੰਨੇ ਦੀ ਫਸਲ ਹੜ੍ਹਾਂ ਨਾਲ ਪ੍ਰਭਾਵਤ, ਕਿਸਾਨਾਂ ਨੂੰ 3000 ਕਰੋੜ ਦਾ ਵਿੱਤੀ ਨੁਕਸਾਨ

**ਪਟਿਆਲਾ ( ਰਾਜਿੰਦਰ ਸਿੰਘ ਥਿੰਦ)**
ਪੰਜਾਬ 'ਚ ਹੜ੍ਹਾਂ ਦੀ ਮਾਰ ਨੇ ਸਭ ਤੋਂ ਵੱਡਾ ਝਟਕਾ ਕਿਸਾਨੀ ਨੂੰ ਦਿੱਤਾ ਹੈ, ਜਿਨ੍ਹਾਂ ਦੀ ਹੁਣ ਤੱਕ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਦੀ ਫ਼ਸਲ ਨੁਕਸਾਨੀ ਜਾ ਚੁੱਕੀ ਹੈ।ਗੈਰ-ਸਰਕਾਰੀ ਤੌਰ 'ਤੇ ਦੇਖੀਏ ਤਾਂ ਇਹ ਵਿੱਤੀ ਸੱਟ ਹੋਰ ਵੀ ਕਿਤੇ ਵੱਡੀ ਹੈ।ਪੰਜਾਬ ਸਰਕਾਰ ਵੱਲੋਂ ਫ਼ਸਲੀ ਨੁਕਸਾਨ ਦਾ ਮੁੱਢਲਾ ਜਾਇਜ਼ਾ ਲਿਆ ਗਿਆ ਹੈ, ਜਿਸ ਮੁਤਾਬਕ ਹੁਣ ਤੱਕ ਹੜ੍ਹਾਂ ਨਾਲ 4.33 ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ।ਸਿਰਫ਼ ਚਾਰ ਜ਼ਿਲ੍ਹੇ ਮਾਲੇਰਕੋਟਲਾ, ਫ਼ਰੀਦਕੋਟ, ਨਵਾਂਸ਼ਹਿਰ ਅਤੇ ਫ਼ਤਿਹਗੜ੍ਹ ਸਾਹਿਬ 'ਚ ਹਾਲੇ ਤੱਕ ਫ਼ਸਲੀ ਨੁਕਸਾਨ ਸਾਹਮਣੇ ਨਹੀਂ ਆਇਆ ਹੈ।

ਵੇਰਵਿਆਂ ਅਨੁਸਾਰ ਹੜ੍ਹਾਂ ਕਾਰਨ ਸਭ ਤੋਂ ਵੱਧ ਜ਼ਿਲ੍ਹਾ ਗੁਰਦਾਸਪੁਰ 'ਚ ਇੱਕ ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ ਹੈ।ਜ਼ਿਲ੍ਹਾ ਅੰਮ੍ਰਿਤਸਰ 'ਚ 70,537 ਏਕੜ, ਜ਼ਿਲ੍ਹਾ ਮਾਨਸਾ 'ਚ 55,707 ਏਕੜ ਅਤੇ ਜ਼ਿਲ੍ਹਾ ਫ਼ਾਜ਼ਿਲਕਾ 'ਚ 41,548 ਏਕੜ ਫ਼ਸਲ ਨੁਕਸਾਨੀ ਗਈ ਹੈ।ਕਿਸਾਨਾਂ ਮੁਤਾਬਕ ਪ੍ਰਭਾਵਤ ਰਕਬਾ ਕਿਤੇ ਜ਼ਿਆਦਾ ਹੈ।ਮੁੱਢਲੇ ਜਾਇਜ਼ੇ ਅਨੁਸਾਰ ਹੜ੍ਹਾਂ ਤੇ ਮੀਂਹ ਕਾਰਨ ਸਭ ਤੋਂ ਵੱਧ ਝੋਨੇ ਦੀ 3.31 ਲੱਖ ਏਕੜ ਫ਼ਸਲ ਦਾ ਨੁਕਸਾਨ ਹੋ ਚੁੱਕਿਆ ਹੈ।ਪਹਿਲੀ ਅਕਤੂਬਰ ਤੋਂ ਝੋਨੇ ਦੀ ਫ਼ਸਲ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ ਤੇ ਇਸ ਵੇਲੇ ਝੋਨੇ ਦੀ ਫ਼ਸਲ ਜੋਬਨ 'ਤੇ ਸੀ।ਇਸੇ ਤਰ੍ਹਾਂ 21,545 ਏਕੜ ਗੰਨੇ ਦੀ ਫ਼ਸਲ ਮਾਰ ਹੇਠ ਆਈ ਹੈ, ਜਦੋਂਕਿ 49,496 ਏਕੜ ਨਰਮੇ ਦੀ ਫ਼ਸਲ ਪ੍ਰਭਾਵਤ ਹੋਈ ਹੈ।ਨਰਮਾ ਪੱਟੀ ਲਈ ਇਹ ਬਾਰਸ਼ ਘਾਤਕ ਸਾਬਤ ਹੋਈ ਹੈ।ਮੱਕੀ ਦੀ 11,417 ਏਕੜ ਫ਼ਸਲ ਮਾਰ ਹੇਠ ਆਈ ਹੈ।ਬਾਕੀ ਫ਼ਸਲਾਂ ਹੇਠਲਾ 19,101 ਏਕੜ ਰਕਬਾ ਵੀ ਲਪੇਟ ਵਿੱਚ ਆਇਆ ਹੈ।ਪੰਜਾਬ ਸਰਕਾਰ ਨੇ ਫ਼ਸਲਾਂ ਦੇ ਸਰਕਾਰੀ ਭਾਅ ਦੇ ਹਿਸਾਬ ਨਾਲ ਨੁਕਸਾਨੇ ਗਏ ਰਕਬੇ ਦਾ ਹਿਸਾਬ-ਕਿਤਾਬ ਲਾਇਆ ਹੈ ਜੋ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਬਣਿਆ ਹੈ।ਸਰਹੱਦੀ ਜ਼ਿਲ੍ਹਿਆਂ ਦੇ ਖੇਤਾਂ 'ਚ ਕਾਫ਼ੀ ਰੇਤ ਵੀ ਇਕੱਠੀ ਹੋ ਗਈ ਹੈ, ਜਿੱਥੇ ਹੁਣ ਦੁਬਾਰਾ ਫ਼ਸਲ ਦੀ ਬਿਜਾਂਦ ਕਰਨੀ ਔਖੀ ਹੋ ਸਕਦੀ ਹੈ।ਨਿਯਮਾਂ ਅਨੁਸਾਰ ਕਿਸਾਨਾਂ ਨੂੰ ਸੌ ਫ਼ੀਸਦੀ ਫ਼ਸਲੀ ਖ਼ਰਾਬਾ ਹੋਣ ਦੀ ਸੂਰਤ ਵਿੱਚ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਮਿਲਣਾ ਹੈ। ਕਿਸਾਨ ਆਗੂ ਮੰਗ ਕਰ ਰਹੇ ਹਨ ਕਿ ਅਸਲ ਨੁਕਸਾਨ ਦੇ ਲਿਹਾਜ਼ ਨਾਲ ਹੀ ਮੁਆਵਜ਼ਾ ਦਿੱਤਾ ਜਾਵੇ।ਪ੍ਰਾਪਤ ਵੇਰਵਿਆਂ ਅਨੁਸਾਰ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਹੁਣ ਤੱਕ 365 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ।ਅੰਮ੍ਰਿਤਸਰ ਜ਼ਿਲ੍ਹੇ 'ਚ 57 ਹਜ਼ਾਰ ਪਸ਼ੂ ਪ੍ਰਭਾਵਿਤ ਹੋਏ ਹਨ। ਗੁਰਦਾਸਪੁਰ ਜ਼ਿਲ੍ਹੇ 'ਚ 17,900 ਮੁਰਗੀਆਂ ਅਤੇ ਹੋਰਾਂ ਦੀ ਮੌਤ ਦਾ ਸਮਾਚਾਰ ਹੈ।ਜ਼ਿਲ੍ਹੇ 'ਚ 254 ਪਸ਼ੂਆਂ ਦੀ ਮੌਤ ਹੋਈ ਹੈ ਜਦੋਂ ਕਿ ਪਠਾਨਕੋਟ ਜ਼ਿਲ੍ਹੇ 'ਚ 89 ਪਸ਼ੂ ਮਾਰੇ ਗਏ ਹਨ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਫ਼ਸਲੀ ਨੁਕਸਾਨ ਦਾ ਇਹ ਮੁੱਢਲਾ ਅੰਕੜਾ ਹੈ ਅਤੇ ਨੁਕਸਾਨ ਦੀ ਅਸਲ ਜਾਣਕਾਰੀ ਵਿਸ਼ੇਸ਼ ਗਿਰਦਾਵਰੀ ਮਗਰੋਂ ਹੀ ਪਤਾ ਲੱਗੇਗੀ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੋਂ ਇਸ ਫ਼ਸਲੀ ਨੁਕਸਾਨ ਦੀ ਭਰਪਾਈ ਦੀ ਮੰਗ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪਾਣੀ ਦੀ ਮਾਰ ਲਗਾਤਾਰ ਵਧ ਰਹੀ ਹੈ ਤੇ ਫ਼ਸਲਾਂ ਪ੍ਰਭਾਵਤ ਹੋ ਰਹੀਆਂ ਹਨ।

# ਘੱਗਰ ਦਰਿਆ 'ਚ ਆਉਣ ਵਾਲੇ ਸੰਭਾਵੀ ਹੜ੍ਹ ਤੋਂ ਡਰਦਿਆਂ ਕਿਸਾਨਾਂ ਬਿਜਲੀ ਗਰਿੱਡ ਦੁਆਲੇ ਬੰਨ੍ਹ ਬੰਨਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਸਬ ਡਵੀਜ਼ਨ ਅਧੀਨ ਆਉਂਦੇ ਬਾਦਸ਼ਾਹਪੁਰ ਇਲਾਕੇ ਵਿੱਚ ਜਿੱਥੇ ਹੜ੍ਹਾਂ ਦੇ ਪਾਣੀ ਨਾਲ ਕਿਸਾਨਾਂ ਦੀਆਂ ਫ਼ਸਲਾਂ ਮਰ ਜਾਂਦੀਆਂ ਹਨ, ਉਥੇ ਬਿਜਲੀ ਗਰਿੱਡ ਵਿੱਚ ਘੱਗਰ ਦਰਿਆ ਵਿੱਚ ਆਏ ਹੜ੍ਹਾਂ ਦਾ ਪਾਣੀ ਵੜ ਜਾਣ ਨਾਲ ਬਿਜਲੀ ਸਪਲਾਈ ਬੰਦ ਹੋਣ ਨਾਲ ਕਰੀਬ 80 ਪਿੰਡਾਂ ਦੇ ਲੋਕ ਪ੍ਰਭਾਵਿਤ ਹੁੰਦੇ ਹਨ।

ਉੱਤਰੀ ਭਾਰਤ ਵਿੱਚ ਪੈ ਰਿਹਾ ਭਾਰੀ ਮੀਂਹ ਕਾਰਨ ਘੱਗਰ ਦਰਿਆ ਵਿੱਚ ਆਉਣ ਵਾਲੇ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਪੰਜਾਬ ਸਰਕਾਰ ਵੱਲੋਂ ਢੁਕਵੇਂ ਪ੍ਰਬੰਧ ਨਾ ਕੀਤੇ ਜਾਣ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਅਗਵਾਈ ਵਿੱਚ ਇਲਾਕੇ ਦੇ ਲੋਕਾਂ ਵੱਲੋਂ ਆਪਣੇ ਕੋਲੋਂ ਪੈਸੇ ਖਰਚ ਕੇ ਬਿਜਲੀ ਗਰਿੱਡ ਦੇ ਅੱਗੇ ਬੰਨ੍ਹ ਬੰਨਿਆ ਗਿਆ ਹੈ ਤਾਂ ਕਿ ਹੜ੍ਹ ਆਉਣ ਦੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਸੰਭਾਵੀ ਮੁਸ਼ਕਲਾਂ ਦਾ ਟਾਕਰਾ ਕੀਤਾ ਜਾ ਸਕੇ।ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਅਤੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਕੌਰ ਧੂੜੀਆਂ ਨੇ ਦੱਸਿਆ ਕਿ ਘੱਗਰ ਦਰਿਆ ਦੇ ਨਾਲ ਲੱਗਦਾ ਬਾਦਸ਼ਾਹਪੁਰ ਦਾ ਇਲਾਕਾ ਹੜ੍ਹ ਦੀ ਮਾਰ ਦਾ ਸ਼ਿਕਾਰ ਹੁੰਦਾ ਰਿਹਾ ਹੈ, ਜਦੋਂ ਵੀ ਘੱਗਰ ਦਰਿਆ ਵਿੱਚ ਹੜ੍ਹ ਆਉਂਦਾ ਹੈ ਤਾਂ ਇਸਦਾ ਪਾਣੀ ਬਿਜਲੀ ਗਰੇਡ ਦੀ ਅੰਦਰ ਦਾਖਲ ਹੋ ਜਾਂਦਾ ਹੈ।ਸਾਲ 1993 ਤੇ 2023 ਵਿੱਚ ਆਏ ਹੜ੍ਹ ਦਾ ਪਾਣੀ ਬਿਜਲੀ ਦੀਆਂ ਮਸ਼ੀਨਾਂ ਵਿੱਚ ਵੜ ਜਾਣ ਨਾਲ ਸਾਰੀ ਬਿਜਲੀ ਸਪਲਾਈ ਠੱਪ ਹੋ ਗਈ ਸੀ, ਜਿਸ ਨਾਲ ਬਾਦਸ਼ਾਹਪੁਰ ਗਰਿੱਡ ਤੋਂ ਚਲਦੇ ਕਰੀਬ 80 ਤੋਂ ਵੱਧ ਪਿੰਡਾਂ ਵਿੱਚ ਬਿਜਲੀ ਗੁੱਲ ਹੋ ਕੇ ਰਹਿ ਗਈ ਸੀ, ਜਿਸ ਨਾਲ ਲੋਕਾਂ ਨੂੰ ਜਿੱਥੇ ਰੌਸ਼ਨੀ ਨਹਾਂ ਮਿਲ ਸਕੀ, ਉੱਥੇ ਹੀ ਪੀਣ ਵਾਲੇ ਪਾਣੀ ਤੋਂ ਵੀ ਲੋਕ ਬਹੁਤ ਪ੍ਰੇਸ਼ਾਨ ਹੋਏ ਸਨ।ਉਸ ਸਮੇਂ ਦੌਰਾ ਕਰਨ ਆਏ ਕੈਬਨਿਟ ਮੰਤਰੀ ਈਟੀਓ ਹਰਭਜਨ ਸਿੰਘ ਨੇ ਭਰੋਸਾ ਦਿਵਾਇਆ ਕਿ ਇਸ ਬਿਜਲੀ ਗਰਿੱਡ ਦੀ ਇਮਾਰਤ ਨਵੀਂ ਬਣਾਈ ਜਾਵੇਗੀ, ਉਥੇ ਇਸਦੀ ਸਮਰੱਥਾ ਵੀ ਵਧਾਈ ਜਾਵੇਗੀ, ਪਰ ਦੋ ਸਾਲ ਬੀਤ ਜਾਣ ਤੇ ਬਾਵਜੂਦ ਨਾ ਤਾਂ ਪੰਜਾਬ ਸਰਕਾਰ ਵੱਲੋਂ ਇਸ ਬਿਜਲੀ ਗਰੇਡ ਦੀ ਨਵੀਂ ਇਮਾਰਤ ਬਣਾਈ ਗਈ ਹੈ ਤੇ ਨਾ ਹੀ ਇਸ ਨੂੰ ਹੜ ਦੇ ਪਾਣੀ ਤੋਂ ਬਚਾਉਣ ਲਈ ਕੋਈ ਪ੍ਰਬੰਧ ਕੀਤਾ ਗਿਆ ਹੈ । ਇਸ ਵਾਰ ਵੀ ਲੋਕਾਂ ਉੱਤੇ ਘੱਗਰ ਦਰਿਆ ਦੇ ਹੜ੍ਹ ਦਾ ਖਤਰਾ ਫਿਰ ਤੋਂ ਮੰਡਰਾ ਰਿਹਾ ਹੈ ਇਸ ਨੂੰ ਦੇਖਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਬਿਜਲੀ ਗਰਿੱਡ 'ਚ ਪਾਣੀ ਜਾਣ ਤੋਂ ਬਚਾਉਣ ਲਈ ਖੁਦ ਮਸ਼ੀਨਾਂ ਲਾ ਕੇ ਇਸ ਦੇ ਆਲੇ-ਦੁਆਲੇ ਬੰਨ੍ਹ ਮਾਰਿਆ ਜਾ ਰਿਹਾ।

ਬਿਜਲੀ ਗਰਿੱਡ ਦੇ ਐਸ ਡੀਓ ਕੈਲਸ਼ ਗਰਗ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਦੇ ਧਿਆਨ 'ਚ ਲਿਆਂਦੇ ਜਾਣ ਮਗਰੋਂ ਬਿਜਲੀ ਗਰਿੱਡ ਦੀ ਨਵੀਂ ਬਿਲਡਿੰਗ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ ਤੇ ਛੇਤੀ ਹੀ ਬਿਜਲੀ ਗਰਿੱਡ ਦੀ ਨਵੀਂ ਇਮਾਰਤ ਪੰਜਾਬ ਸਰਕਾਰ ਵੱਲੋਂ ਬਣਾਈ ਜਾ ਰਹੀ ਹੈ।

# ਵੱਡੀ ਗਿਣਤੀ ਨੌਜਵਾਨ 'ਆਪ' 'ਚ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸਮੁਖੀ ਸੋਚ ਕਾਰਨ ਯੂਥ ਆਗੂ ਗੁਰਜੰਟ ਸਿੰਘ ਹਨੀਫ਼, ਅਨਮੋਲ, ਜਸ਼ਨ ਆਦਿ ਵੱਡੀ ਗਿਣਤੀ ਸਾਥੀਆਂ ਸਮੇਤ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦੇ ਪਰਵਾਰ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਸਿਰੋਪਾਓ ਦੇ ਕੇ ਪਾਰਟੀ ਵਿੱਚ ਸਵਾਗਤ ਕੀਤਾ ਗਿਆ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸਮੁਖੀ ਸੋਚ ਕਾਰਨ ਹਰ ਵਰਗ ਵੱਡੀ ਗਿਣਤੀ ਵਿੱਚ 'ਆਪ' ਵਿੱਚ ਸ਼ਾਮਲ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਆਪ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ।

# ਪ੍ਰਸ਼ਾਸਨਕ ਟੀਮਾਂ ਨੇ ਸਾਰਾ ਦਿਨ ਘੱਗਰ, ਵੱਡੀ ਨਦੀ ਤੇ ਹੋਰ ਨਦੀਆਂ ਦੀ ਰੇਕੀ ਕੀਤੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੁਪਹਿਰ ਰਾਜਪੁਰਾ ਨੇੜੇ ਪਿੰਡ ਸੁਰੋਂ ਵਿਖੇ ਪੱਚੀਦਰ੍ਹੇ ਦੇ ਮਜਬੂਤ ਕੀਤੇ ਜਾ ਰਹੇ ਬੰਨ੍ਹਾਂ ਦਾ ਜਾਇਜ਼ਾ ਲਿਆ ਤੇ ਸ਼ਾਮ ਵੇਲੇ ਸਨੌਰੀ ਅੱਡੇ 'ਤੇ ਦੌਲਤਪੁਰ ਵਿਖੇ ਵੱਡੀ ਨਦੀ ਦਾ ਨਿਰੀਖਣ ਕੀਤਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਏ.ਡੀ.ਸੀਜ ਅਮਰਿੰਦਰ ਸਿੰਘ ਟਿਵਾਣਾ ਤੇ ਨਵਰੀਤ ਕੌਰ ਸੇਖੋਂ ਸਮੇਤ ਐਸ.ਡੀ.ਐਮਜ ਅਵਿਕੇਸ਼ ਗੁਪਤਾ, ਕਿਰਪਾਲਵੀਰ ਸਿੰਘ, ਹਰਜੋਤ ਕੌਰ ਮਾਵੀ, ਰਿਚਾ ਗੋਇਲ ਤੇ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਵੱਡੀ ਨਦੀ, ਘੱਗਰ, ਪੱਚੀਦਰ੍ਹਾ, ਟਾਂਗਰੀ, ਮਾਰਕੰਡਾ ਆਦਿ ਦੀ ਰੈਕੀ ਕੀਤੀ ਤੇ ਜਿੱਥੇ ਕਿਤੇ ਕਮਜ਼ੋਰੀ ਨਜ਼ਰ ਆਈ, ਉਥੇ ਤੁਰੰਤ ਬਚਾਅ ਕਾਰਜਾਂ ਵਜੋਂ ਬੰਨ੍ਹ ਮਜਬੂਤ ਕੀਤੇ ਗਏ।ਡਾ. ਪ੍ਰੀਤੀ ਯਾਦਵ ਨੇ ਇੱਕ ਵਾਰ ਮੁੜ ਤੋਂ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚ ਅਜੇ ਤੱਕ ਸਾਰੀ ਸਥਿਤੀ ਕਾਬੂ ਹੇਠਾਂ ਹੈ।ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਪਾਣੀ ਚੜ੍ਹਕੇ ਪਿੰਡਾਂ ਦੇ ਖੇਤਾਂ ਵਿੱਚ ਗਿਆ ਸੀ, ਹੁਣ ਉਹ ਘਟ ਰਿਹਾ ਹੈ, ਪ੍ਰੰਤੂ ਨਦੀਆਂ 'ਚ ਅਜੇ ਵੀ ਪਾਣੀ ਪੂਰੀ ਸਮਰੱਥਾ ਨਾਲ ਉਪਰ ਤੱਕ ਚੱਲ ਰਹੀਆਂ ਹਨ, ਜਿਸ ਲਈ ਆਮ ਲੋਕ ਨਦੀਆਂ ਨੇੜੇ ਨਾ ਜਾਣ।ਪ੍ਰੰਤੂ ਮੀਂਹ ਕਰਕੇ ਪਾਣੀ ਵਧਣ, ਕਿਸੇ ਥਾਂ ਨਦੀਆਂ 'ਚ ਪਾਣੀ ਖਾਰ ਪਾ ਰਿਹਾ ਹੋਵੇ ਜਾਂ ਕਿਸੇ ਹੋਰ ਹੰਗਾਮੀ ਸਥਿਤੀ ਦੀ ਸੂਚਨਾ ਜ਼ਿਲ੍ਹਾ ਪ੍ਰਸ਼ਾਸਨ ਦੇ ਫੋਨ ਨੰਬਰਾਂ 0175-2350550 ਤੇ 2358550 'ਤੇ ਤੁਰੰਤ ਸਾਂਝੀ ਕੀਤੀ ਜਾਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੇਸ਼ੱਕ ਨਦੀਆਂ ਦੇ ਕੈਚਮੈਂਟ 'ਚ ਪਏ ਭਾਰੀ ਮੀਂਹ ਕਰਕੇ ਨਦੀਆਂ 'ਚ ਪਾਣੀ ਚੜ੍ਹਿਆ ਹੋਇਆ ਹੈ, ਜਿਸ ਲਈ ਜਿੱਥੇ ਕਿਤੇ ਚਿਤਾਵਨੀ ਜਾਰੀ ਕਰਨ ਦੀ ਲੋੜ ਹੈ, ਉਥੇ ਲੋਕਾਂ ਨੂੰ ਦੱਸਿਆ ਵੀ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਾਰੇ ਪ੍ਰਬੰਧ, ਇੱਥੋਂ ਤੱਕ ਕਿ ਰਾਹਤ ਸੈਂਟਰਾਂ ਦੇ ਵੀ ਪ੍ਰਬੰਧ ਮੁਕੰਮਲ ਹਨ ਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸਾਰੀਆਂ ਟੀਮਾਂ ਗਰਾਊਂਡ ਜ਼ੀਰੋ 'ਤੇ ਕੰਮ ਕਰ ਰਹੀਆਂ ਹਨ।

# ਵਿਧਾਇਕ ਹੈਪੀ ਨੇ ਪਿੰਡਾਂ 'ਚ ਬਰਸਾਤੀ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ



**ਬਸੀ ਪਠਾਣਾਂ (ਪ੍ਰਮੋਦ ਭਾਰਦਵਾਜ)**-ਪਿਛਲੇ ਕਈ ਦਿਨਾਂ ਤੋਂ ਪਹਾੜੀ ਖੇਤਰਾਂ ਤੇ ਸੂਬੇ ਵਿੱਚ ਪੈ ਰਹੇ ਭਾਰੀ ਮੀਂਹ ਕਾਰਨ ਭਾਵੇਂ ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਹੜ੍ਹਾਂ ਕਾਰਨ ਵੱਡਾ ਨੁਕਸਾਨ ਹੋਇਆ ਹੈ, ਪਰ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਨ ਸਭਾ ਹਲਕਾ ਬਸੀ ਪਠਾਣਾ ਵਿਖੇ ਸਥਿਤੀ ਹਾਲ ਦੀ ਘੜੀ ਬਿਲਕੁਲ ਕਾਬੂ ਵਿੱਚ ਹੈ ਅਤੇ ਲੋਕਾਂ ਨੂੰ ਕਿਸੇ ਵੀ ਕਿਸਮ ਦੀਆਂ ਅਫ਼ਵਾਹਾਂ 'ਤੇ ਯਕੀਨ ਨਹੀਂ ਕਰਨਾ ਚਾਹੀਦਾ।ਇਹ ਪ੍ਰਗਟਾਵਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੈ ਸਿੰਘ ਲਿਬੜਾ, ਐਸ.ਡੀ.ਐਮ ਹਰਵੀਰ ਕੌਰ, ਡੀ.ਐਸ.ਪੀ ਰਾਜ ਕੁਮਾਰ ਸਮੇਤ ਹੋਰਨਾਂ ਅਧਿਕਾਰੀਆਂ ਤੇ ਵਲੰਟੀਅਰਾਂ ਸਮੇਤ ਚੁੰਨੀ, ਬਡਾਲੀ ਆਲਾ ਸਿੰਘ ਸਮੇਤ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਬਰਸਾਤੀ ਪਾਣੀ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਕੀਤਾ।ਵਿਧਾਇਕ ਹੈਪੀ ਨੇ ਕਿਹਾ ਕਿ ਪੰਜਾਬ ਦੇ ਜਿਹੜੇ ਜ਼ਿਲ੍ਹਿਆਂ ਵਿੱਚ ਹੜ੍ਹਾਂ ਕਾਰਨ ਭਾਰੀ ਨੁਕਸਾਨ ਪੁੱਜਾ ਹੈ, ਉਥੇ ਵੀ ਪੰਜਾਬ ਸਰਕਾਰ ਸੰਕਟ ਦੀ ਇਸ ਸਥਿਤੀ ਵਿੱਚ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਕੈਬਨਿਟ, ਵੱਖ-ਵੱਖ ਹਲਕਿਆਂ ਦੇ ਵਿਧਾਇਕ ਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਪੂਰੀ ਤਨਦੇਹੀ ਨਾਲ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪੁਚਾਉਣ ਤੇ ਮੁੜ ਵਸੇਬੇ ਲਈ ਪ੍ਰਬੰਧ ਕਰਨ ਵਿੱਚ ਦਿਨ-ਰਾਤ ਜੁਟੇ ਹੋਏ ਹਨ।ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਤਾੜਦਿਆਂ ਕਿਹਾ ਕਿ ਇਹ ਬਹੁਤ ਸੰਵੇਦਨਸ਼ੀਲ ਸਮਾਂ ਹੈ ਅਤੇ ਸਾਰਿਆਂ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਪ੍ਰਮਾਤਮਾ ਪੰਜਾਬ ਤੇ ਪੰਜਾਬੀਆਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ।

# ਸਤਲੁਜ ਦਰਿਆ ਦਾ ਧੁੱਸੀ ਬੰਨ੍ਹ ਸੁਰੱਖਿਅਤ, ਲੋਕ ਅਫ਼ਵਾਹਾਂ 'ਤੇ ਧਿਆਨ ਨਾ ਦੇਣ : ਐੱਸ ਐੱਸ ਪੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਧੁੱਲੇਵਾਲ ਨੇੜੇ ਸਤਲੁਜ ਦਰਿਆ ਦਾ ਧੁੱਸੀ ਬੰਨ੍ਹ ਅਜੇ ਤੱਕ ਪੂਰੀ ਤਰ੍ਹਾਂ ਸੁਰੱਖਿਅਤ ਹੈ, ਜਿਸਦਾ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਡਾ. ਜੋਤੀ ਯਾਦਵ ਵਲੋਂ ਜਾਇਜ਼ਾ ਲਿਆ ਗਿਆ। ਉਹ ਪਿੰਡ ਦੀਆਂ ਔਰਤਾਂ ਨਾਲ ਮਿਲੇ ਤੇ ਉਨ੍ਹਾਂ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ ਸਤਲੁਜ ਦਰਿਆ ਕਿਨਾਰੇ ਵਸਦੇ ਪਿੰਡਾਂ ਦੇ ਲੋਕਾਂ ਦੀ ਜਾਨ, ਮਾਲ ਰੱਖਿਆ ਲਈ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਅਲਰਟ 'ਤੇ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਹਨ। ਐੱਸ.ਐੱਸ.ਪੀ. ਨੇ ਕਿਹਾ ਕਿ ਮਾਛੀਵਾੜਾ ਨੇੜ੍ਹੇ ਸਤਲੁਜ ਦਰਿਆ ਦਾ ਧੁੱਸੀ ਬੰਨ੍ਹ ਪੂਰੀ ਤਰ੍ਹਾਂ ਸੁਰੱਖਿਅਤ ਹੈ ਤੇ ਲੋਕਾਂ ਨੂੰ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਵਿਚ ਪਾਣੀ ਦਾ ਪੱਧਰ ਕੁਝ ਘਟਿਆ ਹੈ ਤੇ ਜਿੱਥੇ ਵੀ ਜਮੀਨ ਨੂੰ ਖੋਰਾ ਲੱਗਿਆ ਹੈ, ਉੱਥੇ ਫਿਰ ਤੋਂ ਮਜ਼ਦੂਰਾਂ ਵਲੋਂ ਬੋਰੀਆਂ ਲਾਉਣ ਦਾ ਕੰਮ ਜਾਰੀ ਰੱਖਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਪੁਲਸ ਜ਼ਿਲ੍ਹਾ ਖੰਨਾ ਦੀ ਹੱਦ ਖਤਮ ਹੁੰਦਿਆਂ ਹੀ ਰੋਪੜ ਜ਼ਿਲੇ ਦੀ ਸ਼ੁਰੂਆਤ 'ਤੇ ਪਿੰਡ ਫਸਿਆ ਵਿਖੇ ਵੀ ਸਤਲੁਜ ਦਰਿਆ ਦਾ ਪਾਣੀ ਧੁੱਸੀ ਬੰਨ੍ਹ ਨੂੰ ਢਾਹ ਲਗਾ ਰਿਹਾ ਹੈ, ਪਰ ਉੱਥੇ ਵੀ ਵੱਡੇ ਪੱਧਰ 'ਤੇ ਰਾਹਤ ਕਾਰਜ ਜਾਰੀ ਹਨ ਤਾਂ ਜੁ ਬੰਨ੍ਹ ਨੂੰ ਕੋਈ ਨੁਕਸਾਨ ਨਾ ਹੋਵੇ। 2 ਦਿਨ ਦੀ ਬਾਰਿਸ਼ ਕਾਰਨ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ 1.25 ਲੱਖ ਕਿਊਸਿਕ 'ਤੇ ਪੁੱਜ ਚੁੱਕਾ ਸੀ, ਜੋ ਘਟ ਕੇ 70 ਹਜ਼ਾਰ ਕਿਊਸਿਕ 'ਤੇ ਰਹਿ ਗਿਆ ਹੈ। ਸਤਲੁਜ ਦਰਿਆ ਵਿਚ ਪਾਣੀ ਦਾ ਪੱਧਰ ਘਟਣ ਕਾਰਨ ਕਿਨਾਰੇ ਵਸਦੇ ਪਿੰਡਾਂ ਦੇ ਲੋਕਾਂ ਨੂੰ ਕੁਝ ਰਾਹਤ ਦਿਖਾਈ ਦਿੱਤੀ। ਜੇਕਰ ਬਾਰਿਸ਼ ਰੁਕ ਗਈ ਤਾਂ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਮੰਡਰਾ ਰਿਹਾ ਖਤਰਾ ਟਲ਼ ਜਾਵੇਗਾ।

# ਸਾਬਕਾ ਵਿਧਾਇਕ ਪਹੁੰਚੇ ਗੁਰਮੇਲ ਸਿੰਘ ਗਿੱਲ ਦੇ ਘਰ



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰ ਕਲਾਂ ਦੀ ਤਿਲਕ ਕੇ ਡਿੱਗਣ ਕਾਰਨ ਬਾਂਹ ਟੁੱਟ ਗਈ ਸੀ। ਉਨ੍ਹਾਂ ਦਾ ਹਾਲ ਚਾਲ ਪੁੱਛਣ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ ਪਹੁੰਚੇ। ਉਹਨਾ ਕਿਹਾ ਕਿ ਗਿੱਲ ਬੇਰਕਲਾਂ ਮੇਰਾ ਭਰਾ ਹੈ ਤੇ ਪਿਛਲੇ ਲੰਬੇ ਸਮੇ ਤੋਂ ਮੇਰੇ ਨਾਲ ਕੰਮ ਕਰਦਾ ਆ ਰਿਹਾ ਹੈ। ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਜਿੱਥੇ ਪੂਰੀ ਲਗਨ ਨਾਲ ਕੰਮ ਕਰ ਰਿਹਾ ਹੈ, ਉੱਥੇ ਕਾਂਗਰਸ ਨਾਲ ਵੀ ਲੋਕਾਂ ਨੂੰ ਜੋੜ ਰਿਹਾ ਹੈ। ਲੋਕ ਆਪਣੇ ਸਵਾਰਥਾਂ ਲਈ ਪਾਰਟੀਆਂ ਬਦਲ ਕੇ ਇੱਧਰ ਉੱਧਰ ਚਲੇ ਜਾਂਦੇ ਹਨ, ਪਰ ਗਿੱਲ ਪਰਵਾਰ ਸ਼ੁਰੂ ਤੋਂ ਹੀ ਡਟ ਕੇ ਕਾਂਗਰਸ ਪਾਰਟੀ ਦਾ ਸਾਥ ਦੇ ਰਿਹਾ ਹੈ।

# ਚਾਰ ਘੰਟੇ ਪਏ ਮੀਂਹ ਨੇ ਸ਼ਹਿਰ ਨੂੰ ਕੀਤਾ ਜਲ-ਥਲ




**ਧੂਰੀ (ਮਨੋਹਰ ਸਿੰਘ ਸੱਗੂ)**
ਅੱਜ ਸਵੇਰੇ ਚਾਰ ਘੰਟੇ ਪਈ ਭਾਰੀ ਬਰਸਾਤ ਕਾਰਨ ਜਿੱਥੇ ਸ਼ਹਿਰ ਸਮੇਤ ਆਲਾ ਦੁਆਲਾ ਜਲ-ਥਲ ਹੋਇਆ ਨਜ਼ਰ ਆਇਆ, ਉੱਥੇ ਨਾਕਸ ਨਿਕਾਸੀ ਪ੍ਰਬੰਧਾਂ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।ਤਕਰੀਬਨ ਤੜਕੇ ਦੋ ਵਜੇ ਤੋਂ ਸਵੇਰੇ ਕਰੀਬ ਛੇ ਵਜੇ ਤੱਕ ਚਾਰ ਘੰਟੇ ਪਈ ਮੋਹਲੇਧਾਰ ਬਰਸਾਤ ਕਾਰਨ ਧੂਰੀ ਸ਼ਹਿਰ ਦਾ ਬਸ ਸਟੈਂਡ ਰੋਡ, ਲੋਹਾ ਬਾਜ਼ਾਰ, ਪੁਰਾਣੀ ਦਾਣਾ ਮੰਡੀ, ਸਦਰ ਬਜ਼ਾਰ, ਤਹਿਸੀਲ ਮੁਹੱਲਾ, ਕ੍ਰਾਂਤੀ ਚੌਕ, ਮੁਹੱਲਾ ਸ਼ਿਵਪੁਰੀ, ਜਨਤਾ ਨਗਰ, ਆਰੀਆ ਸਮਾਜ ਬਲਾਕ ਅਤੇ ਗੁਰਦੁਆਰਾ ਰਾਮਗੜ੍ਹੀਆ ਰੋਡ ਸਹਿਤ ਬਹੁਤਾ ਇਲਾਕਾ ਪੂਰੀ ਤਰਾਂ ਜਲ-ਥਲ ਹੋ ਗਿਆ ਅਤੇ ਬਹੁਤੇ ਘਰਾਂ 'ਚ ਬਰਸਾਤੀ ਪਾਣੀ ਦਾਖਲ ਹੋਣ ਕਾਰਨ ਲੋਕਾਂ ਨੂੰ ਆਪਣਾ ਘਰੇਲੂ ਸਾਮਾਨ ਐਧਰ ਓਧਰ ਸਾਂਭਣ ਲਈ ਮਜਬੂਰ ਹੋਣਾ ਪਿਆ, ਜਦੋਂਕਿ ਸ਼ਹਿਰ ਦੀਆਂ ਗਰੀਬ ਤੇ ਨੀਵੀਆਂ ਬਸਤੀਆਂ 'ਚ ਬਰਸਾਤੀ ਪਾਣੀ ਭਰ ਜਾਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਸ਼ਹਿਰ ਦੇ ਬਹੁਤੇ ਹਿੱਸਿਆਂ 'ਚ ਬਰਸਾਤੀ ਪਾਣੀ ਖੜਨ ਕਾਰਨ ਆਉਣ ਜਾਣ ਵਾਲਿਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨ ਤੇ ਮਜਬੂਰ ਹੁੰਦੇ ਦੇਖਿਆ ਗਿਆ।ਹੋਰ ਤਾਂ ਹੋਰ ਲੋਹਾ ਬਜ਼ਾਰ ਵਾਲੇ ਰੇਲ ਫਾਟਕਾਂ ਦੇ ਨੇੜੇ ਤੇਜ਼ ਵਾਲਾ ਰੇਲਵੇ ਟਰੈਕ ਵੀ ਬਰਸਾਤੀ ਪਾਣੀ ਖੜਨ ਕਾਰਨ ਡੁੱਬਿਆ ਨਜ਼ਰ ਆਇਆ ਅਤੇ ਰੇਲਵੇ ਵਿਭਾਗ ਪੰਪਿੰਗ ਸਿਸਟਮ ਨਾਲ ਟਰੈਕ 'ਚੋਂ ਬਰਸਾਤੀ ਪਾਣੀ ਕੱਢਣ ਲਈ ਮਜਬੂਰ ਹੁੰਦਾ ਦੇਖਿਆ ਗਿਆ। ਬਰਸਾਤ ਬੰਦ ਹੋ ਜਾਣ ਤੋਂ ਬਾਅਦ ਵੀ ਸਵੇਰੇ ਕਰੀਬ 11 ਵਜੇ ਤੱਕ ਸ਼ਹਿਰ ਦੇ ਬਹੁਤਿਆਂ ਹਿੱਸਿਆਂ 'ਚ ਖੜਾ ਬਰਸਾਤੀ ਪਾਣੀ ਨਗਰ ਕੌਂਸਲ ਦੇ ਕਥਿਤ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਸਾਫ ਨਜ਼ਰ ਆ ਰਿਹਾ ਸੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵੱਲੋਂ ਹੜ੍ਹਾਂ ਬਾਰੇ ਜਾਗਰੂਕਤਾ ਤੇ ਤਿਆਰੀ ਲਈ ਆਨਲਾਈਨ ਮੀਟ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੇ ਹੜ੍ਹਾਂ ਦੌਰਾਨ ਚੁੱਕੇ ਜਾਣ ਵਾਲੇ ਜ਼ਰੂਰੀ ਕਦਮਾਂ ਬਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਤੇ ਅਜਿਹੇ ਮੁਸ਼ਕਿਲ ਸਮਿਆਂ ਦੌਰਾਨ ਏਕਤਾ ਦਾ ਪ੍ਰਗਟਾਵਾ ਕਰਨ ਲਈ ਇੱਕ ਆਨਲਾਈਨ ਮੀਟਿੰਗ ਦਾ ਆਯੋਜਨ ਕੀਤਾ।ਮੀਟਿੰਗ ਵਿੱਚ ਐਮਰਜੈਂਸੀ ਦੀ ਸਥਿਤੀ ਵਿੱਚ ਸ਼ਾਂਤ ਰਹਿਣ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਘਬਰਾਉਣ ਦੀ ਬਜਾਏ ਦਿਮਾਗ ਨਾਲ ਕੰਮ ਲੈਣ ਲਈ ਪ੍ਰੇਰਿਤ ਕੀਤਾ ਗਿਆ।

ਵਿਦਿਆਰਥੀਆਂ ਨੂੰ ਸੰਕਟਾਂ ਦੌਰਾਨ ਸੋਸ਼ਲ ਮੀਡੀਆ ਦੀ ਸਾਵਧਾਨ ਤੇ ਨੈਤਿਕ ਵਰਤੋਂ ਵਿੱਚ ਆਪਣੀ ਜ਼ਿੰਮੇਵਾਰੀ ਬਾਰੇ ਵੀ ਜਾਗਰੂਕ ਕੀਤਾ ਗਿਆ। ਇਹ ਯਕੀਨੀ ਬਣਾਇਆ ਗਿਆ ਕਿ ਗ਼ਲਤ ਜਾਣਕਾਰੀ ਤੇ ਘਬਰਾਹਟ ਨਾ ਫੈਲੇ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਵਿਭਾਗ ਦੇ ਮੁਖੀ ਡਾ. ਅੰਕਦੀਪ ਕੌਰ ਅਟਵਾਲ ਨੇ ਕੁਦਰਤੀ ਆਫ਼ਤਾਂ ਦੇ ਮੱਦੇਨਜ਼ਰ ਤਿਆਰੀ ਤੇ



ਲਚਕੀਲੇਪਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਵਿਦਿਆਰਥੀਆਂ ਨੂੰ ਮੁਸ਼ਕਲ ਸਮੇਂ ਦੌਰਾਨ ਸਹਿਯੋਗ ਤੇ ਆਪਸੀ ਸਹਾਇਤਾ ਦੀ ਭਾਵਨਾ ਪੈਦਾ ਕਰਨ ਲਈ ਉਤਸ਼ਾਹਤ ਕੀਤਾ।ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਅਕਤੀਗਤ ਕਾਰਵਾਈਆਂ ਸਮਾਜ ਵਿੱਚ ਮਹੱਤਵਪੂਰਨ ਫ਼ਰਕ ਪਾ ਸਕਦੀਆਂ ਹਨ।ਅੰਗਰੇਜ਼ੀ ਦੇ ਸਹਾਇਕ ਪ੍ਰੋਫ਼ੈਸਰ ਸ਼੍ਰੀਮਤੀ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਕਟ ਦੌਰਾਨ ਭਾਵਨਾਤਮਕ ਸਥਿਰਤਾ ਦੀ ਮਹੱਤਤਾ ਬਾਰੇ ਸੁਚੇਤ ਕੀਤਾ।ਉਨ੍ਹਾਂ ਕਿਹਾ ਕਿ ਘਬਰਾਹਟ ਅਕਸਰ ਸਥਿਤੀਆਂ ਨੂੰ ਹੋਰ ਵੀ ਵਿਗੜਦੀ ਹੈ, ਜਦੋਂ ਕਿ ਸ਼ਾਂਤੀ ਦਿਮਾਗ ਐਮਰਜੈਂਸੀ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਵਿੱਚ ਮਦਦ ਕਰਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸੁਰੱਖਿਆ ਉਪਾਵਾਂ ਬਾਰੇ ਜਾਣੂ ਰਹਿਣ ਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਵੀ ਉਤਸ਼ਾਹਤ ਕੀਤਾ। ਸਹਾਇਕ ਪ੍ਰੋਫ਼ੈਸਰ ਡਾ. ਬਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਆਫ਼ਤਾਂ ਦੌਰਾਨ ਸੋਸ਼ਲ ਮੀਡੀਆ ਦੀ ਸਮਝਦਾਰੀ ਨਾਲ ਵਰਤੋਂ ਕਰਨ ਦੀ ਆਪਣੀ ਜ਼ਿੰਮੇਵਾਰੀ ਪ੍ਰਤੀ ਸੰਵੇਦਨਸ਼ੀਲ ਬਣਾਇਆ। ਉਨ੍ਹਾਂ ਦੱਸਿਆ ਕਿ ਸੋਸ਼ਲ ਮੀਡੀਆ ਜਾਗਰੂਕਤਾ ਫੈਲਾਉਣ ਤੇ ਮਦਦ ਲੈਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੋ ਸਕਦਾ ਹੈ, ਪਰ ਜੇਕਰ ਇਸਨੂੰ ਲਾਪ੍ਰਵਾਹੀ ਨਾਲ ਵਰਤਿਆ ਜਾਵੇ ਤਾਂ ਇਹ ਬੇਲੋੜਾ ਡਰ ਵੀ ਪੈਦਾ ਕਰ ਸਕਦਾ ਹੈ।

# ਪੁਲਸ ਵੱਲੋਂ ਦਰਜ ਝੂਠੇ ਮਾਮਲੇ 'ਚੋਂ ਪੱਤਰਕਾਰ ਬਰੀ

**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਰੂਪਾ ਧਾਲੀਵਾਲ ਦੀ ਅਦਾਲਤ ਨੇ ਲਾਕਡਾਊਨ ਦੌਰਾਨ ਸ਼ਰਾਬ ਦੀਆਂ ਸੱਤ ਬੋਤਲਾਂ ਸਮੇਤ ਫੜੇ ਗਏ ਮੁਲਜ਼ਮ ਵੱਲੋਂ ਬੇਵਜ੍ਹਾ ਲਾਏ ਝੂਠੇ ਦੋਸ਼ਾਂ 'ਚੋਂ ਪੱਤਰਕਾਰ ਨਰਿੰਦਰ ਸਲੂਜਾ ਤੇ ਸਰਬਜੀਤ ਸੁਖੀਜਾ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਹੈ।ਪੱਤਰਕਾਰਾਂ ਦੇ ਵਕੀਲ ਵਿੱਕੀ ਗਿਰਧਰ ਤੇ ਦੀਪਕ ਗਿਰਧਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਸੋਮਵਾਰ ਨੂੰ ਇਹ ਫੈਸਲਾ ਸੁਣਾਇਆ। 12 ਮਈ 2020 ਨੂੰ ਪੁਲਿਸ ਨੇ ਕਰਨਵੀਰ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੂੰ ਸ਼ਰਾਬ ਲੈ ਕੇ ਜਾਂਦੇ ਹੋਏ ਗ੍ਰਿਫ਼ਤਾਰ ਕੀਤਾ ਅਤੇ ਉਸ ਵਿਰੁੱਧ ਕੇਸ ਦਰਜ ਕੀਤਾ।ਪੁਲਸ ਨੇ 14 ਮਈ ਨੂੰ ਉਕਤ ਸ਼ਰਾਬ ਸਮੇਤ ਫੜੇ ਗਏ ਮੁਲਜ਼ਮ ਕਰਨਵੀਰ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਪੱਤਰਕਾਰ ਸਰਬਜੀਤ ਸਿੰਘ ਸੁਖੀਜਾ ਤੇ ਨਰਿੰਦਰ ਸਲੂਜਾ ਵਿਰੁੱਧ ਬਲੈਕਮੇਲਿੰਗ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ।

ਸਰਬਜੀਤ ਸੁਖੀਜਾ ਅਤੇ ਨਰਿੰਦਰ ਸਲੂਜਾ ਵਿਰੁੱਧ ਅਦਾਲਤ 'ਚ ਚਲਾਨ ਪੇਸ਼ ਕੀਤਾ ਸੀ, ਪਰ ਝੂਠ ਦੀ ਨੀਂਹ ਪੱਕੀ ਨਹੀਂ ਹੁੰਦੀ ਤੇ ਅੰਤ 'ਚ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ ਅਤੇ ਇਸਦਾ ਪ੍ਰਤੱਖ ਪ੍ਰਮਾਣ ਸ੍ਰੀ ਮੁਕਤਸਰ ਸਾਹਿਬ ਦੀ ਮਾਣਯੋਗ ਅਦਾਲਤ ਵੱਲੋਂ ਸੋਮਵਾਰ ਨੂੰ ਸੁਣਾਏ ਗਏ ਫੈਸਲੇ ਦਾ ਸਵਾਗਤ ਕਰਦੇ ਹੋਏ ਨਰਿੰਦਰ ਸਲੂਜਾ ਦੇ ਵਕੀਲ ਵਿੱਕੀ ਗਿਰਧਰ ਤੇ ਸਰਬਜੀਤ ਸੁਖੀਜਾ ਦੇ ਵਕੀਲ ਦੀਪਕ ਗਿਰਧਰ ਨੇ ਕਿਹਾ ਕਿ ਇਹ ਇੱਕ ਝੂਠਾ ਯੋਜਨਾਬੱਧ ਮਾਮਲਾ ਸੀ, ਜਿਸ ਵਿੱਚ ਭਾਵੇਂ ਕੁਝ ਸਮਾਂ ਜ਼ਰੂਰ ਲੱਗਾ ਪਰ ਇਨਸਾਫ਼ ਹੋਇਆ ਹੈ।ਐਡਵੋਕੇਟ ਵਿੱਕੀ ਕੁਮਾਰ ਗਿਰਧਰ ਦੇ ਅਨੁਸਾਰ ਸੱਚ ਨੂੰ ਸੱਚ ਸਾਬਤ ਕਰਨਾ ਉਸਦਾ ਫਰਜ਼ ਸੀ, ਜਿਸ ਵਿੱਚ ਉਸ ਨੂੰ ਸਫਲਤਾ ਮਿਲੀ ਹੈ।

# ਥਾਣਾ ਮੌੜ ਵੱਲੋਂ ਫਿਰੌਤੀ ਮੰਗਣ ਦੇ ਮਾਮਲੇ 'ਚ 2 ਗ੍ਰਿਫ਼ਤਾਰ, ਤੀਜਾ ਫਰਾਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਪੁਲਸ ਥਾਣਾ ਮੌੜ ਵੱਲੋਂ ਫਿਰੌਤੀ ਦੇ ਮਾਮਲੇ 'ਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇੱਕ ਵਿਅਕਤੀ ਅਣਪਛਾਤਾ ਅਜੇ ਤੱਕ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ।ਪੁਲਸ ਵੱਲੋਂ ਸ਼ਿਕਾਇਤਕਰਤਾ ਚਰਨਜੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਐਫ਼ਆਈਆਰ ਨੰਬਰ 145 ਅ/ਧ 308 (2)351( 2) 3(5)ਬੀਐਨਐਸ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।ਪੁਲਸ ਥਾਣਾ ਮੌੜ ਵਿਖੇ ਸ਼ਿਕਾਇਤਕਰਤਾ ਚਰਨਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਪਿੰਡ ਰਾਮ ਨਗਰ ਨੇ ਆਪਣੇ ਬਿਆਨ ਦਰਜ ਕਰਾਉਂਦਿਆਂ ਦੱਸਿਆ ਕਿ ਉਹ ਪਿੰਡ ਰਾਮ ਨਗਰ ਅੰਦਰ ਹਿੱਸੇ 'ਤੇ ਜ਼ਮੀਨ ਲੈ ਕੇ ਖੇਤੀਬਾੜੀ ਦਾ ਕੰਮ ਕਰਦਾ ਹੈ।

ਕੰਮ ਕਾਜ ਜ਼ਿਆਦਾ ਹੋਣ ਕਰਕੇ ਨਸ਼ਾ, ਭੁੱਕੀ ਚੂਰਾ ਪੋਸਤ ਖਾਣ ਲੱਗ ਗਿਆ ਸੀ, ਜੋ ਹੁਣ ਕਰੀਬ ਛੇ ਮਹੀਨਿਆਂ ਤੋਂ ਭੁੱਕੀ ਪੋਸਤ ਖਾਣਾ ਛੱਡ ਦਿੱਤਾ ਸੀ। ਉਨ੍ਹਾਂ ਦੱਸਿਆ 31 ਅਗਸਤ ਨੂੰ ਸ਼ਾਮ 5 ਵਜੇ ਦੇ ਕਰੀਬ ਤਿੰਨ ਵਿਅਕਤੀ ਉਨ੍ਹਾਂ ਦੇ ਘਰ ਆਏ, ਜਿਨ੍ਹਾਂ 'ਚੋਂ ਦੋ ਵਿਅਕਤੀ ਪੁਲਿਸ ਵਾਲੀ ਵਰਦੀ ਵਿੱਚ ਸਨ ਅਤੇ ਇੱਕ ਵਿਅਕਤੀ ਸਾਦੇ ਕੱਪੜਿਆਂ ਵਿੱਚ ਸੀ। ਉਨ੍ਹਾਂ ਮੈਨੂੰ ਆਪਣੀ ਸਵਿਫਟ ਕਾਰ ਜੋ ਕਿ ਚਿੱਟੇ ਰੰਗ ਦੀ ਸੀ ਐਚ ਆਰ 27 ਐਫ 1706 ਵਿੱਚ ਬਿਠਾ ਲਿਆ ਤੇ ਕਹਿਣ ਲੱਗੇ ਜੋ ਤੇਰੇ ਕੋਲ ਭੁੱਕੀ ਚੂਰਾ ਪੋਸਤ ਪਈ ਹੈ, ਸਾਡੇ ਹਵਾਲੇ ਕਰਦੇ।

ਮੈਨੂੰ ਡਰਾਇਆ-ਧਮਕਾਇਆ ਗਿਆ ਕਿ ਤੇਰੇ ਉੱਪਰ ਅਸੀਂ ਮੁਕੱਦਮਾ ਦਰਜ ਕਰ ਦੇਵਾਂਗੇ ਨਹੀਂ ਤਾਂ 30 ਹਜ਼ਾਰ ਰੁਪਏ ਦਾ ਇੰਤਜ਼ਾਮ ਕਰਦੇ। ਮੈਂ ਡਰਦੇ ਮਾਰੇ ਨੇ ਆਪਣੇ ਘਰ ਪਏ 20 ਹਜ਼ਾਰ ਰੁਪਏ ਇਹਨਾਂ ਨੂੰ ਲਿਆ ਕੇ ਫੜਾ ਦਿੱਤੇ ਅਤੇ ਇਹ ਆਪਣੀ ਕਾਰ ਸਵਿਫਟ, ਜਿਸ ਦਾ ਨੰਬਰ ਐਚ ਆਰ 27 ਐਫ 1706 ਸੀ ਪਰ ਸਵਾਰ ਹੋ ਕੇ ਚਲੇ ਗਏ।ਮੈਂ ਪੜਤਾਲ ਕਰਦਾ ਰਿਹਾ ਤਾਂ ਮੈਨੂੰ ਪਤਾ ਲੱਗਾ ਕਿ ਇਨ੍ਹਾਂ ਵਿੱਚੋਂ ਇੱਕ ਗੁਰਪ੍ਰੀਤ ਸਿੰਘ ਪੁੱਤਰ ਗੰਗਾ ਸਿੰਘ ਵਾਸੀ ਲਾਲੇਆਣਾ ਹਾਲ ਆਬਾਦ ਰਾਮਪੁਰਾ ਮੰਡੀ ਤੇ ਦੂਜਾ ਬਲਵੀਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਬੁਰਜਹਰੀ ਸਨ, ਜਿਨ੍ਹਾਂ ਦੇ ਸੰਬੰਧ ਵਿੱਚ ਮੈਂ ਪੁਲਿਸ ਥਾਣਾ ਮੌੜ ਦਰਖਾਸਤ ਦਿੱਤੀ। ਪੁਲਸ ਥਾਣਾ ਮੌੜ ਵੱਲੋਂ ਫੌਰੀ ਤੌਰ 'ਤੇ ਕਾਰਵਾਈ ਕਰਦੇ ਹੋਏ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਥਾਣਾ ਮੁਖੀ ਤਰਨਦੀਪ ਸਿੰਘ ਦੇ ਦੱਸਣ ਮੁਤਾਬਕ ਇਨ੍ਹਾਂ 'ਚੋਂ ਬਲਵੀਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਬੁਰਜ ਹਰੀ ਪੁਲਸ ਮੁਲਾਜ਼ਮ ਹੈ, ਜੋ ਮਾਨਸਾ ਵਿਖੇ ਤੈਨਾਤ ਹੈ, ਜਦਕਿ ਇਨ੍ਹਾਂ ਦਾ ਤੀਜਾ ਸਾਥੀ ਫਰਾਰ ਹੈ ਤੇ ਉਸ ਨੂੰ ਵੀ ਜਲਦ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਘੱਗਰ 'ਚ ਵਧਦੇ ਪਾਣੀ ਨੇ ਲੋਕਾਂ ਦੀ ਚਿੰਤਾ ਵਧਾਈ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਉੱਤਰੀ ਭਾਰਤ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਮਗਰੋਂ ਘੱਗਰ ਦਰਿਆ 'ਚ ਵਧ ਰਹੇ ਪਾਣੀ ਨੇ ਲੋਕਾਂ ਦੀਆਂ ਚਿੰਤਾਵਾਂ 'ਚ ਵੱਡਾ ਵਾਧਾ ਕਰ ਦਿੱਤਾ ਹੈ।

ਦਰਿਆ ਵਿੱਚ ਸੰਭਾਵੀ ਹੜਾਂ ਦੇ ਖਤਰੇ ਨੂੰ ਦੇਖਦਿਆਂ ਜਿੱਥੇ ਸਿਵਲ ਪ੍ਰਸ਼ਾਸਨ ਵੱਲੋਂ ਲਗਾਤਾਰ ਸਥਿਤੀ ਉੱਤੇ ਨਜ਼ਰ ਰੱਖੀ ਜਾ ਰਹੀ ਹੈ, ਉੱਥੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਘੱਗਰ ਦਰਿਆ ਤੋਂ ਪੀੜਿਤ ਲੋਕਾਂ ਵੱਲੋਂ ਆਪਣੇ ਪੱਧਰ ਤੇ ਦਰਿਆ ਦੇ ਬੰਨਿਆਂ ਨੂੰ ਮਜਬੂਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਘੱਗਰ 'ਚ ਲਗਾਤਾਰ ਵਧ ਰਹੇ ਪਾਣੀ ਦੀ ਸਥਿਤੀ ਉੱਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।ਘੱਗਰ ਦੇ ਖਨੌਰੀ ਹੈਡ ਵਰਕਰਸ ਆਰਡੀ 460 ਉੱਤੇ ਘੱਗਰ ਦਾ ਪਾਣੀ ਖਤਰੇ ਦੇ ਨਿਸ਼ਾਨ ਦੇ ਬਿਲਕੁਲ ਨੇੜੇ ਜਾਣ ਕਰਕੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਦੀਆਂ ਧੜਕਨਾਂ ਤੇਜ਼ ਹੋ ਗਈਆਂ ਹਨ।

ਹਲਕਾ ਸ਼ੁਤਰਾਣਾ ਦੇ ਡੇਢ ਦਰਜਨ ਦੇ ਕਰੀਬ ਪਿੰਡਾਂ ਦੇ ਲੋਕਾਂ ਵੱਲੋਂ ਜਿੱਥੇ ਕੁਦਰਤ ਨੂੰ ਕਰੋਪੀ ਰੋਕਣ ਦੀਆਂ ਅਰਜ਼ੋਈਆਂ ਕੀਤੀਆਂ ਜਾ ਰਹੀਆਂ ਹਨ, ਉੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਉੱਤੋਂ ਟੇਕ ਹਟਾ ਕੇ ਆਪਣੇ ਪੱਧਰ ਉੱਤੇ ਬੰਨਿਆਂ ਨੂੰ ਮਜਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸੇ ਦੌਰਾਨ

## ■ ਆਰ ਡੀ 460 'ਤੇ ਘੱਗਰ ਖਤਰੇ ਦੇ ਨਿਸ਼ਾਨ ਦੇ ਨੇੜੇ



ਮੰਗਲਵਾਰ ਬਾਅਦ ਦੁਪਹਿਰ ਇਲਾਕੇ ਵਿੱਚ ਲਗਾਤਾਰ ਪਏ ਮੀਂਹ ਨੇ ਕਿਸਾਨਾਂ ਵੱਲੋਂ ਬੰਨਿਆਂ ਨੂੰ ਮਜਬੂਤ ਕਰਨ ਲਈ ਕੀਤੇ ਜਾ ਰਹੇ ਕੰਮ ਵਿੱਚ ਰੁਕਾਵਟ ਖੜੀ ਕੀਤੀ। ਜਾਣਕਾਰੀ ਅਨੁਸਾਰ ਸਬ ਡਵੀਜ਼ਨ ਪਾਤੜਾਂ ਦੇ ਪਿੰਡਾਂ ਰਸੋਲੀ, ਚਿੱਚੜਵਾਲਾ, ਸ਼ੁਤਰਾਣਾ, ਨਾਈਵਾਲਾ, ਗੁਲਾਹੜ, ਜੋਗੇਵਾਲਾ ਤੇ ਹਲਕਾ ਲਹਿਰਾਗਾਗਾ ਦੇ ਪਿੰਡਾਂ ਹੋਤੀਪੁਰ ਅਤੇ ਨਵਾਂ ਗਾਉਂ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਆਪਣੇ ਟਰੈਕਟਰਾਂ ਅਤੇ ਹੋਰ ਸਾਧਨਾਂ ਸਮੇਤ ਪਿੰਡ ਸ਼ੁਤਰਾਣਾ ਅਤੇ ਰਸੌਲੀ ਕੋਲ ਘੱਗਰ ਦਰਿਆ ਦੇ ਕੰਢਿਆਂ ਨੂੰ ਮਜਬੂਤ ਕਰਨ ਉੱਤੇ ਲੱਗੇ ਹੋਏ ਹਨ।ਇਸ ਦੌਰਾਨ ਪਿੰਡ ਜੋਗੇਵਾਲ ਦੇ ਨੌਜਵਾਨ ਫਤਿਹ ਸਿੰਘ ਤੇ ਸ਼ੁਤਰਾਣਾ ਬਲਵੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਜੰਮੂ ਕਟੜਾ ਐਕਸਪ੍ਰੈਸ ਵੇ ਤੋਂ ਪਿੰਡ ਰਸੌਲੀ ਤੱਕ ਜਿੱਥੇ ਸਾਲ 23 ਵਿੱਚ ਆਏ ਹੜਾਂ ਦੌਰਾਨ ਘੱਗਰ ਦੇ ਪਾਣੀ ਨੇ ਵੱਡੇ ਪੱਧਰ ਉੱਤੇ ਨੁਕਸਾਨ ਕੀਤਾ ਸੀ, ਉੱਥੇ ਲੋਕਾਂ ਵੱਲੋਂ ਆਪਣੇ ਪੱਧਰ ਉੱਤੇ ਬੰਨਿਆਂ ਨੂੰ ਮਜਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ।

# ਭਗਵੰਤ ਮਾਨ ਦੇ ਕਾਰਜਕਾਲ ਦੌਰਾਨ ਧੂਰੀ ਹਲਕੇ ਦਾ ਵਿਨਾਸ਼ ਹੋਇਆ : ਗੋਲਡੀ ਖੰਗੂੜਾ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**
ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਬਜ਼ਾਰਾਂ ਅਤੇ ਮੁਹੱਲਿਆਂ ਦਾ ਦੌਰਾ ਕਰਦਿਆਂ ਲੋਕਾਂ ਨਾਲ ਹਮਦਰਦੀ ਜਾਹਿਰ ਕਰਦਿਆਂ ਕਿਹਾ ਕਿ ਧੂਰੀ ਹਲਕੇ ਦੀ ਵੱਡੀ ਤ੍ਰਾਸਦੀ ਇਹ ਹੈ ਕਿ ਇਤਿਹਾਸ ਵਿੱਚ ਪਹਿਲੀ ਵਾਰ ਹਲਕੇ ਨੂੰ ਮੁੱਖ ਮੰਤਰੀ ਮਿਲਿਆ, ਪਰ ਲੋਕਾਂ ਨੂੰ ਵਿਕਾਸ ਦੀ ਥਾਂ ਵਿਨਾਸ਼ ਹੀ ਦੇਖਣਾ ਪਿਆ।ਗੋਲਡੀ ਖੰਗੂੜਾ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਧਾਇਕ ਚੁਣੇ ਜਾਣ ਤੋਂ ਬਾਅਦ ਧੂਰੀ ਹਲਕਾ ਵਿਕਾਸ ਪਿੱਛੋਂ ਪਿੱਛੇ ਡਿੱਗ ਗਿਆ ਹੈ ਤੇ ਸਰਕਾਰੀ ਕਾਹਲੀ ਕਾਰਨ ਹਲਕੇ ਦੇ ਲੋਕ ਅਣਗਿਣਤ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਸਮੇਂ ਧੂਰੀ ਸ਼ਹਿਰ ਅਤੇ ਇਲਾਕੇ ਦੇ ਬੇਸ਼ੁਮਾਰ ਪਿੰਡ ਬਰਸਾਤੀ ਪਾਣੀ ਦੀ ਸਮੱਸਿਆ ਕਾਰਨ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੇ



ਨਿਕਾਸੀ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ।

ਹਨ।ਰਜਵਾਹਾ ਛੱਤਣ ਕਾਰਨ ਪਾਣੀ ਦੇ ਨਿਕਾਸ ਦਾ ਰਾਹ ਹੀ ਬੰਦ ਹੋ ਗਿਆ ਹੈ।ਪਾਣੀ ਦੇ ਨਿਕਾਸ ਲਈ ਕੋਈ ਪ੍ਰਬੰਧ ਨਹੀਂ ਹੋਇਆ।ਨਤੀਜੇ ਵਜੋਂ ਹਰ ਸਾਲ ਭਾਰੀ ਬਾਰਿਸ਼ ਨਾਲ ਸ਼ਹਿਰ ਦੇ ਬਜ਼ਾਰਾਂ ਤੇ ਗਲੀਆਂ ਵਿੱਚ ਗੋਡੇ-ਗੋਡੇ ਪਾਣੀ ਖੜ ਜਾਂਦਾ ਹੈ। ਘਰਾਂ ਅਤੇ ਦੁਕਾਨਾਂ ਵਿੱਚ ਪਾਣੀ ਵੜ ਕੇ ਲੋਕਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਦਾ ਹੈ।ਗੋਲਡੀ ਖੰਗੂੜਾ ਨੇ ਦਾਅਵਾ ਕੀਤਾ ਕਿ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਧੂਰੀ ਲਈ ਕਈ ਮਹੱਤਵਪੂਰਨ ਯੋਜਨਾਵਾਂ ਪਾਸ ਕਰਾਈਆਂ ਸਨ।ਖਾਸ ਤੌਰ 'ਤੇ ਦੋ ਐੱਸ.ਟੀ.ਪੀ. (ਸੀਵਰੇਜ ਟਰੀਟਮੈਂਟ ਪਲਾਂਟ) ਦੀ ਮਨਜ਼ੂਰੀ ਉਨ੍ਹਾਂ ਨੇ ਹੀ ਦਿਵਾਈ ਸੀ।ਪਰ ਅਫਸੋਸ ਮੌਜੂਦਾ ਸਰਕਾਰ ਨੇ ਅੱਜ ਤੱਕ ਇਨ੍ਹਾਂ ਨੂੰ ਚਾਲੂ ਨਹੀਂ ਕਰਾਇਆ।ਦੌਲਤਪੁਰ ਰੋਡ ਵਾਲੇ ਪਲਾਂਟ ਲਈ ਤਾਂ ਜ਼ਮੀਨ ਵੀ ਅਜੇ ਤੱਕ ਨਹੀਂ ਖਰੀਦੀ ਗਈ।

ਇਸ ਕਾਰਨ ਸ਼ਹਿਰ ਦਾ ਸਾਰਾ ਗੰਦਾ ਪਾਣੀ ਬਿਨਾ ਟਰੀਟਮੈਂਟ ਦੇ ਖੁੱਲ੍ਹੇ ਨਿਕਾਸਾਂ ਵਿੱਚ ਵਗ ਰਿਹਾ ਹੈ, ਜਿਸ ਨਾਲ ਬਿਮਾਰੀਆਂ ਤੇ ਪ੍ਰਦੂਸ਼ਣ ਦਾ ਖਤਰਾ ਵੱਧ ਰਿਹਾ ਹੈ। ਸਾਬਕਾ ਵਿਧਾਇਕ ਨੇ ਕਿਹਾ ਕਿ ਲੋਕਾਂ ਦੀ ਉਮੀਦ ਹੁੰਦੀ ਹੈ ਕਿ ਜੇਕਰ ਕੋਈ ਆਮ ਵਿਧਾਇਕ ਹੋਵੇ ਤਾਂ ਉਹ ਮੁੱਖ ਮੰਤਰੀ ਤੇ ਮੰਤਰੀਆਂ ਕੋਲ ਜਾ ਕੇ ਹਲਕੇ ਲਈ ਵਿਕਾਸ ਦੇ ਕੰਮ ਮੰਗੇ, ਪਰ ਜਦੋਂ ਹਲਕੇ ਤੋਂ ਮੁੱਖ ਮੰਤਰੀ ਆਪ ਹੋਵੇ, ਤਾਂ ਉਸ ਨੂੰ ਤਾਂ ਸਿਰਫ਼ ਆਪਣੇ ਹਰੇ ਪੈਨ ਨਾਲ ਸਾਈਨ ਕਰਕੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣੀ ਹੁੰਦੀ ਹੈ, ਪਰ ਦੁੱਖ ਦੀ ਗੱਲ ਹੈ ਕਿ ਭਗਵੰਤ ਮਾਨ ਨੇ ਧੂਰੀ ਲਈ ਕੋਈ ਵੀ ਢੰਗ ਦੀ ਯੋਜਨਾ ਲਾਗੂ ਨਹੀਂ ਕੀਤੀ।

# ਪ੍ਰੈਕਟੀਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ



**ਜ਼ੀਰਾ (ਨਰਿੰਦਰ ਅਨੇਜਾ)**
ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ ਦੀ ਮਹੀਨਾਵਾਰ ਇਕੱਤਰਤਾ ਪ੍ਰਧਾਨ ਆਤਮਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਕੈਸ਼ੀਅਰ ਡਾਕਟਰ ਰਾਕੇਸ਼ ਮਹਿਤਾ, ਜ਼ਿਲ੍ਹਾ ਸਕੱਤਰ ਸੰਤੋਖ ਸਿੰਘ, ਜ਼ਿਲ੍ਹਾ ਸਲਾਹਕਾਰ ਜਸਵੰਤ ਸਿੰਘ ਤੇ ਬਲਾਕ ਮੁੱਦਕੀ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਇਕੱਤਰਤਾ ਵਿੱਚ ਵੱਡੀ ਗਿਣਤੀ 'ਚ ਹਾਜ਼ਰ ਜ਼ੀਰਾ ਤੇ ਆਸ-ਪਾਸ ਦੇ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਸੰਬੋਧਨ ਕਰਦਿਆਂ ਸੂਬਾ ਕੈਸ਼ੀਅਰ ਡਾਕਟਰ ਰਾਕੇਸ਼ ਮਹਿਤਾ ਤੇ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਜੋ ਆਪਣੇ ਕੰਮ ਕਰਨ ਦੇ ਅਧਿਕਾਰ ਨੂੰ ਲੈ ਕੇ ਸੰਘਰਸ਼ ਵਿੱਢਿਆ ਗਿਆ ਸੀ। ਉਦੋਂ ਤੋਂ ਵੱਖ-ਵੱਖ ਸਰਕਾਰਾਂ ਨੇ ਸਰਕਾਰ ਬਣਨ ਤੋਂ ਪਹਿਲਾਂ ਵਾਅਦੇ ਕੀਤੇ, ਪਰ ਬਾਅਦ ਵਿੱਚ ਕਿਸੇ ਨੇ ਵੀ ਸਾਡੀ ਮੰਗ ਦਾ ਵਾਅਦਾ ਪੂਰਾ ਨਹੀਂ ਕੀਤਾ।ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਮੌਜੂਦਾ ਸਰਕਾਰ ਦੇ ਸਿਹਤ ਮੰਤਰੀ, ਵਿਧਾਇਕਾਂ ਤੇ ਹੋਰ ਮੰਤਰੀਆਂ ਨੂੰ ਮਿਲ ਕੇ ਪਹਿਲਾਂ ਕੀਤਾ ਗਿਆ ਵਾਅਦਾ ਯਾਦ ਕਰਾਉਣ ਦੇ ਬਾਵਜੂਦ ਹੁਣ ਤੱਕ ਸਾਡੀਆਂ ਆਸਾਂ ਨੂੰ ਬੂਰ ਨਹੀਂ ਪਿਆ।ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਹੇਠ ਸੁੱਤੀ ਸਰਕਾਰ ਨੂੰ ਜਗਾਉਣ ਲਈ ਵੱਖ ਵੱਖ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ ਤੇ ਜੇਕਰ ਸਾਡੀ ਮੰਗ ਨਹੀਂ ਮੰਨੀ ਗਈ ਤਾਂ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ।ਸੋ ਸਾਡੀ ਸਰਕਾਰ ਤੋਂ ਮੰਗ ਹੈ ਕਿ ਸਾਨੂੰ ਬੇਖੌਫ਼ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇ। ਪ੍ਰਧਾਨ ਡਾਕਟਰ ਆਤਮਾ ਸਿੰਘ, ਪ੍ਰਧਾਨ ਅਵਤਾਰ ਸਿੰਘ , ਸੀਨੀਅਰ ਮੀਤ ਪ੍ਰਧਾਨ ਅਜਮੇਰ ਸਿੰਘ ਢੇਰੂ, ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਤੇ ਹੋਰ ਸੀਨੀਅਰ ਆਗੂਆਂ ਨੇ ਕੁਦਰਤੀ ਕਰੋਪੀ ਦੇ ਰੂਪ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਸੰਬੋਧਨ ਕਰਦਿਆਂ ਕਿਹਾ ਸਾਡੀ ਜਥੇਬੰਦੀ ਦਾ ਮੁੱਖ ਉਦੇਸ਼ ਹੀ ਮਾਨਵਤਾ ਦੀ ਸੇਵਾ ਕਰਨਾ ਹੈ।ਜਦੋਂ ਤੋਂ ਜੱਥੇਬੰਦੀ ਹੋਂਦ ਵਿੱਚ ਆਈ ਹੈ। ਉਦੋਂ ਤੋਂ ਹੀ ਫ੍ਰੀ ਮੈਡੀਕਲ ਕੈਂਪ ਅਤੇ ਖ਼ੂਨਦਾਨ ਕੈਂਪ ਆਦਿ ਲਗਾ ਕੇ ਮਾਨਵਤਾ ਦੀ ਸੇਵਾ ਕਰਦੀ ਆ ਰਹੀ ਹੈ ਅਤੇ ਜੋ ਇਹ ਕੁਦਰਤੀ ਕਰੋਪੀ ਹੜ੍ਹ ਆਏ ਹੈ, ਸਾਡੀ ਜਥੇਬੰਦੀ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਨੂੰ ਫ੍ਰੀ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਅੱਗੇ ਵੀ ਜਾਰੀ ਰਹਿਣਗੀਆਂ।

# ਸਾਗਰ ਇੰਡਸਟਰੀ ਦੀ ਡਿੱਗੀ ਕੰਧ, ਹੋਇਆ ਲੱਖਾਂ ਦਾ ਨੁਕਸਾਨ



**ਬਰਨਾਲਾ (ਰਜਿੰਦਰ ਬਰਾੜ)**
ਭਾਰੀ ਮੀਂਹ ਦੇ ਚੱਲਦਿਆਂ ਜਿੱਥੇ ਲੋਕਾਂ ਦੇ ਘਰਾਂ ਅੰਦਰ ਪਾਣੀ ਵੜਨ ਕਾਰਨ ਭਾਰੀ ਨੁਕਸਾਨ ਹੋ ਰਿਹਾ ਹੈ, ਲੋਕ ਘਰੋਂ ਬੇਘਰ ਹੋ ਰਹੇ ਹਨ, ਉੱਥੇ ਹੀ ਬਰਨਾਲਾ ਅੰਦਰ ਆਸ ਪਾਸ ਇੰਡਸਟਰੀਆ ਦਾ ਕਾਫੀ ਨੁਕਸਾਨ ਹੋਇਆ ਹੈ। ਸਾਗਰ ਇੰਡਸਟਰੀ ਛੰਨਾ ਰੋਡ ਦੇ ਮਾਲਕ ਸ਼ਸ਼ੀਕਾਂਤ ਚੋਪੜਾ ਨੇ ਦੱਸਿਆ ਕਿ 25 ਅਗਸਤ ਨੂੰ ਭਾਰੀ ਮੀਹ ਕਾਰਨ ਉਨਾਂ ਦੀ ਇੰਡਸਟਰੀ ਦੀ ਲਗਭਗ 250 ਫੁੱਟ ਲੰਮੀ ਅਤੇ 12 13 ਫੁੱਟ ਦੇ ਕਰੀਬ ਉੱਚੀ ਕੰਧ ਢੇਰੀ ਹੋ ਗਈ, ਜਿਸ ਕਾਰਨ ਉਨਾਂ ਦਾ ਸਵਾ ਤਿੰਨ ਤੋਂ ਸਾਢੇ ਤਿੰਨ ਲੱਖ ਦੇ ਕਰੀਬ ਦਾ ਨੁਕਸਾਨ ਹੋ ਗਿਆ ਹੈ।ਹੋਰ ਵੀ ਕਈ ਇੰਡਸਟਰੀਜ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਕਿਸਾਨਾਂ ਨੂੰ ਫ਼ਸਲਾਂ ਤਬਾਹ ਹੋਣ ਤੇ ਹੋਰ ਕੁਦਰਤੀ ਆਫ਼ਤਾਂ ਨਾਲ ਨੁਕਸਾਨ ਹੋਣ ਦੌਰਾਨ ਮੁਆਵਜ਼ੇ ਦਿੱਤੀ ਜਾਂਦੇ ਹਨ। ਉਸੇ ਤਰ੍ਹਾਂ ਇੰਡਸਟਰੀਲਿਸਟਾਂ ਨੂੰ ਵੀ ਬਣਦੇ ਮੁਆਵਜ਼ੇ ਦਿੱਤੇ ਜਾਣ।

# ਪੰਜਾਬ ਸਰਕਾਰ ਭਿਆਨਕ ਹੜ੍ਹ ਤ੍ਰਾਸਦੀ ਤੋਂ ਪ੍ਰਭਾਵਤ ਲੋਕਾਂ ਦੀ ਮਦਦ ਕਰਨ 'ਚ ਅਸਫ਼ਲ ਰਹੀ : ਡਾ. ਸੀਮਾਂਤ ਗਰਗ

**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਹੋਈ ਬਾਰਿਸ਼ ਤੇ ਪਹਾੜਾਂ ਤੋਂ ਦਰਿਆਵਾਂ ਵਿੱਚ ਆ ਰਹੇ ਪਾਣੀ ਕਾਰਨ ਪੂਰੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਪੈਦਾ ਹੋ ਗਈ ਹੈ ਅਤੇ ਪੰਜਾਬ ਦਾ ਕਿਸਾਨ, ਜੋ ਪਹਿਲਾਂ ਹੀ ਆਪਣੀਆਂ ਖੇਤੀ ਸਮੱਸਿਆਵਾਂ ਨਾਲ ਜੂਝ ਰਿਹਾ ਸੀ, ਹੁਣ ਹੜ੍ਹ ਅਤੇ ਮੀਂਹ ਨੇ ਉਸਦੀਆਂ ਫਸਲਾਂ ਨੂੰ ਨੁਕਸਾਨ ਪੁਚਾਇਆ ਹੈ, ਜਿਸ ਕਾਰਨ ਅੱਜ ਦਾ ਕਿਸਾਨ ਇਸ ਕੁਦਰਤੀ ਤ੍ਰਾਸਦੀ ਵਿੱਚ ਸੜਕਾਂ 'ਤੇ ਆ ਗਿਆ ਹੈ ਅਤੇ ਜੋ ਕਿਸਾਨ ਪੂਰੇ ਦੇਸ਼ ਨੂੰ ਅਨਾਜ ਦੇ ਕੇ ਲੋਕਾਂ ਦਾ ਪੇਟ ਪਾਲਦਾ ਸੀ, ਉਹੀ ਕਿਸਾਨ ਹੜ੍ਹ ਕਾਰਨ ਪੀੜਤ ਹੋ ਗਿਆ ਹੈ, ਜਿਸਦੀ ਸਮੱਸਿਆ ਨੂੰ ਹੱਲ ਕਰਨਾ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਕੋਲ ਪਹਿਲਾਂ ਹੀ ਕੇਂਦਰੀ ਫੰਡ ਵੀ ਹੈ, ਜੋ ਸਰਕਾਰ ਤੁਰੰਤ ਜਾਰੀ ਕਰ ਸਕਦੀ ਹੈ।ਪਰ ਪੰਜਾਬ ਵਿੱਚ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਹੈ।



ਸਰਕਾਰ ਤੇ ਇਸ ਦੇ ਮੰਤਰੀ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਨਾਲ ਤਸਵੀਰਾਂ ਖਿਚਵਾਉਣ ਵਿੱਚ ਰੁੱਝੇ ਹੋਏ ਹਨ।ਉਨ੍ਹਾਂ ਕੋਲ ਮਦਦ ਲਈ ਕੋਈ ਯੋਜਨਾਬੱਧ ਨੀਤੀ ਨਹੀਂ ਹੈ, ਜਿਸ ਕਾਰਨ ਹੜ੍ਹਾਂ ਤੇ ਬਾਰਿਸ਼ਾਂ ਕਾਰਨ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਥਿਤੀ ਤਰਸਯੋਗ ਹੋ ਗਈ ਹੈ। ਇਨ੍ਹਾਂ ਵਿਚਾਰਾਂ ਪ੍ਰਗਟਵਾ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕੀਤਾ।

ਡਾ. ਸੀਮਾਂਤ ਗਰਗ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਰਾਜ ਚਲਾਉਣ ਤੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਯੋਜਨਾਵਾਂ ਬਣਾਉਣ ਦਾ ਸਮਾਂ ਨਹੀਂ ਹੈ, ਕਿਉਂਕਿ ਪੰਜਾਬ ਸਰਕਾਰ ਆਪਣੇ ਆਕਾਵਾਂ ਨਾਲ ਮਿਲ ਕੇ ਦੂਜੇ ਰਾਜਾਂ ਵਿੱਚ ਪੰਜਾਬ ਦਾ ਪੈਸਾ ਬਰਬਾਦ ਕਰਨ ਤੇ ਉੱਥੇ ਰਾਜਨੀਤਕ ਗਤੀਵਿਧੀਆਂ ਚਲਾਉਣ ਵਿੱਚ ਰੁੱਝੀ ਹੋਈ ਹੈ।ਪੰਜਾਬ ਦੇ ਕਿਸੇ ਵੀ ਸ਼ਹਿਰ 'ਚ ਸੀਵਰੇਜ ਦੀ ਸਫ਼ਾਈ ਨਹੀਂ ਕੀਤੀ ਗਈ ਤੇ ਨਹਿਰਾਂ ਅਤੇ ਨਾਲਿਆਂ ਦੀ ਸਫ਼ਾਈ ਨਾ ਹੋਣ ਕਾਰਨ ਹੜ੍ਹ ਦੀ ਸਥਿਤੀ ਗੰਭੀਰ ਹੋ ਗਈ ਅਤੇ ਕਈ ਥਾਂਵਾਂ 'ਤੇ ਨਹਿਰਾਂ ਤੇ ਨਾਲਿਆਂ ਵਿੱਚ ਤਰੇੜਾਂ ਪੈਣ ਕਾਰਨ ਪਿੰਡ ਤੇ ਸ਼ਹਿਰ ਪਾਣੀ ਵਿੱਚ ਡੁੱਬ ਗਏ।ਉਨ੍ਹਾਂ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਨੂੰ ਕਿਹਾ ਕਿ ਉਹ ਜਿੱਥੇ ਵੀ ਹਨ, ਉਨ੍ਹਾਂ ਨੂੰ ਤਨ, ਮਨ ਤੇ ਧਨ ਨਾਲ ਹੜ੍ਹ ਪ੍ਰਭਾਵਤ ਪਰਵਾਰਾਂ ਦੀ ਸੇਵਾ ਕਰਨੀ ਚਾਹੀਦੀ ਹੈ।

# ਕੇਂਦਰੀ ਭਾਜਪਾ ਸਰਕਾਰ ਦੀ ਪੰਜਾਬ ਵੱਲ ਪਿੱਠ ਅਤਿ ਨਿੰਦਣਯੋਗ : ਝੱਜ, ਬਰਮੀ

**ਦੋਰਾਹਾ (ਹਰਮਿੰਦਰ ਸੇਠ)**-ਹੜ੍ਹਾਂ ਨਾਲ ਪੰਜਾਬ ਬੁਰੀ ਤਰ੍ਹਾਂ ਝੰਬਿਆ ਗਿਆ ਹੈ। ਫ਼ਸਲਾਂ ਤਬਾਹ ਹੋ ਗਈਆਂ ਹਨ।ਪਸ਼ੂ ਧਨ ਦਾ ਵੱਡਾ ਨੁਕਸਾਨ ਹੋ ਰਿਹਾ ਹੈ।ਹਿਮਾਚਲ ਤੇ ਜੰਮੂ ਕਸ਼ਮੀਰ ਵਿੱਚ ਵੀ ਵੱਡੀ ਤਬਾਹੀ ਹੋਈ ਤੇ ਹੋ ਰਹੀ ਹੈ।ਅਜਿਹੇ ਭਿਆਨਕ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਲੋਕਾਂ ਵੱਲ ਪਿੱਠ ਕਰਕੇ ਖੜੀ ਹੈ, ਜਿਵੇਂ ਇਸ ਤਬਾਹੀ ਨਾਲ਼ ਉਸ ਦਾ ਕੋਈ ਵਾਸਤਾ ਹੀ ਨਾ ਹੋਵੇ।ਇਹ ਵਰਤਾਰਾ ਅਤਿ ਨਿੰਦਣਯੋਗ ਅਤੇ ਨਾ ਬਖਸ਼ਣ ਯੋਗ ਹੈ।ਕੁੱਲ ਹਿੰਦ ਕਿਸਾਨ ਸਭਾ ਦੇ ਆਲ ਇੰਡੀਆ ਕਿਸਾਨ ਸਭਾ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਜਸਵੀਰ ਝੱਜ ਅਤੇ ਜਨਰਲ ਸਕੱਤਰ ਚਮਕੌਰ ਸਿੰਘ ਬ੍ਰਮੀ ਨੇ ਕਿਹਾ ਕਿ ਪੰਜਾਬ ਦੇ ਡੈਮਾਂ 'ਤੇ ਕੇਂਦਰ ਸਰਕਾਰ ਕਾਬਜ਼ ਹੋ ਗਈ ਹੈ, ਪਰ ਪੰਜਾਬ ਦੀ ਔਖੀ ਘੜੀ ਵਿੱਚ ਅੱਖਾਂ ਮੀਟੀ ਬੈਠੀ ਹੈ।ਜੀ.ਐਸ.ਟੀ. ਰਾਹੀਂ ਸੂਬਿਆਂ ਦੀ ਆਮਦਨ ਦਾ ਵੱਡਾ ਹਿੱਸਾ ਕੇਂਦਰ ਸਰਕਾਰ ਕੋਲ਼ ਚਲਾ ਜਾਂਦਾ



ਹੈ।ਕੇਂਦਰੀ ਭਾਜਪਾ ਸਰਕਾਰ ਕੋਲ ਵੱਡੇ ਫੰਡ ਪਏ ਹਨ।ਲੋਕ ਖਾਸ ਕਰਕੇ ਪੇਂਡੂ ਕਿਸਾਨ ਤੇ ਮਜ਼ਦੂਰ ਬੁਰੀ ਤਰ੍ਹਾਂ ਤਬਾਹ ਹੋ ਰਹੇ ਹਨ, ਪਰ ਕੇਂਦਰ ਸਰਕਾਰ ਆਪਣੇ ਹੀ ਮਜ਼ੇ ਵਿੱਚ ਹੈ।ਕੇਂਦਰੀ ਕੋਟੇ ਵਿਚੋਂ ਇਸ ਤ੍ਰਾਸਦੀ ਸਮੇਂ ਕੁੱਝ ਵੀ ਨਹੀਂ ਕੀਤਾ ਜਾ ਰਿਹਾ, ਇੱਥੋਂ ਤੱਕ ਕਿ ਫੋਕਾ ਦਿਲਾਸਾ ਵੀ ਨਹੀਂ ਦਿੱਤਾ ਜਾ ਰਿਹਾ, ਜਿਵੇਂ ਕਿ ਹੜ੍ਹ ਮਾਰੇ ਲੋਕ ਦੂਰ ਦੁਸ਼ਮਣ ਦੇਸ਼ ਦੇ ਹੋਣ।ਅਜਿਹੀ ਆਫ਼ਤ ਸਮੇਂ ਤਾਂ ਇਹਨਾਂ ਹਾਲਾਤਾਂ ਨੂੰ ਕੌਮੀ ਆਫ਼ਤ ਸਮਝਦਿਆਂ ਇਕਦਮ ਵੱਡੀ ਸਹਾਇਤਾ ਦੇਣਾ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ।ਜੇਕਰ ਇਹਨਾਂ ਰਾਜਾਂ 'ਚ ਭਾਜਪਾ ਸਰਕਾਰ ਹੁੰਦੀ ਤਾਂ ਇਸੇ ਤਰ੍ਹਾਂ ਕੇਂਦਰ ਲਾਪ੍ਰਾਹੀ ਵਰਤਦੀ, ਇਹ ਇੱਕ ਵੱਡਾ ਸਵਾਲ ਖੜਾ ਹੋ ਰਿਹਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਤੇ ਹੋਰ ਪੀੜਤ ਲੋਕ ਮੁੜ ਉੱਠ ਖਲੋਣਗੇ, ਪਰ ਕੇਂਦਰ ਸਰਕਾਰ ਦਾ ਜ਼ਾਲਮਾਨਾ ਰਵਈਆ ਕਦੇ ਨਹੀਂ ਭੁਲਾਉਣਗੇ।

# ਪੰਜਾਬ ਅਨ-ਏਡਿਡ ਕਾਲਜ ਐਸੋਸੀਏਸ਼ਨ ਨੇ ਹੜ੍ਹ ਰਾਹਤ ਕਾਰਜਾਂ ਲਈ 11 ਲੱਖ ਰੁਪਏ ਦਿੱਤੇ



ਚੰਡੀਗੜ੍ਹ, (ਗੁਰਜੀਤ ਬਿੱਲਾ) ਹੜ੍ਹਾਂ ਕਾਰਨ ਬਣੇ ਔਖੇ ਹਾਲਾਤਾਂ ਵਿੱਚ ਇਕਜੁੱਟਤਾ ਦੀ ਮਿਸਾਲ ਪੇਸ਼ ਕਰਦਿਆਂ ਪੰਜਾਬ ਅਨ-ਏਡਿਡ ਕਾਲਜ ਐਸੋਸੀਏਸ਼ਨ (ਪੁੱਕਾ) ਨੇ ਰਾਹਤ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਨੰਗਲ ਵਿਖੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ 11 ਲੱਖ ਰੁਪਏ ਦਾ ਚੈੱਕ ਸੌਂਪਿਆ। ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਅਤੇ ਪੁੱਕਾ ਦੇ ਪ੍ਰਧਾਨ ਡਾ. ਅੰਸ਼ੂ ਕਟਾਰੀਆ ਦੀ ਅਗਵਾਈ ਵਾਲੇ ਵਫ਼ਦ ਨੰਗਲ ਵਿਖੇ ਸਿੱਖਿਆ ਮੰਤਰੀ ਨੂੰ ਮਿਲਿਆ, ਜਿੱਥੇ ਹਰਜੋਤ ਸਿੰਘ ਬੈਂਸ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਬਚਾਅ ਅਤੇ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਹਨ।ਇਸ ਵਫ਼ਦ ਵਿੱਚ ਪੰਜਾਬ ਦੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਸੁਮਨਦੀਪ ਸਿੰਘ ਵਾਲੀਆ, ਲੈਮਰਿਨ ਟੈਕ ਯੂਨੀਵਰਸਿਟੀ ਦੇ ਚਾਂਸਲਰ ਨਿਰਮਲ ਸਿੰਘ ਰਿਆਤ, ਸਵਾਈਟ ਗਰੁੱਪ ਤੋਂ ਅਸ਼ੋਕ ਗਰਗ, ਰਾਮ ਦੇਵੀ ਜਿੰਦਲ ਕਾਲਜ ਤੋਂ ਰਾਜੀਵ ਜਿੰਦਲ ਅਤੇ ਕੁਐਸਟ ਗਰੁੱਪ ਤੋਂ ਹਰਿੰਦਰ ਕਾਂਡਾ ਸ਼ਾਮਲ ਸਨ।

ਹਰਜੋਤ ਸਿੰਘ ਬੈਂਸ ਨੇ ਪੁੱਕਾ ਅਤੇ ਇਸਦੀਆਂ ਮੈਂਬਰ ਸੰਸਥਾਵਾਂ ਦੀ ਇਸ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਅਤੇ ਇਸ ਮੁਸ਼ਕਲ ਸਮੇਂ ਦੌਰਾਨ ਇਸ ਇਮਦਾਦ ਲਈ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਸਮੇ ਪੁੱਕਾ ਦਾ ਯੋਗਦਾਨ ਹੜ੍ਹਾਂ ਤੋਂ ਪ੍ਰਭਾਵਿਤ ਪਰਵਾਰਾਂ ਦੇ ਮੁੜ ਵਸੇਬੇ ਵਿੱਚ ਮਹੱਤਵਪੂਰਨ ਰਾਹਤ ਪ੍ਰਦਾਨ ਕਰਨ ਲਈ ਰਾਜ ਸਰਕਾਰ ਦੀ ਮਦਦ ਕਰੇਗਾ।ਡਾ. ਅੰਸ਼ੂ ਕਟਾਰੀਆ ਨੇ ਸਿੱਖਿਆ ਮੰਤਰੀ ਨੂੰ ਭਰੋਸਾ ਦਿੱਤਾ ਕਿ ਪੁੱਕਾ ਅਤੇ ਇਸਦੇ ਮੈਂਬਰ ਕਾਲਜ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਅਤੇ ਦੇਖਭਾਲ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਨਾਲ ਇੱਕਜੁੱਟ ਹਨ।ਇਹ ਸੰਕੇਤ ਪੁੱਕਾ ਅਤੇ ਇਸਦੇ ਮੈਂਬਰ ਸੰਸਥਾਵਾਂ ਦੀ ਰਾਜ ਦੇ ਰਾਹਤ ਕਾਰਜਾਂ ਦਾ ਸਮਰਥਨ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਸਵਿਫਟ ਗਰੁੱਪ, ਲੈਮਰਿਨ ਟੈਕ ਯੂਨੀਵਰਸਿਟੀ, ਸੀਜੀਸੀ ਯੂਨੀਵਰਸਿਟੀ, ਜੀ ਐਨ ਏ ਯੂਨੀਵਰਸਿਟੀ , ਅੰਮ੍ਰਿਤਸਰ ਗਰੁੱਪ , ਕੁਐਸਟ ਗਰੁੱਪ, ਗਲੋਬਲ ਗਰੁੱਪ, ਰਾਮ ਦੇਵੀ ਜਿੰਦਲ ਗਰੁੱਪ, ਇੰਡੋ ਗਲੋਬਲ, ਅਕਾਲ ਗਰੁੱਪ, ਐਲ ਸੀ ਈ ਟੀ ਗਰੁੱਪ, ਗੁਲਜ਼ਾਰ ਗਰੁੱਪ, ਬੀਆਈ ਐਸ ਗਰੁੱਪ, ਸਵਾਇਟ ਗਰੁੱਪ, ਆਰੀਅਨ ਗਰੁੱਪ, ਬਾਬਾ ਸ੍ਰੀ ਚੰਦ ਕਾਲਜ, ਬਾਬਾ ਕੁੰਦਨ ਕਾਲਜ ਅਤੇ ਐਸ ਬੀ ਐਸ ਗਰੁੱਪ ਨੇ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਇਆ ਹੈ।

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਰਾਹਤ ਕੈਂਪਾਂ ਤੋਂ ਸੇਵਾ ਜਾਰੀ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ।ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜਪੁਰ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਵੀ ਹੜ੍ਹਾਂ ਦੀ ਸਥਿਤੀ ਬੜਾ ਭਿਆਨਕ ਰੂਪ ਧਾਰ ਗਈ ਜਿਸ ਤਹਿਤ ਹੜ੍ਹ ਪੀੜਤਾਂ ਦੇ ਰਾਹਤ ਕਾਰਜਾਂ ਲਈ ਹੜ੍ਹ ਪੀੜਤ ਰਾਹਤ ਕੈਂਪ ਬਣਾਏ ਗਏ ਹਨ, ਜੋ ਕਿ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਲਈ ਅਕਾਲ ਅਕੈਡਮੀ ਤਿੱਬੜ, ਦੀਨਾਨਗਰ, ਸੁਜਾਨਪੁਰ ਅਤੇ ਡੇਰਾ ਬਾਬਾ ਨਾਨਕ ਵਿਖੇ, ਅੰਮ੍ਰਿਤਸਰ ਜ਼ਿਲੇ ਲਈ ਅਕਾਲ ਅਕੈਡਮੀ ਵਛੋਆ ਅਤੇ ਅਕਾਲ ਅਕੈਡਮੀ ਦਦੇਹਰ ਸਾਹਿਬ ਵਿਖੇ ਅਤੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਕੈਂਪ ਬਣਾਇਆ ਗਿਆ ਜਿਥੋਂ ਨੇੜੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਅਤੇ ਢਾਣੀਆਂ ਵਿੱਚ ਕਿਸ਼ਤੀ ਰਾਹੀਂ ਹੜ੍ਹ ਪੀੜਤਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ।ਇਨ੍ਹਾਂ ਕੈਂਪਾਂ ਤੋਂ ਹੜ੍ਹ ਪੀੜਤਾਂ ਨੂੰ ਘਰੋਂ-ਘਰੀਂ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ, ਫੀਡ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ।ਹੁਣ ਤੱਕ 5000 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ।ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਭਰੋਸਾ ਦਿੱਤਾ ਜਾਂਦਾ ਹੈ ਕਿ ਜਿਹੜੇ ਖੇਤਰਾਂ ਵਿੱਚ ਪਾਣੀ ਦਾ ਪੱਧਰ ਘੱਟ ਚੁੱਕਾ ਹੈ, ਉਨ੍ਹਾਂ ਪਿੰਡਾਂ ਵਿੱਚ ਘਰਾਂ ਦੀ ਮੁਰੰਮਤ ਅਤੇ ਘਰੇਲੂ ਜ਼ਰੂਰਤ ਦਾ ਸਾਮਾਨ ਅਤੇ ਬੱਚਿਆਂ ਦੀ ਪੜ੍ਹਾਈ ਲਈ ਕਿਤਾਬਾਂ ਅਤੇ ਵਰਦੀ ਆਦਿ ਲੋੜਾਂ ਨੂੰ ਦੇਸ਼ ਵਿਦੇਸ਼ ਦੀਆ ਸੰਗਤਾਂ ਦੇ ਸਹਿਯੋਗ ਨਾਲ ਮੁੜ ਵਸੇਬੇ ਲਈ ਯਤਨਸ਼ੀਲ ਹੋਵੇਗਾ।

# ਸੰਕਟ ਆਪਸੀ ਸਹਿਯੋਗ ਤੇ ਭਾਈਵਾਲਤਾ ਨਾਲ ਹੀ ਦੂਰ ਹੋ ਸਕੇਗਾ : ਡਾ. ਰਾਜ ਕੁਮਾਰ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜਕੁਮਾਰ ਨੇ ਚੱਬੇਵਾਲ ਹਲਕੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਪ੍ਰਸ਼ਾਸਨ ਨੂੰ ਜ਼ਰੂਰੀ ਨਿਰਦੇਸ਼ ਦਿੱਤੇ।ਉਹ ਪਹਿਲਾਂ ਪਿੰਡ ਮੈਲੀ ਪਹੁੰਚੇ ਅਤੇ ਮੈਲੀ ਬੰਨ੍ਹ ਵਿੱਚ ਵਧੇ ਹੋਏ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ।ਇਸ ਮੌਕੇ ਐਸ.ਡੀ.ਐਮ ਗੜ੍ਹਸ਼ੰਕਰ ਸੰਜੀਵ ਕੁਮਾਰ ਵੀ ਉਨ੍ਹਾਂ ਨਾਲ ਮੌਜੂਦ ਸਨ।ਇਸ ਤੋਂ ਬਾਅਦ ਸੰਸਦ ਮੈਂਬਰ ਡਾ. ਰਾਜ ਕੁਮਾਰ ਨੇ ਪਿੰਡ ਸ਼ੇਰਪੁਰ ਢੱਕੋਂ ਵਿਖੇ 108 ਸੰਤ ਹਰਮੇਸ਼ ਦਾਸ ਮਹਾਰਾਜਦੇ ਡੇਰੇ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਉਨ੍ਹਾਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਤੁਰੰਤ ਰਾਹਤ ਕਾਰਜ ਤੇਜੀ ਨਾਲ ਕਰਨ ਦੇ ਨਿਰਦੇਸ਼ ਦਿੱਤੇ।ਸੰਸਦ ਮੈਂਬਰ ਨੇ ਪਿੰਡ ਹੁਕਮਪੁਰ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ, ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਚੀਜ਼ਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੁਸ਼ਕਲ ਸਮੇਂ ਵਿੱਚ, ਸਾਰਿਆਂ ਨੂੰ ਆਪਸੀ ਸਦਭਾਵਨਾ ਅਤੇ ਭਾਈਚਾਰਾ ਬਣਾਈ ਰੱਖਣਾ ਚਾਹੀਦਾ ਹੈ ਅਤੇਇੱਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ।ਇਸ ਮੌਕੇ ਉਨ੍ਹਾਂ ਇਹ ਵੀ ਕਿਹਾ, ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਸਰਕਾਰ, ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨ ਪੂਰੀ ਤਰ੍ਹਾਂ ਸਰਗਰਮ ਹਨ।ਡਾ. ਰਾਜਕੁਮਾਰ ਨੇ ਸਪੱਸ਼ਟ ਕੀਤਾ ਕਿ ਪ੍ਰਸ਼ਾਸਨ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਗਏਹਨ ਤਾਂ ਜੋ ਕਿਸੇ ਵੀ ਪਰਿਵਾਰ ਨੂੰ ਕੋਈ ਅਸੁਵਿਧਾ ਨਾ ਹੋਵੇ।ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਆਫ਼ਤਾਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ, ਇਹ ਇੱਕ ਦੂਜੇ ਦਾ ਸਾਥ ਦੇਣ ਦਾ ਸਮਾਂ ਹੈ।ਮੈਂ ਖੁਦ ਲਗਾਤਾਰ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਿਹਾ ਹਾਂ ਅਤੇ ਆਪਣੇ ਹਲਕੇ ਦੇ ਹਰ ਵਿਅਕਤੀ ਨੂੰ ਮਦਦ ਪਹੁੰਚਾਉਣਾ ਮੇਰੀ ਤਰਜੀਹ ਹੈ।

# ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਧੁਸੀ ਬੰਨ੍ਹ ਦਾ ਦੌਰਾ



ਫਿਲੌਰ (ਨਿਰਮਲ)- ਹਲਕਾ ਫਿਲੌਰ ਆਪ ਪਾਰਟੀ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਫਿਲੌਰ ਇਲਾਕੇ ਦੇ ਵੱਖ-ਵੱਖ ਪਿੰਡਾਂ ਅਤੇ ਧੁਸੀ ਬੰਨ੍ਹ ਦਾ ਦੌਰਾ ਕੀਤਾ।ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ ਅਤੇ ਹੋਏ ਨੁਕਸਾਨ ਦਾ ਮੁਆਵਜ਼ਾ ਜਲਦੀ ਤੋਂ ਜਲਦੀ ਦਿੱਤਾ ਜਾਵੇਗਾ।ਇਸ ਸੰਬੰਧ ਵਿੱਚ ਮੁੱਖ ਮੰਤਰੀ ਅਤੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ।ਸਤਲੁਜ ਦਰਿਆ ਨੇੜਲੇ ਇਲਾਕਿਆਂ ਵਿੱਚ ਹੜ੍ਹ ਤੋਂ ਬਚਾਓ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਧੁਸੀ ਬੰਨ੍ਹ 'ਤੇ ਦਿਨ ਰਾਤ ਚੌਕਸੀ ਵਰਤੀ ਜਾ ਰਹੀ ਹੈ।ਬਚਾਓ ਦੀਆਂ ਟੀਮਾਂ 24 ਘੰਟੇ ਬੰਨ੍ਹ 'ਤੇ ਦੌਰਾ ਕਰ ਰਹੀਆਂ ਹਨ।ਪ੍ਰਿੰਸੀਪਲ ਨੇ ਸਮੂਹ ਪ੍ਰਸ਼ਾਸਨਿਕ ਅਧਿਕਾਰੀਆਂ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਕਿ ਉਹ ਦਿਨ ਰਾਤ ਬੰਨ੍ਹ 'ਤੇ ਚੌਕਸੀ ਵਰਤ ਰਹੀਆਂ ਹਨ।

# ਮੁੱਲਾਂਵਾਲ 'ਚ ਗਰੀਬ ਦੇ ਘਰ ਦੀ ਛੱਤ ਡਿੱਗਣ ਕਿਨਾਰੇ; ਪਰਵਾਰ ਵੱਲੋਂ ਮਦਦ ਦੀ ਅਪੀਲ





ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੀ ਬਰਸਾਤ ਕਾਰਨ ਆਏ ਹੜ੍ਹਾਂ ਕਾਰਨ ਪੰਜਾਬ ਦੇ ਬਹੁਤ ਸਾਰੇ ਇਲਾਕੇ ਪਾਣੀ ਦੀ ਮਾਰ ਹੇਠ ਹਨ। ਲਗਾਤਾਰ ਪੈ ਰਹੀ ਬਾਰਸ਼ ਨੇ ਆਮ ਲੋਕਾਂ ਤੋਂ ਇਲਾਵਾ ਗਰੀਬ ਪਰਿਵਾਰਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਗਰੀਬ ਪਰਿਵਾਰਾਂ ਦੇ ਖਸਤਾ ਹਾਲਤ ਘਰ ਹੁਣ ਬਰਸਾਤ ਦੀ ਮਾਰ ਝੱਲਣ ਦੇ ਸਮਰੱਥ ਨਹੀਂ ਹਨ ਅਤੇ ਗਰੀਬ ਪਰਿਵਾਰਾਂ ਨੂੰ ਬਰਸਾਤ ਵਿੱਚ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈ ਥਾਵਾਂ ਤੇ ਘਰਾਂ ਦੀਆਂ ਛੱਤਾਂ ਡਿੱਗਣ ਕਾਰਨ ਲੋਕ ਨੀਲੇ ਅਸਮਾਨ ਹੇਠ ਮੀਂਹ ਵਿੱਚ ਰਹਿਣ ਲਈ ਮਜਬੂਰ ਹਨ। ਬਲਾਕ ਕਾਹਨੂੰਵਾਨ ਦੇ ਪਿੰਡ ਮੁੱਲਾਂਵਾਲ ਦੇ ਦਰਿਆ ਬਿਆਸ ਖੇਤਰ ਅੰਦਰਲੇ ਇੱਕ ਡੇਰੇ ਨੁਮਾ ਘਰ ਵਿੱਚ ਰਹਿੰਦੇ ਵੀਰ ਸਿੰਘ ਪੁੱਤਰ ਸੌਦਾਗਰ ਸਿੰਘ ਜੋ ਕਿ ਪਰਿਵਾਰ ਸਮੇਤ ਦਰਿਆ ਬਿਆਸ ਧੁੱਸੀ ਬੰਨ੍ਹ ਦੇ ਅੰਦਰ ਰਹਿੰਦੇ ਹਨ, ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਦੇ ਘਰ ਦਰਿਆ ਦੇ ਪਾਣੀ ਦਾ ਸਾਹਮਣਾ ਕਰ ਰਹੇ ਹਨ ਅਤੇ ਉੱਤੋਂ ਪੈ ਰਹੀ ਭਾਰੀ ਬਰਸਾਤ ਕਾਰਨ ਉਨ੍ਹਾਂ ਦੇ ਪੁਰਾਣੇ ਘਰ ਦੀਆਂ ਬਾਲਿਆਂ ਵਾਲੀ ਛੱਤ ਵੀ ਡਿੱਗਣੀ ਸ਼ੁਰੂ ਹੋ ਚੁੱਕੀ ਹੈ। ਇਸ ਸੰਬੰਧੀ ਗੱਲਬਾਤ ਕਰਦੇ ਹੋਏ ਕਿਸਾਨ ਆਗੂ ਨੇਪਾਲ ਸਿੰਘ, ਬਲਕਾਰ ਸਿੰਘ ਅਤੇ ਸੁਰਿੰਦਰ ਸਿੰਘ ਆਦਿ ਨੇ ਕਿਹਾ ਕਿ ਵੀਰ ਸਿੰਘ ਬਹੁਤ ਹੀ ਗਰੀਬ ਕਿਸਾਨ ਹੈ, ਇਸ ਲਈ ਉਹ ਖੁਦ ਨਵਾਂ ਘਰ ਨਹੀਂ ਬਣਾ ਸਕਦਾ। ਉਨ੍ਹਾਂ ਸਮਾਜਸੇਵੀ ਜਥੇਬੰਦੀਆਂ, ਐੱਨਆਰਆਈ ਵੀਰਾਂ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਗਰੀਬ ਪਰਿਵਾਰ ਦੀ ਛੱਤ ਬਚਾਉਣ ਲਈ ਬਣਦੀ ਮਾਲੀ ਮਦਦ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਹੋਰ ਵੀ ਬੇਟ ਖੇਤਰ ਦੇ ਕਈ ਪਿੰਡਾਂ ਵਿੱਚ ਲੋਕਾਂ ਨੂੰ ਬਰਸਾਤ ਅਤੇ ਹੜ੍ਹਾਂ ਕਾਰਨ ਘਰੋਂ ਬੇਘਰ ਹੋਣਾ ਪੈ ਰਿਹਾ ਹੈ।


**PUBLIC NOTICE**

I Jaskaran Singh S/o Daljit Singh R/o H.No, 68. Lane No. 4, Guru Gobind Nagar, Jalandhar, the owner of the property situated at village Fazalpur Jalandhar from Sale deed No, 2024-25/187/1 /857 dated 19.04.2024 registered with S.R. Jalandhar. The property is comprised in as per the Jamabandi for the year 2021-22 comprised in Khasra no. 9//23/2, 24/1/2, 24/2, 20//3, 4, 6, 7, 8 and Hadbast No. 319 and Boundaries East : Passage, West : Property of others, North: Mohinder Singh, South: R.G Industries owners are Jaskaran Singh S/o Daljit Singh R/o H No. 68 Lane No. 4 Guru Gobind Nagar Jalandhar and Rajveer Singh Sachdeva S/o Varpreet Singh Sachdev H No. 67 Lane No. 4 Guru Gobind Nagar Jalandhar and Kuwar Aviraj S/o Arvinder Pal Singh H No. 625 Phase 1 Urban estate Jalandhar. hereby inform that I have lost the original property Sale deed No. 8759 Dated 14.12.2012 and original Sale deed No. 8753 Dated 21.03.2012 which got lost on 08.05.2025. If anyone finds the document or has any information, kindly contact me or the nearest police station.

**COURT NOTICE**

(U/o 5 Rule 20 CPC)
In the Court of
Jagmohan Singh Sanghe
Principal Judge, Family Court, Jalandhar
CNR No. PBJL01-016290-2024
Next Date:- 11-11-2025
MNT125/504/2024

Preeti W/o Rohit Kumar D/o Vijay Kumar
Address : Nk 338 Mohalla Jattpura, Near Valmiki Gate, Jalandhar
Vs.
Rohit Kohli S/o Naveen Kohli
Address : 51 Kabir Vihar Raj Nagar, Jalandhar

Petition Under Section 125 of C.R.P.C for grant of maintenance Act

Publication Issued To:
Rohit Kohli S/o Naveen Kohli
Address : 51 Kabir Vihar Raj Nagar, Jalandhar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 11-11-2025 at 10:00 a.m.

For details logon to https://highcourtchd.gov.in/?trs=district_notice&district=Jalandhar

Principal Judge, Family Court
Jalandhar
Dated, this day of 03-09-2025

**COURT NOTICE**

(U/o 5 Rule 20 CPC)
In the Court of Mandeep Kaur
Civil Judge (Junior Division), Amritsar
CNR No. PBAS02-002803-2024
Next Date:- 26-09-2025
Punjab National Bank
Vs.
RS Fashion Point

Publication Issued To:
1. R.S Fashion Point R/o Village Nangli, Chand Avenue, Phase-II, Fatehgarh Churian Road, Amritsar Through its Proprietor Smt. Sarita Panday W/o Sandeep Panday, Chand Avenue, Phase-II, Opp. Spring Dale School, Fatehgarh Churian Road, Amritsar

Alternate Address : Near Tiwari, New Preet Nagar, Near Lawrence School, Batala Road, Amritsar

2. Sarita Panday W/o Sandeep Panday Prop. of R.S. Fashion Point 3. Sandeep Panday

Both R/o Near Tiwari, New Preet Nagar, Near Lawrence School, Batala Road, Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-09-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 30-08-2025

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਵਿਯੁਤ ਇੰਜੀਨੀਅਰ/ਟੀ.ਆਰ./ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ । ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ।

| | |
|---|---|
| ਟੈਂਡਰ ਨੰਬਰ | 251-ਵਿਯੁਤ-T-14-2025-26 |
| ਕੰਮਾਂ ਦਾ ਵੇਰਵਾ | ਬਟਾਲਾ, ਤਰਨਤਾਰਨ, ਫਿਲੌਰ, ਕਰਤਾਰਪੁਰ, ਫਗਵਾੜਾ ਅਤੇ ਸੁਰਾਨਾਸੀ ਗੁਡਸ ਸ਼ੇਡ ਦੇ ਉਨਨਯਨ / ਸੁਧਾਰ ਤੋਂ ਸਬੰਧਿਤ ਵਿਯੁਤ ਕੰਮ । |
| ਅਨੁਮਾਨਿਤ ਲਾਗਤ (ਰੁ:) | ਰੁ: 1,20,89,819.73/- |
| ਬਿਆਨਾ ਰਾਸ਼ੀ (ਰੁ) | ਰੁ: 2,10,500.00 |
| ਕੰਮ ਦਾ ਸਮਾਂ | 06 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 24.09.2025, 15:00 ਵਜੇ ਦੇ ਬਾਦ |
| ਵੈੱਬਸਾਈਟ | www.ireps.gov.in |

ਨੰ: 251-ਵਿਯੁਤ ਟੈਂਡਰ ਨੋਟਿਸ ਨੰ: 16-ਵਿਯੁਤ-2025-26 ਮਿਤੀ : 03.09.2025 2666/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚਨਾ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-PnU25-19 | 09.09.25 ਨੂੰ 12:30 ਵਜੇ | ਜਲੰਧਰ ਸ਼ਹਿਰ ਰੇਲਵੇ ਸਟੇਸ਼ਨ ਤੇ ਪੇ ਐਂਡ ਯੂਜ਼ ਸ਼ੌਚਾਲਯਾਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFXZR-MA25-4 | 10.09.25 ਨੂੰ 11:30 ਵਜੇ | ਗੱਡੀ ਨੰਬਰ 14634, 20424/20423, 12408, 14622/21 ਅਤੇ 14626/25, 20498/20497 (ਗਰੁਪ ਰੇਕ ਲਿੰਕ) ਟ੍ਰੇਨਾਂ ਦੇ ਸਵਾਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-PRKG25-17 | 12.09.25 ਨੂੰ 11:30 ਵਜੇ | ਡੀਏਵੀ ਕਾਲੇਜ ਜਲੰਧਰ ਹਾਲਟ ਰੇਲਵੇ ਸਟੇਸ਼ਨ ਤੇ ਪਾਰਕਿੰਗ ਸਥਲ ਦਾ ਠੇਕੇ ਦਾ ਅਲਾਟਮੈਂਟ। |
| EAFZR-PnU25-20 | 15.09.25 ਨੂੰ 11:30 ਵਜੇ | ਫਾਜਿਲਕਾ ਰੇਲਵੇ ਸਟੇਸ਼ਨ ਤੇ ਪੇ ਐਂਡ ਯੂਜ਼ ਪਖਾਨਿਆਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MIS25-18 | 15.09.25 ਨੂੰ 11:30 ਵਜੇ | 1) ਰੇਲਵੇ ਸਟੇਸ਼ਨ ਫਿਰੋਜਪੁਰ ਕੈਂਟ ਤੇ ਮੋਬਾਈਲ ਅਤੇ ਮੋਬਾਈਲ ਅਕਸੇਸਰੀਜ ਸਟੋਰ ਅਤੇ ਟੇਕਸਟਾਈਲ ਸਟੋਰ (ਵਿਗਿਆਪਨ ਅਧਿਕਾਰਾਂ ਦੇ ਨਾਲ) ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। 2) ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਟੈਕਸਟਾਈਲ ਸਟੋਰ (ਵਿਗਿਆਪਨ ਅਧਿਕਾਰਾਂ ਦੇ ਨਾਲ) ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। 3) ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਯਾਤਰਾ ਸਹਾਇਤਾ ਡੇਸਕ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MPS25-12 | 16.09.25 ਨੂੰ 11:30 ਵਜੇ | ਲੁਧਿਆਣਾ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।
ਨੰਬਰ: MC/38015/Pub/E-Auction/FZR/22 ਮਿਤੀ 03.09.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2674/25


# ਕਲਾਸੀਫਾਈਡ ਇਸ਼ਤਿਹਾਰ

## Change of Name

I, Gurjeet Singh S/o Darshan Singh Village Thakarpura Tehsil Patti District Tarn Taran Have Changed My Name From Gurjeet Singh to Gurjit Singh Pl note it.

I, Sukhchain Singh S/o Bhaljeet Singh Village Sarhali Mandan , Tehsil Patti District Tarn Taran Have Changed my Name From Sukhchain Singh to Surname as Singh and my Givenname is Sukhchain plz note it.

I, Ram Lubhaya S/o Baldev Raj R/o Near Guru Ravidass Gurudwara, VPO Ladhewali, Distt Jalandhar Punjab have changed my name from Lubhaya Ram to Ram Lubhaya. All concerned please note.

I. Parminder Singh s/o Parmjit Singh village Maluwal Tehsil and district Tarn Taran have changed my name to Singh Parminder. concerned noted.

I am Gurpinder Singh, son of Major Singh, resident of village Panjwar Kalan, Tehsil and District Tarn Taran, Punjab. My passport number is Y3270796, in which my mother's name is Rashpal Singh, please correct it and register it as Rashpal kaur.

I, Harjit Gill S/O Amar Singh R/O Village Bodh PO Gilwali Distt. Amritsar, Punjab have changed my name from Harjit Gill to Harjit Singh. Concerned note.

I, Rohit S/o Pawan Kumar R/o H.No. 686/9, Dai Wali Gali, Andrun Katrha Khajana, Sajja Pasa, Amritsar, Punjab have changed my name from Rohit to Rohit Kumar.]

I, Salvinder Singh S/o Ajaib Singh R/o W.No.1 Wadala Kalan Road, VPO Baba Bakala, Amritsar have changed my name from Salvinder Singh to Salwinder Singh.

I, Amrjit Kaur W/o Salwinder Singh R/o W.No.1, Wadala Kalan Road, VPO Baba Bakala, Amritsar have changed my name from Amrjit Kaur to Amarjit Kaur.

I, Ramanpreet Kaur W/O Dalbir Singh, R/o Dulchi Majra, Rupnagar, Punjab- 140103. have changed my name and shall hereafter be Known as Rani.

I, Prabhjot Kaur W/o Harinder Singh R/o Vill Dyalpura, PO Chamyari, Tehsil Ajnala District Amritsar have declare that Prabhjot is my Given name and Kaur is my Surname.

I, Charnjit Singh Chatha S/o Bhagwan Singh R/o H.No.1221/7, Gali Ichha Ram, Dhab Basti Ram Amritsar have changed my name from Charnjit Singh Chatha to Charanjit Singh.

I, Manjinder Singh Chatha W/o Charanjit Singh R/o H.No.1221/7, Gali Ichha Ram, Dhab Basti Ram Amritsar have changed my name from Manjinder Singh Chatha to Manjinder Singh.

I, Charanjit Singh S/o Bhagwan Singh R/o H.No.1221/7, Gali Ichha Ram, Dhab Basti Ram Amritsar have declare that my father was known by two names Bhagwan Singh and Bhagwan Singh Chatha. One and same person.

I, Ranjot Singh S/o Dilbag Singh R/o Village Kale PO Bhikhiwind Tehsil Patti District Tarn Taran have declare that Ranjot is my Given name and Singh is my Surname.

I, Bindia D/o Harish Khanna W/o Rohit Khanna R/o 251, Lajpat Rai Street Opp Goal Bagh, Near Durgiana Temple, Amritsar have changed my name from Bindia to Kashish Khanna.

I, Daljeet Singh S/o Chain Singh R/o Vill. Bhaini Sidhwan Distt. Tarn Taran, Punjab India have changed my name from Daljeet Singh to Daljit Singh. Concerned Note.

## Change of Name

I, Amandeep Kaur Oberoi W/o Jaideep Singh R/o Jandiala Guru Distt Amritsar have changed my name from Amandeep Kaur Oberoi to Amandeep Kaur.

I Sugandha Chopra W/O Yugam Chopra R/O H.No# 7, Gobind Nagar, Ambala Cantt-133001-Haryana have changed my name after marriage from Sugandha Kohli to Sugandha Chopra. All Note.

I, Manjit Singh S/o Puran Singh R/o H.No.8, Satnam Nagar, Near J.C Resort, Jalandhar, Punjab-144009 changed my name to Manjeet Singh.

I, Bhawna D/o Rajinder Kumar R/o House No. 449/99, Santokhpura, District Jalandhar have changed my name from Bhawna to Bhawna Kumar.

I Baljinder Kaur w/o Amir singh r/o H no 2102/7 main road Adampur , District Jalandhar have changed my name from Baljinder Kaur to Baljinder kaur noori .

I Neha Verma w/o Ashish Dogra r/o h.no 3238/10 Dashmesh nagar adampur doaba , jalandhar punjab, 144102 declear that Neha Verma and Neha Dogra. Is one and the same person.

I, Ashwani Kumar S/o Balwinder Pal R/o Vill. Randhawa Brota, Hoshiarpur, Punjab-144105 have changed my name from Ashwani Kumar to Ashwani as Given Name and Kumar as Surname. Concerned Note.

I Navpreet Singh S/O Sukhvir Singh Resident Of H.No. N25 Mms Colony Birring Jalandhar-144005, Punjab, India Declare That I Have Changed My Name To First Name Navpreet And Surname As Singh.

I, Kanchan W/o Harjinder Singh R/o Vill. Diantpur, Po. Manko, Distt. Jalandhar have been changed my name after my marriage from Kanchan to Kanchan Blaggan. All Please Note.

I, Sanjeet Kumar and Sanjit Kumar S/o Ram Krishna Singh R/o Village and Post Office Billour P/s Barsh Patna Bihar at present H.No.489, Mall Road, Near HDFC Bank, Railway Colony Amritsar have declare that above both names are mine one and same person.

I, Mannat Katyal D/o Parmod Kapoor R/o H.No. 174-175-A, New Raja Garden Colony, Po.Mithapur, Distt. Jalandhar have changed my surname from Mannat Katyal to Mannat Kapoor. All Please Note.

I, Suman Sehgal w/o Sanjeev Kumar r/o H.No.17, Dolatpuri, Industrial Town Jalandhar, declare that Suman Sehgal and Suman Rani both are one and the same person. All Please Note.

## ਆਮ ਸੂਚਨਾ

ਮੈਂ, ਦਰਸ਼ਨਾ ਕੁਮਾਰੀ ਪਤਨੀ ਜਨਕ ਰਾਜ ਵਾਸੀ ਮਕਾਨ 13/167, ਅਮਨ ਪਬਲਿਕ ਸਕੂਲ, ਆਬਾਦੀ ਗੁਰੂ ਨਗਰ, ਵੇਰਕਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਅਮਿਤ ਕੁਮਾਰ ਪੁੱਤਰ ਜਨਕ ਰਾਜ ਨੂੰ ਮਿਤੀ 04.04.2021 ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਮੇਰੀ ਹਰ ਗੱਲ ਮੰਨਦਾ ਹੈ ਅਤੇ ਮੇਰੇ ਕਹਿਣੇ ਵਿਚ ਹੈ। ਹੁਣ ਮੈਂ ਆਪਣੇ ਲੜਕੇ ਅਮਿਤ ਕੁਮਾਰ ਨੂੰ ਦਿੱਤੀ ਬੇਦਖਲੀ ਕੈਂਸਲ/ਵਾਪਸ ਲੈਂਦੀ ਹਾਂ। ਸੰਬੰਧਤ ਨੋਟ ਕਰਨ।

ਸੁਖਵਿੰਦਰ ਸਿੰਘ ਪੁੱਤਰ ਦਵਿੰਦਰ ਸਿੰਘ ਦੇ ਨਾਮ ਪਿੰਡ ਆਲੋਵਾਲ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੇਕਸ਼ਨ ਖਾਤਾ ਨੰਬਰ AP03/1340X ਸਤਨਾਮ ਸਿੰਘ ਪੁੱਤਰ ਦਰਸ਼ਨ ਸਿੰਘ ਆਲੋਵਾਲ ਆਪਣੇ ਨਾਮ ਕਰਵਾ ਰਿਹਾ । ਇਤਰਾਜਕਰਤਾ 15 ਦਿਨਾਂ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਅਮੀਪੁਰ ਨੂੰ ਪੇਸ ਕਰ ਸਕਦਾ ।

## ਬੇਦਖਲੀ ਨੋਟਿਸ

ਮੈਂ, ਅਮਰ ਪੁੱਤਰ ਰਾਜ ਕੁਮਾਰ, ਵਾਸੀ ਮਕਾਨ ਨੰ: 2702/5, ਗਲੀ ਕਾਕਾ ਸਿੰਘ, ਬਾਜ਼ਾਰ ਲਛਮਣਸਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਵੰਸ਼ਿਕਾ ਅਰੋੜਾ ਅਤੇ ਮੇਰਾ ਲੜਕਾ ਕਾਵੇ ਅਰੋੜਾ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਨਿਰਦਈਪੂਰਨ ਵਰਤਾਓ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜ ਕਮਲ ਪੁੱਤਰ ਗੁਰਦੇਵ ਲਾਲ, ਵਾਸੀ ਮਕਾਨ ਨੰ: ਐਨ ਏ-140, ਗਲੀ ਨੰ: 02, ਕਿਸ਼ਨਪੁਰਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਸਿੱਧੂ, ਉਸ ਦੀ ਪਤਨੀ ਸਿੰਮੀ ਅਤੇ ਗੌਰਵ ਸਿੱਧੂ, ਸੌਰਵ ਸਿੱਧੂ ਅਤੇ ਮੇਰੀ ਲੜਕੀ ਦਲਜੀਤ ਸਿੱਧੂ ਅਤੇ ਸ਼ਿਖਾ ਸਿੱਧੂ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕਮਲਜੀਤ ਸਿੰਘ ਪੁੱਤਰ ਕਰਮ ਸਿੰਘ ਪਿੰਡ ਰਜਾਦੇਵਾਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਹਕੀਕੀ ਲੜਕਾ ਗੁਰਪ੍ਰਤਾਪ ਸਿੰਘ ਅਤੇ ਮੇਰੀ ਨੂੰਹ ਮਨਦੀਪ ਕੌਰ ਪਤਨੀ ਗੁਰਪ੍ਰਤਾਪ ਸਿੰਘ ਇਹ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਸੁਸ਼ੀਲ ਕੁਮਾਰ ਪੁੱਤਰ ਸਤਪਾਲ ਅਤੇ ਰਚਨਾ ਮਹਾਜਨ ਪਤਨੀ ਸੁਸ਼ੀਲ ਕੁਮਾਰ ਵਾਸੀਆਨ ਡੱਡਵਾਂ ਰੋਡ, ਧਾਰੀਵਾਲ, ਤਹਿਸੀਲ ਤੇ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਜੇ ਮਹਾਜਨ, ਉਸਦੀ ਪਤਨੀ ਪਾਇਲ ਸਾਡੇ ਕਹਿਣੇ ਤੋ ਬਾਹਰ ਹਨ । ਅਸੀਂ ਇਨ੍ਹਾ ਨੂੰ ਆਪਣੀ ਚਲ-ਅਚਲ ਜਾਇਦਾਦ ਤੋ ਬੇਦਖਲ ਕਰਦੇ ਹਾਂ। ਇਨ੍ਹਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।

ਅਸੀਂ ਧਰਮਾ ਸਿੰਘ ਪੁੱਤਰ ਗਾਮਾ ਸਿੰਘ ਅਤੇ ਸੁਰਜੀਤ ਕੌਰ ਪਤਨੀ ਧਰਮਾ ਸਿੰਘ ਵਾਸੀ ਪਿੰਡ ਗੋਬਿੰਦਪੁਰਾ ਪੈਂਦ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਵਿੰਦਰ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸਨੂੰ ਆਪਣੀ ਸਾਰੀ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ। ਸੰਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ ਸਰਿਸ਼ਟਾ ਪਤਨੀ ਸ਼੍ਰੀ ਰਾਮ ਚੰਦ ਅਤੇ ਸ਼੍ਰੀ ਰਾਮ ਚੰਦ ਪੁੱਤਰ ਸ਼੍ਰੀ ਵਰਿਆਮ ਚੰਦ ਵਾਸੀ 2066, ਗਲੀ ਗੁਜਰਾਂ ਵਾਲੀ, ਲੋਹਗੜ੍ਹ ਗੇਟ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਿਸ਼ੀ ਅਤੇ ਉਸਦੀ ਪਤਨੀ ਅਮਨਜੋਤੀ ਅਤੇ ਇਨ੍ਹਾਂ ਦੇ ਬੱਚੇ ਜਾਸਮੀਨ, ਗੋਰੀ, ਜਾਇਨਾ ਅਤੇ ਰੋਹਿਤ ਅਤੇ ਵੱਡਾ ਲੜਕਾ ਜੋਗਿੰਦਰ ਪਾਲ ਅਤੇ ਉਸਦੀ ਪਤਨੀ ਪੂਨਮ ਸਾਰੇ ਸਾਡੇ ਕਹਿਣੇ, ਸੁਨਣੇ ਤੋਂ ਬਾਹਰ ਹਨ, ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਅਸੀ ਉਨ੍ਹਾਂ ਸਭ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਤਰਲੋਕ ਸਿੰਘ ਪੁੱਤਰ ਸ਼ਾਮ ਸਿੰਘ, ਵਾਸੀ ਪਿੰਡ ਨੌਸ਼ਹਿਰਾ ਆਰੇ ਕਾਲੋਨੀ ਗੋਬਿੰਦ ਨਗਰ, ਬਲਾਕ ਵੇਰਕਾ ਨੌਸ਼ਹਿਰਾ ਨੰਗਲੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਬੀਰ ਸਿੰਘ ਅਤੇ ਉਸ ਦੀ ਪਤਨੀ ਜਸਮੀਨ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੇ ਨਾਲ ਮਾੜਾ ਵਰਤਾਓ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈ ਮਨਦੀਪ ਕੌਰ ਵਿਧਵਾ ਸਰਵਿੰਦਰ ਸਿੰਘ ਵਾਸੀ ਹੀਰਾ ਕਲੋਨੀ ਪਿੰਡ ਤੇ ਡਾਕ: ਹਰਿਆਣਾ ਤਹਿਸੀਲ ਅਤੇ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਸਿਮਰਨਜੀਤ ਸਿੰਘ ਹੈ, ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਜੇਕਰ ਉਸ ਨਾਲ ਕੋਈ ਵੀ ਲੈਣ ਦੇਣ ਕਰੇਗਾ ਤਾਂ ਮੈ ਜਾਂ ਮੇਰਾ ਪਰੀਵਾਰ ਉਸ ਦੇ ਲੈਣ ਦੇਣ ਦੇ ਜ਼ਿਮੇਵਾਰ ਨਹੀ ਹੋਵਾਂਗੇ। ਉਸ ਨੂੰ ਆਪਣੀ ਚਲ ਅਤੇ ਅਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ।

ਮੈਂ, ਗੁਰਦਿਆਲ ਸਿੰਘ ਪੁੱਤਰ ਸਵਰਨ, ਵਾਸੀ 6110, ਗਲੀ ਨੰ: 2, ਆਦਰਸ਼ ਨਗਰ, ਇਸਲਾਮਾਬਾਦ, ਤਹਿਸੀਲ/ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਨ ਅਤੇ ਇਸ ਦੀ ਪਤਨੀ ਡੌਲੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ, ਅਮਰੀਕ ਸਿੰਘ ਪੁੱਤਰ ਮੱਖਣ ਸਿੰਘ, ਵਾਸੀ ਹਾਮਦ ਵਾਲਾ ਉਤਾੜ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਹਾਂ। ਮੇਰਾ ਲੜਕਾ ਕੁਲਦੀਪ ਸਿੰਘ ਤੇ ਮੇਰੀ ਨੂੰਹ ਰਾਜਵਿੰਦਰ ਕੌਰ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਮੇਰਾ ਜਾਂ ਮੇਰੇ ਕਿਸੇ ਪਰਵਾਰਕ ਮੈਂਬਰ ਦਾ ਕੋਈ ਸੰਬੰਧ ਨਹੀਂ ਰਿਹਾ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਚਰਨਜੀਤ ਕੌਰ ਪਤਨੀ ਦਰਸ਼ਨ ਸਿੰਘ, ਵਾਸੀ ਮਕਾਨ ਨੰਬਰ 30, ਗਲੀ ਨੰ: 05, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਬੇਟਾ ਕਮਲਦੀਪ ਸਿੰਘ ਅਤੇ ਉਸ ਦੀ ਪਤਨੀ ਚਰਨਜੀਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ, ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਜਗਜੀਤ ਸਿੰਘ ਪੁੱਤਰ ਬਲਬੀਰ ਸਿੰਘ, ਵਾਸੀ 40 ਖੂਹ, ਰਸੂਲਪੁਰ ਕੱਲਰ, ਜੌੜਾ ਫਾਟਕ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਕੇਸ਼ ਕੁਮਾਰ ਪੁੱਤਰ ਤਰਸੇਮ ਰਾਜ, ਵਾਸੀ ਮਕਾਨ ਨੰਬਰ ਡੀ 2/1745, ਢੱਪਈ ਰੋਡ, ਏਕਤਾ ਨਗਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਏਕਤਾ ਭਗਤ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੀ ਹੈ। ਇਸ ਲਈ ਮੈਂ ਆਪਣੀ ਪਤਨੀ ਏਕਤਾ ਭਗਤ ਅਤੇ ਉਸ ਦੇ ਲੜਕੇ ਕੈਂਸ਼ੂ ਭਗਤ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਰਾਕੇਸ਼ ਕੁਮਾਰ ਪੁੱਤਰ ਤਰਸੇਮ ਰਾਜ, ਵਾਸੀ ਮਕਾਨ ਨੰਬਰ ਡੀ 2/1745, ਢੱਪਈ ਰੋਡ, ਏਕਤਾ ਨਗਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੋਬਿਨ ਭਗਤ ਉਰਫ ਨੰਨੂ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਇਸ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੰਗਲ ਸਿੰਘ ਪੁੱਤਰ ਗੁਰਮੁੱਖ ਸਿੰਘ, ਵਾਸੀ ਪਿੰਡ ਰਾਮਪੁਰਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਮ ਮਸੀਹ ਪੁੱਤਰ ਫਿਰੋਜੇ ਮਸੀਹ, ਵਾਸੀ ਪਿੰਡ/ਡਾਕਖਾਨਾ ਗਹੋਤ ਪੋਕਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਪ੍ਰਿੰਸ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਜਗਮੋਹਨ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਭਿੱਖੀਵਿੰਡ ਜ਼ਿਲਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਵਨਦੀਪ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਕ੍ਰਿਸ਼ਨ ਕੁਮਾਰ ਪੁੱਤਰ ਸ੍ਰੀ ਭਾਗ ਚੰਦ, ਵਾਸੀ ਬਾਘਾ ਪੁਰਾਣਾ (ਮੋਗਾ) ਨੇ ਆਪਣਾ ਨਾਂਅ ਬਦਲ ਕੇ ਕ੍ਰਿਸ਼ਨ ਕੁਮਾਰ ਗਰਗ ਰੱਖ ਲਿਆ ਹੈ।

ਮੈਂ, ਪ੍ਰਮੋਦ ਕੁਮਾਰ ਪੁੱਤਰ ਹਰਮੇਸ਼ ਚੰਦ ਵਾਸੀ ਬਰਨਾਲਾ (ਜ਼ਿਲ੍ਹਾ ਬਰਨਾਲਾ) ਨੇ ਆਪਣਾ ਨਾਮ ਬਦਲ ਕੇ ਪ੍ਰਮੋਦ ਕੁਮਾਰ ਜਿੰਦਲ ਪੁੱਤਰ ਹਰਮੇਸ਼ ਚੰਦ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ ਜਸਵਿੰਦਰ ਪਾਲ ਪੁੱਤਰ ਭੀਮ ਸੈਨ ਪਿੰਡ ਲੁਹਾਰਾਂ ਡਾਕਖਾਨਾ ਮਾਣਕਰਾਏ, ਤਹਿਸੀਲ ਭੋਗਪੁਰ, ਜਿਲ੍ਹਾ ਜਲੰਧਰ, ਪੰਜਾਬ ਦਾ ਰਹਿਣ ਵਾਲਾ ਹਾਂ ਅਤੇ ਮੈਂ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਜਸਵਿੰਦਰ ਪਾਲ ਸ਼ਰਮਾ ਤੋਂ ਬਦਲ ਕੇ ਜਸਵਿੰਦਰ ਪਾਲ ਰੱਖ ਲਿਆ ਹੈ, ਕ੍ਰਿਪਾ ਕਰਕੇ ਸਾਰੇ ਜਾਣਕਾਰ ਹੁਣ ਮੇਰਾ ਨਾਮ ਜਸਵਿੰਦਰ ਪਾਲ ਵਜੋਂ ਨੋਟ ਕਰਨ ਅਤੇ ਹੁਣ ਮੈਨੂੰ ਜਸਵਿੰਦਰ ਪਾਲ ਦੇ ਨਾਮ ਨਾਲ ਹੀ ਜਾਣਿਆ ਜਾਵੇ।

## PUBLIC NOTICE

I Jatinder Singh S/o Sharanjeet Singh,R/o H.no b7/755,Captain wali Gali,Ajit Nagar,Batala Gurdaspur declare that original old Registry which was name of jatinder singh bhadoriya s/o Girdhari Singh badhoriya ducuments of Registry no 2020-21/146/1/2656 dated 10-11-2020 has actually been losted. All concerned may note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 26.08.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਸਾਹਿਬ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਲੱਡੀ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ, ਪੰਜਾਬ-148001
2. (ਐੱਲ ਏ ਪੀ 'ਚ ਕਰਜ਼ਦਾਰ) : ਸੁਰਜੀਤ ਕੌਰ ਪਤਨੀ ਕੁਲਵੰਤ ਸਿੰਘ ... ਸੰਗਰੂਰ, ਪੰਜਾਬ-148001
3. (ਐੱਲ ਏ ਪੀ 'ਚ ਗਰੰਟਰ) : ਸੰਦੀਪ ਗਿਰੀ ਪੁੱਤਰ ਰਾਜਿੰਦਰ ਸਿੰਘ ... ਵਾਰਡ ਨੰ. 2, ਸੰਗਰੂਰ, ਪੰਜਾਬ-148001
4. (ਐੱਲ ਏ ਪੀ 'ਚ ਗਰੰਟਰ) : ਸਰਬਜੀਤ ਕੌਰ ਪਤਨੀ ਸਾਹਿਬ ਸਿੰਘ ... ਸੰਗਰੂਰ, ਪੰਜਾਬ-148001
5. (ਐੱਲ ਏ ਪੀ 'ਚ ਗਰੰਟਰ) : ਕੁਲਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ ... ਸੰਗਰੂਰ, ਪੰਜਾਬ-148001

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ |
|---|---|---|
| LAP/113602000032 | Rs. 16,00,000/- | Rs. 14,62,569.10/- |

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :- ਬੈਨਾਮਾ ... ਮਿਤੀ 13-09-2019 ਨੂੰ ਅਨੁਸਾਰ ਸੁਰਜੀਤ ਕੌਰ ਪਤਨੀ ਕੁਲਵੰਤ ਸਿੰਘ ਦੀ ਮ... (577.5 ਵਰਗ ਗਜ਼) ਪਿੰਡ ਲੱਡੀ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ...

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ

ਮਿਤੀ : 03.09.2025 ਸਥਾਨ : ਜਲੰਧਰ ਅਧਿਕਾਰਤ ਅਫਸਰ

**COURT NOTICE**

(U/o 5 Rule 20 CPC)
In the Court of Simran
Civil Judge (Junior Division), Amritsar
CNR No. PBAS02-001160-2025
Next Date:- 17-10-2025
Punjab National Bank Branch office at Basarke Gilan District Amritsar
Vs.
Dalbir Singh S/o Hazara Singh R/o Village Kotli Nasir Khan, Tehsil and District Amritsar.

Publication Issued To:
Dalbir Singh S/o Hazara Singh R/o Village Kotli Nasir Khan, Tehsil and District Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 01-09-2025

**A B COTSPIN INDIA LIMITED**
CIN : L17111PB1997PLC020118
Registered Address : NH-54, Goniana Road, Near Lake-3 Bathinda, Punjab-151001
Factory Address : Bathinda Road, Jaitu, Faridkot, Punjab-151202
Email : info@abcotspin.in, Website: www.abcotspin.co.in, Phone : 01635232670

ਵੀਡੀਓ ਕਾਨਫਰੰਸਿੰਗ ('ਵੀ ਸੀ') ਹੋਰ ਆਡੀਓ-ਵਿਜ਼ੂਅਲ ਮੀਨਜ਼ ('ਓ ਏ ਵੀ ਐੱਮ') ਅਤੇ ਈ-ਵੋਟਿੰਗ ਜਾਣਕਾਰੀ ਲਈ ਹੋ ਰਹੀ 28ਵੀਂ ਸਾਲਾਨਾ ਜਨਰਲ ਮੀਟਿੰਗ ਦੇ ਸੰਬੰਧ 'ਚ ਜਾਣਕਾਰੀ

ਮੈਂਬਰ ਕਿਰਪਾ ਕਰਕੇ ਧਿਆਨ ਦੇਣ ਕਿ ਕਾਰਪੋਰੇਟ ਮਾਮਲੇ ਮੰਤਰਾਲਾ (ਐੱਮ ਸੀ ਏ) ਅਤੇ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਫ ਡੀ-ਪੀ ਓ ਡੀ 2/ਪੀ/ਸੀ ਆਈ ਆਰ 2024/133 ਮਿਤੀ 03 ਅਕਤੂਬਰ 2024 ਦੀ ਪਾਲਣਾ ਹਿੱਤ ਕੰਪਨੀਜ਼ ਐਕਟ 2013 ਦੀਆਂ ਵਿਵਸਥਾਵਾਂ ਅਤੇ ਇਸ ਅਧੀਨ ਬਣਾਏ ਨਿਯਮਾਂ ਅਤੇ ਜਨਰਲ ਸਰਕੂਲਰ ਨੰ. 14/2020 ਮਿਤੀ 08 ਅਪ੍ਰੈਲ 2020 ਅਤੇ ਜਨਰਲ ਸਰਕੂਲਰ ਨੰ. 20/2020 ਮਿਤੀ 5 ਮਈ 2020 ਅਤੇ ਇਸ ਦੇ ਸੰਬੰਧ 'ਚ ਜਾਰੀ ਬਾਅਦ ਦੇ ਸਰਕੂਲਰਜ਼, ਸੇਬੀ ਦੁਆਰਾ ਜਾਰੀ ਤਾਜ਼ਾ ਸਰਕੂਲਰ ਅਤੇ ਇਸ ਦੇ ਸੰਬੰਧ 'ਚ ਹੋਰ ਯੋਗ ਸਰਕੂਲਰਾਂ ਨਾਲ ਪੜ੍ਹੇ ਜਾਂਦੇ ਸਕਿਉਰਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 (ਦਾ ਲਿਸਟਿੰਗ ਰੈਗੂਲੇਸ਼ਨਜ਼) ਦੀ ਪਾਲਣਾ ਹਿੱਤ ਕਾਰੋਬਾਰ ਦੇ ਨਿਪਟਾਰੇ ਦੇ ਸੰਬੰਧ 'ਚ ਏ ਜੀ ਐੱਮ ਦਾ ਨੋਟਿਸ ਕੰਪਨੀ ਏ ਜੀ ਐੱਮ 'ਚ ਹਿੱਸਾ ਲੈਣ ਲਈ ਨੋਟਿਸ ਦਿੱਤਾ ਜਾਂਦਾ ਹੈ ਕਿ ਏ ਬੀ ਕਾਟਸਪਿੰਨ ਇੰਡੀਆ ਲਿਮਟਿਡ ("ਕੰਪਨੀ") ...

ਸਥਾਨ : ਬਠਿੰਡਾ, ਪੰਜਾਬ ਮਿਤੀ : 03-09-2025

**SBI**
RETAIL ASSETS CENTRAL PROCESSING CENTRE (05296), 1ST FLOOR, CIVIL LINES, FOUNTAIN CHOWK, LUDHIANA

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

| ਲੜੀ ਨੰ. | ਬਰਾਂਚ ਦਾ ਨਾਮ, ਕਰਜ਼ਦਾਰ / ਗਰੰਟਰ ਦਾ ਨਾਮ | ਜਾਇਦਾਦ ਦਾ ਵੇਰਵਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | ਫਿਰੋਜ਼ਪੁਰ ਰੋਡ ਲੁਧਿਆਣਾ (ਕਰਜ਼ਦਾਰ) : ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਕੂਨਾ ਰਾਮ, (ਗਰੰਟਰ) ਸ੍ਰੀ ਰਾਮ ਅਵਤਾਰ ਪੁੱਤਰ ਸ੍ਰੀ ਕੂਨਾ ਰਾਮ ਮਕਾਨ ਨੰ. 151, ਗਲੀ ਨੰ. 1, ਗੋਬਿੰਦ ਨਗਰ, ਭਾਮੀਆਂ ਕਲਾਂ, ਮੁੰਡੀਆਂ ਕਲਾਂ, ਲੁਧਿਆਣਾ-141015 | ਬੈਨਾਮਾ ਵਸੀਕਾ ਨੰ. 18304 ਮਿਤੀ 25-02-2010 ਅਨੁਸਾਰ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਕੂਨਾ ਰਾਮ ਦੇ ਨਾਮ ਜ਼ਮੀਨ ਰਕਬਾ 75 ਵਰਗ ਗਜ਼, ਖਸਰਾ ਨੰ. 32//2/1-22-9-12-33/5/2-7/1-14/2-15-16-17/1-24/2-25-32//19-20-21-37//4/2-5-38//1-2 ਅਤੇ ਖਾਤਾ ਨੰ. 183/189-190, ਜਮ੍ਹਾਬੰਦੀ ਸਾਲ 2003-04, ਪਿੰਡ ਭਾਮੀਆਂ ਕਲਾਂ ਵਿਖੇ ਸਥਿਤ, ਹੱਦਬਸਤ ਨੰ. 181, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਗੁਆਂਢ-15', ਪੱਛਮ : ਗਲੀ 20 ਫੁੱਟ 15'', ਉੱਤਰ : ਗੁਆਂਢ-45, ਦੱਖਣ : ਗੁਆਂਢ 45 | 14-06-2025 | 16-06-2025 | ਰੁਪਏ 14,93,841/- (ਚੌਦਾਂ ਲੱਖ ਤਿਰਾਨਵੇਂ ਹਜ਼ਾਰ ਅੱਠ ਸੌ ਇਕਤਾਲੀ ਰੁਪਏ ਕੇਵਲ) ਮਿਤੀ 14-06-2025 ਤੱਕ ਲਾਗੂਯੋਗ ਵਿਆਜ ਅਤੇ ਇਸ ਤੋਂ ਹੋਰ ਵਿਆਜ, ਅਚਨਚੇਤੀ ਖਰਚੇ ਅਤੇ ਲਾਗਤਾਂ |

ਮਿਤੀ : 03.09.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

4 Sep Page 8.qxd 9/3/2025 10:35 PM Page 1



# ਡਾ. ਹਿਮਾਂਸ਼ੂ ਅਗਰਵਾਲ ਤੇ ਹਰਵਿੰਦਰ ਸਿੰਘ ਵਿਰਕ ਨੇ ਮੁੰਡੀਆਂ ਸ਼ਹਿਰੀਆਂ 'ਚ ਲਿਆ ਜਾਇਜ਼ਾ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ, ਐਸ ਐਸ ਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ, ਪਰਮਿੰਦਰ ਸਿੰਘ ਹੀਰ ਐਸ. ਪੀ. ਹੈੱਡ ਕੁਆਟਰ ਅਤੇ ਡੀ ਐੱਸ ਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਵੱਲੋਂ ਸਤਲੁਜ ਦਰਿਆ ਨਾਲ ਲੱਗਦੇ ਹਲਕਿਆਂ ਦਾ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਅਧਿਕਾਰੀਆਂ ਨੇ ਖ਼ਾਸ ਤੌਰ 'ਤੇ ਪਿੰਡ ਮੁੰਡੀ ਸ਼ਹਿਰੀਆਂ (ਥਾਣਾ ਲੋਹੀਆਂ, ਸ਼ਾਹਕੋਟ) ਦਾ ਜਾਇਜ਼ਾ ਲਿਆ ਜਿੱਥੇ ਪਾਣੀ ਦੇ ਵੱਧ ਰਹੇ ਪੱਧਰ ਕਾਰਨ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਹੈ। ਅਧਿਕਾਰੀਆਂ ਨੇ ਜ਼ਮੀਨੀ ਪੱਧਰ 'ਤੇ ਸਥਿਤੀ ਦੀ ਜਾਣਕਾਰੀ ਲਈ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਜਲੰਧਰ ਦਿਹਾਤੀ ਪੁਲਸ ਹਰ ਵੇਲੇ ਲੋਕਾਂ ਦੀ ਸਹਾਇਤਾ ਲਈ ਤਤਪਰ ਹੈ।ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਨੀਵੇਂ ਇਲਾਕਿਆਂ ਵਿੱਚ ਰਹਿੰਦੇ ਪਰਵਾਰਾਂ ਦੀ ਸੁਰੱਖਿਆ ਲਈ ਪਹਿਲਾਂ ਹੀ ਇੰਤਜ਼ਾਮ ਕੀਤੇ ਜਾ ਚੁੱਕੇ ਹਨ।ਐਮਰਜੈਂਸੀ ਸਥਿਤੀ ਵਿੱਚ ਤੁਰੰਤ ਕਾਰਵਾਈ ਕਰਨ ਲਈ ਰਾਹਤ ਟੀਮਾਂ ਨੂੰ ਅਲਰਟ ਕੀਤਾ ਗਿਆ ਹੈ।ਉਨ੍ਹਾਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਦਿੱਕਤ ਪੈਣ 'ਤੇ ਤੁਰੰਤ ਪ੍ਰਸ਼ਾਸਨ ਨਾਲ ਸੰਪਰਕ ਕੀਤਾ ਜਾਵੇ।ਐਸ ਐਸ ਪੀ ਹਰਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਸ ਵੱਲੋਂ ਪ੍ਰਭਾਵਿਤ ਪਿੰਡਾਂ ਵਿੱਚ ਲਗਾਤਾਰ ਮਾਨੀਟਰਿੰਗ ਕੀਤੀ ਜਾ ਰਹੀ ਹੈ। ਪੁਲਿਸ ਦੇ ਜਵਾਨ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪੈਟਰੋਲਿੰਗ ਕਰ ਰਹੇ ਹਨ ਅਤੇ ਜਿੱਥੇ ਵੀ ਜ਼ਰੂਰਤ ਪੈਂਦੀ ਹੈ ਉੱਥੇ ਰਾਹਤ ਸਮੱਗਰੀ ਅਤੇ ਤੁਰੰਤ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ।ਐਸ ਪੀ ਹੈੱਡ ਕੁਆਟਰ ਨੇ ਕਿਹਾ ਕਿ ਪੁਲਸ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਪਿੰਡ ਪੱਧਰ 'ਤੇ ਤੈਨਾਤ ਹਨ।ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਜਾਨ-ਮਾਲ ਦੀ ਸੁਰੱਖਿਆ ਲਈ ਖ਼ਾਸ ਇੰਤਜ਼ਾਮ ਕੀਤੇ ਗਏ ਹਨ।ਅਧਿਕਾਰੀਆਂ ਨੇ ਪਿੰਡ ਮੁੰਡੀ ਸ਼ਹਿਰੀਆਂ ਸਮੇਤ ਹੋਰ ਪ੍ਰਭਾਵਿਤ ਇਲਾਕਿਆਂ ਦੇ ਵਾਸੀਆਂ ਨੂੰ ਇਹ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

# ਸਾਬਕਾ ਮੁੱਖ ਮੰਤਰੀ ਚੰਨੀ ਵੀ ਦਾਊਦਪੁਰ ਪੁੱਜੇ

**ਰੋਪੜ (ਬਿੰਦਰਾ)** ਸਤਲੁਜ ਦਾ ਧੁੱਸੀ ਬੰਨ੍ਹ ਜੋ ਕਿ ਪਿੰਡ ਦਾਊਦਪੁਰ ਨੇੜੇ ਖੁਰ ਰਿਹਾ ਸੀ ਅਤੇ ਜੇ ਇਹ ਬੰਨ੍ਹ ਟੁੱਟ ਜਾਂਦਾ ਤਾਂ ਦਰਜਨਾਂ ਪਿੰਡਾਂ ਵਿੱਚ ਹੜ੍ਹ ਆ ਜਾਣਾ ਸੀ।ਬੰਨ੍ਹ ਖੁਰਨ ਦੀ ਖ਼ਬਰ ਸੁਣ ਕੇ ਨੇੜਲੇ ਪਿੰਡਾਂ ਦੇ ਵਸਨੀਕ ਅਪਣੀਆਂ ਟ੍ਰੈਕਟਰ ਟਰਾਲੀਆ ਲੈ ਕੇ ਪੁਜ ਗਏ ਅਤੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਦੀ ਸੂਚਨਾ ਮਿਲਦੇ ਹੀ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਦੂਜੇ ਅਧਿਕਾਰੀਆਂ ਨਾਲ ਮੌਕੇ 'ਤੇ ਪੁੱਜ ਗਏ।ਡਿਪਟੀ ਕਮਿਸ਼ਨਰ ਦੇ ਬੁਲਾਵੇ 'ਤੇ ਫੌਜ ਦੀ ਟੁਕੜੀ ਵੀ ਪੁੱਜ ਗਈ।ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਇਥੇ ਪੁੱਜੇ।ਉਹਨਾਂ ਨੇ ਇਲਾਕਾ ਨਿਵਾਸੀਆਂ ਦੀ ਹਿੰਮਤ ਦੀ ਸਰਾਹਨਾ ਕੀਤੀ।ਉਹਨਾਂ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਤੇ ਮਦਦ ਲਈ ਫੌਜ ਨੂੰ ਬੁਲਾਇਆ ਜਿਸ ਕਾਰਨ ਇਕ ਵੱਡੀ ਤਬਾਹੀ ਤੋਂ ਇਲਾਕਾ ਬਚ ਗਿਆ।

# ਬੀ ਐੱਸ ਐੱਨ ਐੱਲ ਕਰਮਚਾਰੀਆਂ ਦੀ ਮਿਹਨਤ ਸਦਕਾ ਬੰਦ ਪਈ ਇੰਟਰਨੈੱਟ ਸੇਵਾ ਬਹਾਲ

**ਬਲਾਚੌਰ (ਜਸਵਿੰਦਰ ਬੈਂਸ)** ਬਲਾਚੌਰ ਵਿੱਚ ਦੇਰ ਰਾਤ ਤੋਂ ਹੋ ਰਹੀ ਬਾਰਿਸ਼ ਕਾਰਨ ਬਲਾਚੌਰ ਦੇ ਕਈ ਪਿੰਡਾਂ ਵਿੱਚ ਪਾਣੀ ਭਰਨ ਕਾਰਨ ਸੜਕਾਂ ਟੁੱਟ ਗਈਆਂ ਹਨ, ਜਿਸ ਕਾਰਨ ਬਲਾਚੌਰ ਬੀ ਐੱਸ ਐੱਨ ਐੱਲ ਇੰਟਰਨੈੱਟ ਸੇਵਾ ਕਈ ਪਿੰਡਾਂ ਵਿੱਚ ਠੱਪ ਹੋ ਗਈ ਹੈ।ਇਸ ਮੌਕੇ ਬੀ ਐੱਸ ਐੱਨ ਐੱਲ ਠੇਕੇਦਾਰ ਪੰਕਜ ਕੁਮਾਰ ਨੇ ਦੱਸਿਆ ਕਿ ਜਿਸ ਕਾਰਨ ਬੀ ਐੱਸ ਐੱਨ ਐੱਲ ਕਰਮਚਾਰੀਆਂ ਨੇ ਭਾਰੀ ਬਾਰਿਸ਼ ਵਿੱਚ ਟੁੱਟੀਆਂ ਤਾਰਾਂ ਨੂੰ ਦੁਬਾਰਾ ਜੋੜ ਕੇ ਇੰਟਰਨੈੱਟ ਸੇਵਾ ਬਹਾਲ ਕੀਤੀ।ਇਸ ਵਿੱਚ ਪਿੰਡ ਖੰਡੂਪੁਰ ਘਮੌਰ, ਮੋਹਰ, ਬਛੌਰੀ ਆਦਿ ਸ਼ਾਮਲ ਸਨ, ਜਿਸ ਵਿੱਚ ਜ਼ਿਆਦਾ ਪਾਣੀ ਕਾਰਨ ਸੜਕ ਦੇ ਵਿਚਕਾਰ ਮੌਜੂਦ ਬੀ ਐੱਸ ਐੱਨ ਐੱਲ ਤਾਰਾਂ ਵੀ ਟੁੱਟ ਗਈਆਂ, ਜਿਸ ਕਾਰਨ ਬੀ ਐੱਸ ਐੱਨ ਐੱਲ ਇੰਟਰਨੈੱਟ ਸੇਵਾ ਕਈ ਘੰਟਿਆਂ ਲਈ ਠੱਪ ਹੋ ਗਈ। ਇਸ ਮੌਕੇ ਬੀ ਐੱਸ ਐੱਨ ਐੱਲ ਕਰਮਚਾਰੀ ਪ੍ਰਿੰਸ ਕੁਮਾਰ, ਜਸਵੀਰ ਕੁਮਾਰ, ਹਰਜੀਤ ਸਿੰਘ ਮੌਜੂਦ ਸਨ।



# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਹੜ੍ਹ ਪੀੜਤ ਪਰਵਾਰਾਂ ਦੀ ਹਰ ਸੰਭਵ ਮਦਦ ਕਰੇਗੀ : ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਇੰਦਰ ਦਾਸ ਸੇਖੇ



**ਹੁਸ਼ਿਆਰਪੁਰ (ਓ ਪੀ ਰਾਣਾ)** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵੱਲੋਂ ਭਾਰੀ ਮੀਂਹ ਅਤੇ ਹੜ੍ਹਾਂ ਨਾਲ ਹੋ ਰਹੀ ਤਬਾਹੀ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਓਨਾਂ ਸਮੂਹ ਪੰਜਾਬ ਵਾਸੀਆਂ ਨੂੰ ਇਸ ਕੁਦਰਤੀ ਆਫਤ ਨਾਲ ਮਿਲਜੁਲ ਕੇ ਆਪਸੀ ਪਿਆਰ ਅਤੇ ਭਾਈਚਾਰਾ ਬਣਾ ਕੇ ਨਜਿੱਠਣ ਅਤੇ ਇਸ ਕਰੋਪੀ ਤੋਂ ਜਲਦ ਛੁਟਕਾਰੇ ਲਈ ਪਰਮੇਸ਼ਰ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ।ਇਸ ਮੌਕੇ ਸੰਤ ਸਰਵਣ ਦਾਸ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਮੀਤ ਪ੍ਰਧਾਨ ਸੰਤ ਬਲਵੰਤ ਸਿੰਘ ਡੀਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕਹਕੀਮ ਸਹਾਇਕ ਕੈਸ਼ੀਅਰ, ਸੰਤ ਰਮੇਸ਼ ਦਾਸ ਕੱਲਰਾਂ ਸ਼ੇਰਪੁਰ, ਸੰਤ ਧਰਮਪਾਲ ਸ਼ੇਰਗੜ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਆਦਿ ਮਹਾਂਪੁਰਸ਼ਾਂ ਨੇ ਇਸ ਆਫਤ ਦੀ ਘੜੀ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਸੇਵਾ ਲਈ ਅੱਗੇ ਆਉਣ ਲਈ ਬੇਨਤੀ ਕੀਤੀ।

# ਆਦਮਪੁਰ ਹਵਾਈ ਅੱਡੇ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਿਆ ਜਾਵੇ : ਹੈਪੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਆਦਮਪੁਰ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਂਅ 'ਤੇ ਰੱਖਣ ਦੀ ਮੰਗ ਹੋ ਰਹੀ ਹੈ। ਇਸ ਮੌਕੇ ਬਾਬਾ ਸਾਹਿਬ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਹੈਪੀ ਮੇਹਟੀਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਖੁਦ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਆਦਮਪੁਰ ਏਅਰਪੋਰਟ ਦਾ ਨਾਂਅ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਂਅ 'ਤੇ ਰੱਖਿਆ ਜਾਵੇਗਾ। ਪਰ ਸਰਕਾਰ ਦੇ ਕੰਨਾਂ ਵਿੱਚ ਜੂ ਵੀ ਨਹੀਂ ਸਰਕਦੀ।ਇਸ ਸੰਬੰਧ ਵਿੱਚ ਬਹੁਤ ਜਲਦ ਪੰਜਾਬ ਸਰਕਾਰ ਨਾਲ ਗੱਲ ਕੀਤੀ ਜਾਵੇਗੀ।ਇਸ ਮੌਕੇ ਬਾਬਾ ਸਾਹਿਬ ਟਾਈਗਰ ਫੋਰਸ ਰਜਿਸਟਰ ਪੰਜਾਬ ਨਰਿੰਦਰ ਨਹਿਰੂ ਪੰਜਾਬ ਚੇਅਰਮੈਨ, ਦੀਪ ਆਦਮਪੁਰੀਆ ਵਾਈਸ ਪੰਜਾਬ, ਪੰਜਾਬ ਪ੍ਰਧਾਨ ਹੈਪੀ ਮੇਹਟੀਆਣਾ, ਪੰਜਾਬ ਪ੍ਰਧਾਨ ਮੰਨਾ ਮਾਨਕੋ ਪੰਜਾਬ ,ਵਾਈਸ ਪ੍ਰਧਾਨ ਅਮਿਤ ਜਲੰਧਰ, ਪ੍ਰਧਾਨ ਸੂਰਜ ਹੁਸ਼ਿਆਰਪੁਰ, ਪ੍ਰਧਾਨ ਮੰਗਾਂ ਆਦਮਪੁਰ ਜਲੰਧਰ, ਚੇਅਰਮੈਨ ਦਮਨ ਜੈਤੇਵਾਲੀ ਸਿਟੀ ਜਲੰਧਰ, ਪ੍ਰਧਾਨ ਪ੍ਰਦੀਪ ਫੁਗਲਾਣਾ, ਸਰਕਲ ਪ੍ਰਧਾਨ ਜਤਿੰਦਰ ਭੋਲੂ ਹੁਸ਼ਿਆਰਪੁਰ ਚੇਅਰਮੈਨ, ਹਰਜਿੰਦਰ ਰਿੰਕੂ ਵਾਈਸ ਹੁਸ਼ਿਆਰਪੁਰ, ਚੇਅਰਮੈਨ ਸਰਪੰਚ ਚੱਗਰਾਂ ਵਾਈਸ ਹੁਸ਼ਿਆਰਪੁਰ, ਪ੍ਰਧਾਨ ਮਨੀਸ਼ ਦੱਤ ਹੁਸ਼ਿਆਰਪੁਰ, ਪ੍ਰਧਾਨ ਸੁਨੀਲ ਜੈਤੇਵਾਲੀ, ਵਾਈਸ ਜਲੰਧਰ ਪ੍ਰਧਾਨ ਆਦਿ ਹਾਜ਼ਰ ਸਨ।

# ਲੋਦੀਪੁਰ-ਬੁਰਜ ਬੰਨ੍ਹ ਮਜ਼ਬੂਤ ਕਰਨ ਦਾ ਮੋਰਚਾ ਹਰਜੋਤ ਬੈਂਸ ਨੇ ਸੰਭਾਲਿਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਦੌਰੇ ਕਰ ਰਹੇ ਹਨ। ਸ੍ਰੀ ਬੈਂਸ ਨੇ ਲੋਦੀਪੁਰ ਬੁਰਜ ਬੰਨ੍ਹ ਦਾ ਦੌਰਾ ਕੀਤਾ, ਜਿੱਥੇ ਲੱਗੀ ਕਰੇਟ ਵਾਲ ਦੇ ਨੁਕਸਾਨੇ ਜਾਣ ਕਾਰਨ ਬਹੁਤ ਸਾਰੇ ਪਿੰਡਾਂ ਨੂੰ ਸਤਲੁਜ ਦਰਿਆ ਦੇ ਪਾਣੀ ਦਾ ਖਤਰਾ ਵੱਧ ਗਿਆ ਸੀ।ਕੈਬਿਨਟ ਮੰਤਰੀ ਨੇ ਤੁਰੰਤ ਮੋਰਚਾ ਸੰਭਾਲਿਆ ਤੇ ਲੋਦੀਪੁਰ ਬੁਰਜ ਬੰਨ੍ਹ ਤੇ ਲੋਕਾਂ ਨਾਲ ਮਿਲ ਕੇ ਖੁਦ ਵੀ ਬੈਗ ਭਰ ਭਰ ਕੇ ਬੰਨ੍ਹ ਨੂੰ ਮਜ਼ਬੂਤ ਕੀਤਾ, ਜਿਸ ਨਾਲ ਖਾਰ ਪੈਣ ਤੋਂ ਰੁੱਕ ਗਈ ਅਤੇ ਦਰਜਨਾਂ ਪਿੰਡਾਂ ਵਿਚ ਪਾਣੀ ਦਾਖਲ ਹੋਣ ਤੋਂ ਰੁੱਕ ਗਿਆ। ਭਾਖੜਾ ਡੈਮ ਤੋਂ ਪਹਿਲਾ 65000 ਕਿਉਸਿਕ ਪਾਣੀ ਛੱਡਿਆ ਜਾ ਰਿਹਾ ਸੀ, ਜਿਸ 'ਚ ਹੁਣ 10000 ਹੋਰ ਪਾਣੀ ਵੱਧਾ ਦਿੱਤਾ ਗਿਆ ਹੈ ਜਿਸ ਨਾਲ ਕੁੱਲ 75000 ਕਿਉਸਿਕ ਪਾਣੀ ਛੱਡਿਆ ਜਾ ਰਿਹਾ ਹੈ। ਕੈਬਨਿਟ ਮੰਤਰੀ ਲਗਾਤਾਰ ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਜਾ ਕੇ ਹਰ ਮੁਸ਼ਕਿਲ ਨੂੰ ਹੱਲ ਕਰ ਰਹੇ ਹਨ। ਉਨ੍ਹਾਂ ਨੇ ਲੋਦੀਪੁਰ ਬੁਰਜ ਬੰਨ ਦਾ ਦੌਰਾ ਕੀਤਾ ਅਤੇ ਖੁੱਦ ਆਪ ਵਰਕਰਾਂ, ਪੰਚ, ਸਰਪੰਚਾਂ ਤੇ ਪਿੰਡਾਂ ਦੇ ਵਸਨੀਕਾਂ ਨਾਲ ਮਿਲ ਕੇ ਬੰਨ ਤੇ ਜੰਬੋ ਬੈਗ ਲਗਾਉਂਦੇ ਹੋਏ ਨਜ਼ਰ ਆਏ ਅਤੇ ਖੁੱਦ ਬੈਗ ਚੁੱਕੇ ਕੇ ਬੰਨ ਤੇ ਰੱਖਦੇ ਨ। ਉਨ੍ਹਾਂ ਨੇ ਕਿਹਾ ਕਿ ਲੋਕ ਪ੍ਰਸਾਸ਼ਨ ਨੂੰ ਸਹਿਯੋਗ ਦੇਣ ਅਤੇ ਸਾਰੇ ਨਿਰਦੇਸ਼ਾ ਦੀ ਪਾਲਣਾ ਕਰਨ।ਇਸ ਮੌਕੇ ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਚੰਨਣ ਸਿੰਘ ਪੰਮੂ ਢਿੱਲੋਂ, ਦਲਜੀਤ ਸਿੰਘ, ਨਿਤਿਨ ਬਾਸੋਵਾਲ ਸਰਪੰਚ ਤੇ ਵੱਖ ਵੱਖ ਪਿੰਡਾਂ ਦੇ ਪੰਚ, ਸਰਪੰਚ, ਆਪ ਵਲੰਟੀਅਰ ਤੇ ਪਿੰਡ ਵਾਸੀ ਹਾਜ਼ਰ ਸਨ।



# ਪ੍ਰਗਟ ਸਿੰਘ ਦੇ ਬਿਆਨਾਂ ਦੀ ਥਿਆੜਾ ਵੱਲੋਂ ਤਿੱਖੀ ਨਿੰਦਾ

**ਜਲੰਧਰ (ਸ਼ੈਲੀ ਐਲਬਰਟ)** ਜਲੰਧਰ ਕੈਂਟ ਹਲਕੇ ਦੀ ਇੰਚਾਰਜ ਰਾਜਵਿੰਦਰ ਕੌਰ ਥਿਆੜਾ ਨੇ ਕਾਂਗਰਸ ਦੇ ਵਿਧਾਇਕ ਪ੍ਰਗਟ ਸਿੰਘ ਵੱਲੋਂ ਪੰਜਾਬ ਸਰਕਾਰ ਖਿਲਾਫ ਕੀਤੇ ਗਏ ਬਿਆਨ ਦੀ ਤੀਖੀ ਨਿੰਦਾ ਕੀਤੀ ਹੈ।ਉਨ੍ਹਾਂ ਕਿਹਾ ਕਿ ਮੁਸ਼ਕਲ ਘੜੀਆਂ ਵਿੱਚ ਲੋਕਾਂ ਦੀ ਸਹਾਇਤਾ ਕਰਨ ਦੀ ਬਜਾਏ ਪ੍ਰਗਟ ਸਿੰਘ ਵਰਗੇ ਨੇਤਾ ਕੇਵਲ ਰਾਜਨੀਤਿਕ ਬਿਆਨਾਂ ਤੱਕ ਹੀ ਸੀਮਿਤ ਰਹਿੰਦੇ ਹਨ।ਜਦਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਹੜ੍ਹ-ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਨੂੰ ਪਹਿਲ ਦੇ ਕੇ ਜਨਤਾ ਨਾਲ ਮੋਹਰੀ ਖੜ੍ਹ ਕੇ ਕੰਮ ਕੀਤਾ ਹੈ। ਰਾਜਵਿੰਦਰ ਕੌਰ ਥਿਆੜਾ ਨੇ ਸਵਾਲ ਚੁੱਕਦਿਆਂ ਕਿਹਾ, ਪ੍ਰਗਟ ਸਿੰਘ ਜੀ, ਤੁਸੀਂ ਖੁੱਦ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕੀ ਯੋਗਦਾਨ ਪਾਇਆ? ਕੀ ਕਦੇ ਮਦਦ ਸਮੱਗਰੀ ਪਹੁੰਚਾਉਣ ਜਾਂ ਪ੍ਰਭਾਵਿਤ ਪਰਵਾਰਾਂ ਦਾ ਦੁੱਖ-ਦਰਦ ਸਾਂਝਾ ਕਰਨ ਲਈ ਤੁਸੀਂ ਮੈਦਾਨ ਵਿੱਚ ਨਜ਼ਰ ਆਏ? ਉਨ੍ਹਾਂ ਸਵਾਲ ਉਠਾਇਆ ਕਿ 'ਪ੍ਰਗਟ ਸਿੰਘ ਜੀ, ਤੁਹਾਨੂੰ ਕੈਂਟ ਦੇ ਲੋਕਾਂ ਨੇ ਤਿੰਨ ਵਾਰ ਐਮ ਐਲ ਏ ਬਣਾ ਕੇ ਮੌਕਾ ਦਿੱਤਾ, ਤੁਸੀਂ ਦੱਸੋ ਕਿ ਕੈਂਟ ਦੇ ਲੋਕਾਂ ਲਈ ਕੀ ਕੀਤਾ ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਸੰਭਵ ਸਰੋਤ ਲਗਾ ਕੇ ਲੋਕਾਂ ਦੀ ਸਹਾਇਤਾ ਕਰ ਰਹੀ ਹੈ ਅਤੇ ਹਰੇਕ ਪੀੜਤ ਪਰਵਾਰ ਤੱਕ ਰਾਹਤ ਪਹੁੰਚਾਣ ਲਈ ਵਚਨਬੱਧ ਹੈ।



# ਰੋਟਰੀ ਕਲੱਬ ਆਫ ਹੁਸ਼ਿਆਰਪੁਰ ਤੇ ਇਨਰ ਵੀਲ ਕਲੱਬ ਨੇ ਹੜ੍ਹ ਪੀੜਤਾਂ ਨੂੰ ਸਮੱਗਰੀ ਭੇਜੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਟਿਮਾਟਨੀ ਆਹਲੂਵਾਲੀਆ ਅਤੇ ਇਨਰ ਵੀਲ ਕਲੱਬ ਦੀ ਪ੍ਰਧਾਨ ਨੇਹਾ ਸਚਦੇਵਾ ਦੀ ਅਗਵਾਈ ਵਿੱਚ ਸਾਰੇ ਰੋਟੇਰੀਅਨ ਦੇ ਸਹਿਯੋਗ ਨਾਲ ਸੌ ਪੇਟੀ ਪਾਣੀ ਦੀਆਂ ਬੋਤਲਾਂ ਅਤੇ ਪੰਜਾਹ ਆਟੇ ਦੀਆਂ ਥੈਲੀਆਂ ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤੀਆਂ ਗਈਆਂ ਅਤੇ ਇਹਨਾਂ ਨੂੰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੀ ਹਦਾਇਤਾਂ ਅਨੁਸਾਰ ਹੜ੍ਹ ਬਲ ਸੇਵਾ ਸੁਸਾਇਟੀ ਦੇ ਪ੍ਰਧਾਨ ਰਵੀ ਕ੍ਰਿਸ਼ਨ ਕਾਂਸਲਾ ਦੀ ਮਾਰਫ਼ਤ ਭੇਜਿਆ ਗਿਆ।ਸਮਾਨ ਦੀ ਗੱਡੀ ਨੂੰ ਹੁਸ਼ਿਆਰਪੁਰ ਤੋਂ ਰੋਟੇਰੀਅਨ ਜੀ.ਐਸ. ਬਾਵਾ, ਪ੍ਰੋਜੈਕਟ ਚੇਅਰਮੈਨ ਅਸ਼ੋਕ ਜੈਨ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਪ੍ਰਧਾਨ ਟਿਮਾਟਨੀ ਆਹਲੂਵਾਲੀਆ ਨੇ ਕਿਹਾ ਕਿ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਬੇ-ਘਰ ਹੋਏ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਲਈ ਸਾਰੇ ਰੋਟੇਰੀਅਨ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ।ਇਸ ਮੌਕੇ ਰੋਟੇਰੀਅਨ ਟਿਮਾਟਨੀ ਆਹਲੂਵਾਲੀਆ, ਨੇਹਾ ਸਚਦੇਵਾ, ਜੀ. ਐਸ ਬਾਵਾ ਅਰੁਣ ਜੈਨ, ਰਜਿੰਦਰ ਮੌਦਗਿਲ, ਅਸ਼ੋਕ ਜੈਨ, ਲੈਪੀ ਆਹਲੂਵਾਲੀਆ, ਡਾ. ਰਣਜੀਤ, ਸੰਜੀਵ ਕੁਮਾਰ ਅਤੇ ਹੋਰ ਸ਼ਾਮਲ ਸਨ।





# ਨਕੋਦਰ ਰੋਡ 'ਤੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਸੀ ਟੀ ਗਰੁੱਪ ਦੇ ਸਵੈ-ਸੇਵਕਾਂ ਨੇ ਰਾਹਤ ਸਮੱਗਰੀ ਵੰਡੀ

**ਜਲੰਧਰ (ਸ਼ੈਲੀ ਐਲਬਰਟ)** ਜਲੰਧਰ ਵਿੱਚ ਹੜ੍ਹ ਦੀ ਸਥਿਤੀ ਨੂੰ ਦੇਖਦੇ ਹੋਏ, ਸੀ.ਟੀ. ਗਰੁੱਪ ਦੇ ਸਵੈ-ਸੇਵਕਾਂ ਨੇ ਨਕੋਦਰ ਰੋਡ 'ਤੇ ਸਥਿਤ ਪਿੰਡ ਨੰਗਲ ਜੀਵਨ, ਅੱਲੋਵਾਲ ਢੇਰੀਆਂ ਅਤੇ ਮਲੜੀ ਸਾਹਿਬ ਦਾ ਦੌਰਾ ਕੀਤਾ।ਇਹ ਪਹਿਲ ਪਾਣੀ ਭਰਾਅ ਅਤੇ ਵਿਸਥਾਪਨ ਕਾਰਨ ਮੁਸ਼ਕਲ ਹਾਲਾਤਾਂ ਦਾ ਸਾਮਣਾ ਕਰ ਰਹੇ ਪਰਿਵਾਰਾਂ ਨੂੰ ਤੁਰੰਤ ਰਾਹਤ ਅਤੇ ਸਹਾਇਤਾ ਪਹੁੰਚਾਉਣ ਲਈ ਕੀਤੀ ਗਈ ਸੀ।ਇਹ ਮੁਹਿੰਮ ਸੀ ਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦੀ ਮਾਰਗਦਰਸ਼ਨ ਅਤੇ ਸਰਪ੍ਰਸਤੀ ਹੇਠ ਆਯੋਜਿਤ ਕੀਤੀ ਗਈ ਸੀ, ਜਿਨ੍ਹਾਂ ਦੀ ਕਮਿਊਨਿਟੀ ਸੇਵਾ ਦੀ ਦ੍ਰਿਸ਼ਟੀ ਨੇ ਇਸ ਪੂਰੇ ਯਤਨ ਨੂੰ ਪ੍ਰੇਰਿਤ ਕੀਤਾ।ਡਾਇਰੈਕਟਰ ਐਡਮਿਸ਼ਨਜ਼, ਡਾਕਟਰ ਵਨੀਤ ਠਾਕੁਰ ਨੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀ ਸਵੈ-ਸੇਵਕਾਂ ਦੇ ਨਾਲ ਮਿਲਕੇ ਪ੍ਰਭਾਵਿਤ ਇਲਾਕਿਆਂ ਦਾ ਖੁਦ ਦੌਰਾ ਕੀਤਾ ਤਾਂ ਜੋ ਸਮੇਂ ਸਿਰ ਸਹਾਇਤਾ ਲੋੜਵੰਦਾਂ ਤੱਕ ਪਹੁੰਚ ਸਕੇ।ਮੁੱਢਲੀ ਸਿਹਤ ਅਤੇ ਸਫਾਈ ਦਾ ਸਮਰਥਨ ਕਰਨ ਦੇ ਨਾਲ-ਨਾਲ ਇਸ ਚੁਣੌਤੀਪੂਰਨ ਸਮੇਂ ਦੌਰਾਨ ਆਰਾਮ ਪ੍ਰਦਾਨ ਕਰਨ ਲਈ ਰਾਹਤ ਸਮੱਗਰੀ, ਜਿਸ ਵਿੱਚ ਸੈਨਿਟਰੀ ਪੈਡ, ਡਬਲਰੋਟੀ, ਰਸਕ, ਬਿਸਕੁਟ, ਦਵਾਈਆਂ, ਤਿਰਪਾਲ ਅਤੇ ਕੱਪੜੇ ਸ਼ਾਮਲ ਸਨ, ਵੰਡੇ ਗਏ।ਇਹ ਪਹਿਲ ਸੀ ਟੀ ਗਰੁੱਪ ਦੇ ਇਸ ਵਿਸ਼ਵਾਸ ਨੂੰ ਦਰਸਾਉਂਦੀ ਹੈ ਕਿ ਸਿੱਖਿਆ ਅਕਾਦਮਿਕ ਗਤੀਵਿਧੀਆਂ ਤੋਂ ਪਰੇ ਹਟਕੇ ਦਇਆ, ਜ਼ਿੰਮੇਵਾਰੀ ਅਤੇ ਏਕਤਾ ਨੂੰ ਪੋਸ਼ਣ ਕਰਦੀ ਹੈ।ਸੀ ਟੀ ਪਰਿਵਾਰ ਆਮ ਸਥਿਤੀ ਬਹਾਲ ਨਾ ਹੋਣ ਤੱਕ ਕਮਿਊਨਿਟੀ ਦਾ ਸਮਰਥਨ ਕਰਨ ਲਈ ਪ੍ਰਤੀਬੱਧ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਪ੍ਰਭਾਵਿਤ ਲੋਕਾਂ ਨਾਲ ਖੜ੍ਹਾ ਰਹੇਗਾ।



# ਐਡਵੋਕੇਟ ਭੁੱਲਰ ਨੇ ਸੰਗੋਵਾਲ ਦੇ ਬੰਨ੍ਹ ਦਾ ਕੀਤਾ ਦੌਰਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਹਲਕਾ ਨਕੋਦਰ ਦੇ ਪਿੰਡ ਸੰਗੋਵਾਲ ਦੇ ਬੰਨ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਨਕੋਦਰ ਸੀਨੀਅਰ ਅਕਾਲੀ ਆਗੂ ਐਡਵੋਕੇਟ ਰਾਜਕਮਲ ਸਿੰਘ ਭੁੱਲਰ ਨੇ ਸੰਗੋਵਾਲ ਦੇ ਬੰਨ੍ਹ ਦਾ ਦੌਰਾ ਕੀਤਾ ਦੌਰਾ ਕਰਦੇ ਆਂ ਉਹਨਾਂ ਨੇ ਪ੍ਰਸ਼ਾਸਨ ਨੂੰ ਹਰ ਇੱਕ ਮਦਦ ਦੇਣ ਦਾ ਭਰੋਸਾ ਦਵਾਇਆ ਅਤੇ ਸਮੁੱਚੇ ਆਪਣੇ ਪੰਜਾਬੀ ਭਾਈਚਾਰੇ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਲੰਧਰ ਵਿਖੇ ਖੋਲ੍ਹੇ ਹੜ੍ਹ ਰਾਹਤ ਸੈਂਟਰ ਬਾਰੇ ਜਾਣਕਾਰੀ ਵੀ ਦਿੱਤੀ ਸ਼੍ਰੋਮਣੀ ਅਕਾਲੀ ਦਲ ਵੱਲੋਂ 24 ਘੰਟੇ ਦੋ ਟੋਲ ਫਰੀ ਨੰਬਰ ਵੀ ਦੱਸੇ ਜਿਸ ਟੋਲ ਫਰੀ ਨੰਬਰ 'ਤੇ ਕਿਸੇ ਪਿੰਡ ਵਿੱਚ ਕਿਸੇ ਵੀ ਤਰ੍ਹਾਂ ਦੀ ਲੋੜ ਹੋਵੇ ਜਿਵੇਂ ਕਿ ਮਿੱਟੀ, ਤ੍ਰਪਾਲਾਂ, ਦਵਾਈਆਂ, ਰਾਸ਼ਨ, ਮੱਛਰ ਵਾਲੀ ਸਪਰੇ ਅਤੇ ਹੋਰ ਵੀ ਲੋੜ ਦੀਆਂ ਵਸਤੂਆਂ ਵਾਸਤੇ ਦੱਸਿਆ ਉਨਾਂ ਨੇ ਇਹ ਵੀ ਕਿਹਾ ਕਿਸੇ ਪਿੰਡ ਵਿੱਚ ਵੀ ਕਿਸੇ ਚੀਜ਼ ਦੀ ਲੋੜ ਹੋਵੇ ਮੇਰੇ ਸੰਪਰਕ ਕਰ ਸਕਦਾ ਹੈ ਜਾਂ ਟੋਲ ਫਰੀ ਨੰਬਰ 9501287100 ਤੇ ਵੀ ਫੋਨ ਕਰ ਸਕਦਾ. ਇਸ ਮੌਕੇ ਉਹਨਾਂ ਨਾਲ ਮੇਜਰ ਸਿੰਘ ਔਜਲਾ, ਪਿਆਰਾ ਸਿੰਘ ਕੈਥ, ਹਰਬੰਸ ਸਿੰਘ ਦਰਦੀ, ਬਲਵੀਰ ਸਿੰਘ ਬੀਰੀ ਕਾਦੀਆਂ, ਨੰਬਰਦਾਰ ਹਰਬਲਜੀਤ ਸਿੰਘ ਲੱਦੜ, ਨੰਬਰਦਾਰ ਰਣਜੀਤ ਸਿੰਘ ਕਾਦੀਆਂ, ਪ੍ਰਧਾਨ ਹਰਵਿੰਦਰ ਸਿੰਘ ਬਿੰਦਰ ਭੁੱਲਰ, ਤਰਲੋਚਨ ਸਿੰਘ ਲੱਦੜ, ਅਤੇ ਹੋਰ ਵੀ ਆਗੂ ਮੌਜੂਦ ਸਨ।

# ਡੀ ਟੀ ਐਫ ਨੇ ਕੇਂਦਰ ਵੱਲੋਂ ਪੰਜਾਬ ਪ੍ਰਤੀ ਧਾਰੀ ਚੁੱਪੀ ਤੇ ਵਤੀਰੇ ਦੀ ਕੀਤੀ ਸਖ਼ਤ ਨਿਖੇਧੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਥਾਨਕ ਬੰਗਾ ਚੌਕ ਵਿਚ ਸਥਿਤ ਗਾਂਧੀ ਪਾਰਕ ਵਿਖੇ ਵੱਖ ਵੱਖ ਜਥੇਬੰਦੀਆਂ ਦੀ ਹੜ੍ਹਾਂ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਸ਼ਾਮਿਲ ਜੱਥੇਬੰਦੀਆ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਪੰਜਾਬ,ਕਿਰਤੀ ਕਿਸਾਨ ਯੂਨੀਅਨ, ਤਰਕਸ਼ੀਲ ਸੁਸਾਇਟੀ ਅਤੇ ਡੈਮੋਕ੍ਰੈਟਿਕ ਪੈਨਸ਼ਨਰ ਫਰੰਟ ਨੇ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤ ਪੰਜਾਬ ਪ੍ਰਤੀ ਧਾਰੀ ਚੁੱਪੀ ਅਤੇ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ ਹੈ।ਪ੍ਰੈਸ ਨੂੰ ਬਿਆਨ ਜਾਰੀ ਕਰਦਿਆ ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੇ ਸੰਯੁਕਤ ਸਕੱਤਰ ਮੁਕੇਸ਼ ਕੁਮਾਰ, ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ,ਕਿਰਤੀ ਕਿਸਾਨ ਯੂਨੀਅਨ ਦੇ ਹਰਮੇਸ਼ ਢੇਸੀ, ਹੰਸਰਾਜ ਗੜ੍ਹਸ਼ੰਕਰ, ਤਰਕਸ਼ੀਲ ਆਗੂ ਜੋਗਿੰਦਰ ਕੁਲੇਵਾਲ ਅਤੇ ਪੈਨਸ਼ਨਰ ਆਗੂਆ ਬਲਵੀਰ ਖਾਨਪੁਰੀ ਤੇ ਸਤਪਾਲ ਕਲੇਰ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਹਿਮਾਚਲ ਤੇ ਪੰਜਾਬ ਵਿੱਚ ਭਾਰੀ ਬਾਰਿਸ਼ ਹੋਣ ਕਾਰਨ ਪੰਜਾਬ ਵਿੱਚ ਹੜ੍ਹਾਂ ਕਾਰਨ ਹੋ ਰਹੇ ਵਿਆਪਕ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ, ਜਿੱਥੇ ਪੰਜਾਬ ਸਰਕਾਰ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਰੋਕਣ ਅਤੇ ਪੀੜਤ ਲੋਕਾਂ ਨੂੰ ਰਾਹਤ ਦੇਣ ਵਿੱਚ ਅਸਫ਼ਲ ਰਹੀ ਹੈ ਉੱਥੇ ਹੀ ਕੇਂਦਰ ਸਰਕਾਰ ਵੱਲੋਂ ਵੀ ਇਸ ਸਥਿਤੀ ਨਾਲ ਨਿਪਟਣ ਲਈ ਪੰਜਾਬ ਨੂੰ ਕਿਸੇ ਪ੍ਰਕਾਰ ਦਾ ਵਿੱਤੀ ਪੈਕੇਜ ਨਹੀਂ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਫਗਾਨਿਸਤਾਨ ਦੇ ਵਿੱਚ ਆਏ ਭੁਚਾਲਾਂ ਦਾ ਤਾਂ ਬਹੁਤ ਫਿਕਰ ਹੈ ਪਰ ਆਪਣੇ ਦੇਸ਼ ਵਿੱਚ ਪੰਜਾਬ ਸਮੇਤ ਕਈ ਰਾਜਾਂ ਵਿੱਚ ਹੜ੍ਹਾਂ ਦੀ ਸਥਿਤੀ ਬਾਰੇ ਸਾਜ਼ਿਸ਼ੀ ਚੁੱਪੀ ਧਾਰੀ ਹੋਈ ਹੈ ਤੇ ਪੰਜਾਬ ਦੇ ਲੋਕਾਂ ਨਾਲ ਦੁਸ਼ਮਣੀ ਭਰਿਆ ਵਤੀਰਾ ਪ੍ਰਗਟਾਇਆ ਜਾ ਰਿਹਾ ਹੈ। ਯੂਨੀਅਨ ਆਗੂਆਂ ਜਰਨੈਲ ਸਿੰਘ, ਬਲਕਾਰ ਸਿੰਘ ਮੰਗਾਣੀਆਂ, ਮਨਦੀਪ ਸਿੰਘ, ਸੰਦੀਪ ਕੁਮਾਰ, ਮਨਜੀਤ ਸਿੰਘ ਬੰਗਾ, ਸੰਜੀਵ ਕੁਮਾਰ, ਅਮਰਜੀਤ ਸਿੰਘ ਬੰਗੜ ਨੇ ਆਖਿਆ ਕਿ ਹੜ੍ਹਾਂ ਕਾਰਨ ਵਾਪਰੀ ਤਬਾਹੀ ਨੂੰ ਸਿਰਫ਼ ਕੁਦਰਤੀ ਆਫ਼ਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਇੱਕ ਪਾਸੇ ਪੰਜਾਬ ਧਰਤੀ ਹੇਠਲੇ ਪਾਣੀ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ ਉੱਥੇ ਬਾਰਿਸ਼ਾਂ ਦੇ ਦਿਨਾਂ ਵਿੱਚ ਵਾਧੂ ਪਾਣੀ ਦੀ ਸੰਭਾਲ ਲਈ ਸਰਕਾਰਾਂ ਲੋੜੀਂਦਾ ਢਾਂਚਾ ਨਹੀਂ ਉਸਾਰ ਸਕੀਆਂ ਅਤੇ ਅਣਕਿਆਸੇ ਹੜ੍ਹਾਂ ਨੂੰ ਰੋਕਣ ਲਈ ਲੋੜੀਂਦੇ ਪ੍ਰਬੰਧ ਕਰਨ ਵੱਲ ਵੀ ਦੋਵਾਂ ਸਰਕਾਰਾਂ ਦਾ ਕੋਈ ਧਿਆਨ ਨਹੀ ਹੈ। ਆਗੂਆਂ ਨੇ ਕੇਂਦਰ ਸਰਕਾਰ ਤੋਂ ਪੰਜਾਬ ਲਈ ਪੰਜਾਬ ਨੂੰ ਹੜ੍ਹਾਂ ਵਾਲਾ ਖੇਤਰ ਘੋਸ਼ਿਤ ਕਰਦਿਆਂ ਹੋਇਆ ਘੱਟੋ ਘੱਟ 50 ਹਜ਼ਾਰ ਕਰੋੜ ਦੀ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਕੀਤੀ।ਆਗੂਆਂ ਨੇ ਪੰਜਾਬ ਦੇ ਮੁਲਾਜ਼ਮਾਂ ਅਤੇ ਹੋਰ ਲੋਕਾਂ ਨੂੰ ਹੜ੍ਹ ਪੀੜਤ ਲੋਕਾਂ ਦੀ ਮੱਦਦ ਲਈ ਅੱਗੇ ਆਉਣ ਦੀ ਅਪੀਲ ਵੀ ਕੀਤੀ।



# ਹੜ੍ਹ ਪੀੜਤਾਂ ਦੀ ਮਦਦ ਲਈ ਸਮੱਗਰੀ ਵਾਲਾ ਟਰੱਕ ਰਵਾਨਾ



**ਬਲਾਚੌਰ (ਜਸਵਿੰਦਰ ਬੈਂਸ)** ਜਿੱਥੇ ਪੰਜਾਬ ਦੇ ਬਹੁ ਗਿਣਤੀ ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਉੱਥੇ ਸਰਕਾਰ, ਪ੍ਰਸ਼ਾਸਨ ਅਤੇ ਵੱਖ-ਵੱਖ ਸਮਾਜ ਸੇਵੀਆਂ ਵੱਲੋਂ ਵੀ ਹੜ੍ਹ ਪੀੜਤਾਂ ਦੀ ਮਦਦ ਦੇ ਕਾਰਜ ਲਗਾਤਾਰ ਜਾਰੀ ਹਨ।ਇਸੇ ਲੜੀ ਤਹਿਤ ਹੜ੍ਹ ਪੀੜਤਾਂ ਦੀ ਮਦਦ ਲਈ ਬਲਾਚੌਰ ਸ਼ਹਿਰ ਤੋਂ ਵੀ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਦੀ ਹਾਜ਼ਰੀ ਦੌਰਾਨ ਹੜ੍ਹ ਪੀੜਤਾਂ ਦੀ ਮਦਦ ਲਈ ਸਮੱਗਰੀ ਵਾਲਾ ਟਰੱਕ ਰਵਾਨਾ ਕੀਤਾ ਗਿਆ।ਡਾਕਟਰ ਭੁਪਿੰਦਰਜੀਤ ਸੂਰੀ ਨੇ ਕਿਹਾ ਕਿ ਅਜਿਹੇ ਹਾਲਾਤਾਂ ਵਿੱਚ ਸਮੁੱਚੀਆਂ ਸਮਾਜ ਸੇਵੀ ਸੰਸਥਾਵਾਂ, ਐਨ ਆਰ ਆਈ ਵੀਰਾਂ ਅਤੇ ਹੋਰ ਜਿਹੜੇ ਵੀ ਕਾਰੋਬਾਰੀ ਸਹਾਇਤਾ ਕਰਨ ਦੇ ਸਮਰੱਥ ਹਨ ਉਨਾਂ ਨੂੰ ਹੜ੍ਹ ਪੀੜਤਾਂ ਦੀ ਬਾਂਹ ਫੜਨ ਵਿੱਚ ਪਹਿਲ ਕਦਮੀ ਕਰਨੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਇਸ ਟਰੱਕ ਵਿੱਚ ਸਮੁੱਚੇ ਇਲਾਕੇ ਵਾਸੀਆਂ ਦੇ ਸਹਿਯੋਗ ਨਾਲ ਖਾਣ ਪੀਣ ਦੀਆਂ ਵਸਤਾਂ ਅਤੇ ਕੁੱਝ ਪਸ਼ੂਆਂ ਲਈ ਚਾਰਾ ਭੇਜਿਆ ਜਾ ਰਿਹਾ ਹੈ।ਇਸ ਮੌਕੇ ਹਰਨੇਕ ਸਿੰਘ ਫੌਜੀ ਸਰਪੰਚ ਜਮੀਤਗੜ੍ਹ, ਸਤਬੀਰ ਸਿੰਘ ਫੌਜੀ ਮਹਿੰਦੀਪੁਰ, ਹਰਜਿੰਦਰ ਸਿੰਘ ਮੰਢਿਆਣੀ, ਸੁਰਜੀਤ ਸਿੰਘ ਮਾਨ ਪਨਿਆਲੀ ਕਲਾਂ, ਗੁਰਪ੍ਰੀਤ ਸਿੰਘ ਮੰਡੇਰਾਂ, ਜੱਸਾ ਫੌਜੀ ਗਹੂੰਣ, ਸੁੱਜੋਵਾਲ, ਜਮੀਤਗੜ੍ਹ ਭੱਲਾ, ਪਨਿਆਲੀ, ਬਲਾਚੌਰ ਅਤੇ ਇਲਾਕੇ ਦੇ ਸਮਾਜ ਸੇਵੀ ਨੌਜਵਾਨ ਹਾਜ਼ਰ ਸਨ।

# ਵੈੱਲਫੇਅਰ ਆਰਗੇਨਾਈਜੇਸ਼ਨ ਨੇ ਸਿਵਲ ਹਸਪਤਾਲ ਨੂੰ ਦਿੱਤਾ ਕੰਪਿਊਟਰ ਤੇ ਪ੍ਰਿੰਟਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਡੇਰਾਬੱਸੀ ਵੈਲਫੇਅਰ ਆਰਗੇਨਾਈਜੇਸ਼ਨ ਨੇ ਸਮਾਜ ਸੇਵਾ ਵੱਲ ਇੱਕ ਹੋਰ ਕਦਮ ਚੁੱਕਦੇ ਹੋਏ ਡੇਰਾਬੱਸੀ ਸਥਿਤ ਸਿਵਲ ਹਸਪਤਾਲ ਨੂੰ ਕੰਪਿਊਟਰ ਅਤੇ ਪ੍ਰਿੰਟਰ ਦਾਨ ਵਿਚ ਦਿੱਤੇ।ਸੰਸਥਾ ਦਾ ਮੰਨਣਾ ਹੈ ਕਿ ਹਸਪਤਾਲਾਂ ਅਤੇ ਸਰਕਾਰੀ ਸੰਸਥਾਵਾਂ ਨੂੰ ਸਮੇਂ-ਸਮੇਂ ਤੇ ਸਹਿਯੋਗ ਦੇਣ ਨਾਲ ਲੋਕਾਂ ਨੂੰ ਵਧੀਆ ਸਹੂਲਤਾਂ ਮਿਲਦੀਆਂ ਹਨ ਅਤੇ ਮਰੀਜ਼ਾਂ ਨੂੰ ਵੀ ਰਾਹਤ ਮਿਲਦੀ ਹੈ।ਸੰਸਥਾ ਦੇ ਪ੍ਰਧਾਨ ਨਰੇਸ਼ ਕੌਸ਼ਲ ਨੇ ਦੱਸਿਆ ਕਿ ਡੇਰਾਬੱਸੀ ਵੈਲਫੇਅਰ ਆਰਗੇਨਾਈਜੇਸ਼ਨ ਹਮੇਸ਼ਾਂ ਹੀ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮ ਰਹੀ ਹੈ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨਾ ਇਸ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਸਮੇਂ ਵਿੱਚ ਹਸਪਤਾਲਾਂ ਵਿੱਚ ਡਿਜ਼ਿਟਲ ਕੰਮ ਵਧ ਰਹੇ ਹਨ, ਅਜਿਹੇ ਵਿੱਚ ਕੰਪਿਊਟਰ ਅਤੇ ਪ੍ਰਿੰਟਰ ਦੀ ਉਪਲਬਧਤਾ ਨਾਲ ਨਾ ਸਿਰਫ਼ ਹਸਪਤਾਲ ਸਟਾਫ਼ ਨੂੰ ਸਹੂਲਤ ਹੋਵੇਗੀ, ਸਗੋਂ ਮਰੀਜ਼ਾਂ ਨਾਲ ਜੁੜੇ ਕੰਮ ਵੀ ਤੇਜ਼ੀ ਨਾਲ ਨਿਪਟ ਸਕਣਗੇ।ਇਸ ਮੌਕੇ ਸਿਵਲ ਹਸਪਤਾਲ ਡੇਰਾਬੱਸੀ ਦੇ ਮੁੱਖ ਚਿਕਿਤਸਾ ਅਧਿਕਾਰੀ (ਸੀਐਮਓ) ਡਾ. ਧਰਮੇਂਦਰ ਸਿੰਘ ਨੇ ਸੰਸਥਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੇ ਯਤਨ ਸਮਾਜ ਲਈ ਪ੍ਰੇਰਣਾਦਾਇਕ ਹਨ। ਉਨ੍ਹਾਂ ਕਿਹਾ ਕਿ ਵੈਲਫੇਅਰ ਸੰਸਥਾਵਾਂ ਦਾ ਸਹਿਯੋਗ ਹਸਪਤਾਲ ਦੇ ਕੰਮਕਾਜ ਨੂੰ ਹੋਰ ਸੁਧਾਰਦਾ ਹੈ।ਪ੍ਰੋਗਰਾਮ ਵਿੱਚ ਸੰਸਥਾ ਦੇ ਮੈਂਬਰ ਹਰਵਿੰਦਰ ਸਿੰਘ ਅਤੇ ਬਬਲੂ ਵੀ ਖ਼ਾਸ ਤੌਰ 'ਤੇ ਮੌਜੂਦ ਸਨ।






# ਲੱਖੀ ਗਿਲਜੀਆਂ ਵੱਲੋਂ ਹੜ੍ਹ ਪੀੜਤ ਲੋਕਾਂ ਲਈ ਜਨਰੇਟਰ ਦੀ ਸੇਵਾ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੋ ਪਿਛਲੇ ਦਿਨੀ ਹਲਕਾ ਉੜਮੁੜ ਟਾਂਡਾ ਖੇਤਰ ਦੇ ਵੱਖ-ਵੱਖ ਪਿੰਡਾਂ ਵਿੱਚ ਹੜ੍ਹ ਪੀੜਤ ਲੋਕਾਂ ਨੂੰ ਮਿਲ ਕੇ ਜਿੱਥੇ ਉਹਨਾਂ ਦੀਆਂ ਮੁਸ਼ਕਲਾਂ ਸੁਣ ਕੇ ਗਏ ਉਥੇ ਨਾਲ ਹੀ ਉਹਨਾਂ ਨੇ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਇਸੇ ਤਹਿਤ ਹੀ ਜੋ ਰੜਾ ਮੰਡ ਸਥਿਤ ਗੁਰਦੁਆਰਾ ਸਾਹਿਬ ਅਤੇ ਇਲਾਕੇ ਦੇ ਹੋਰ ਪਿੰਡਾਂ ਦੀ ਸੰਗਤ ਵੱਲੋਂ ਇੱਕ ਜਨਰੇਟਰ ਦੀ ਮੰਗ ਕੀਤੀ ਗਈ ਸੀ ਜੋ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਖਵਿੰਦਰ ਸਿੰਘ ਲੱਖੀ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਉੱਘੇ ਸਮਾਜ ਸੇਵਕ ਅਕਾਲੀ ਆਗੂ ਸਤਪਾਲ ਸਿੰਘ ਮੁਲਤਾਨੀ, ਅਕਾਲੀ ਆਗੂ ਇਕਬਾਲ ਸਿੰਘ ਜੌਹਲ, ਸਰਬਜੀਤ ਸਿੰਘ ਮੋਮੀ, ਜਸਵਿੰਦਰ ਸਿੰਘ ਜੱਸੀ ਯੂਐਸਏ, ਕਸ਼ਮੀਰ ਸਿੰਘ ਬਬਲੂ ਗਿੱਲਜੀਆਂ ਅਤੇ ਹੋਰ ਅਨੇਕਾਂ ਸੰਗਤਾਂ ਦੀ ਹਾਜ਼ਰੀ ਵਿੱਚ ਜਨਰੇਟਰ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੂੰ ਸੌਂਪਿਆ। ਇਸ ਮੌਕੇ ਲਖਵਿੰਦਰ ਸਿੰਘ ਲੱਖੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਜੋ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ ਰਾਤ ਇੱਕ ਕਰ ਰਹੇ ਹਨ ਅਤੇ ਉਹਨਾਂ ਵੱਲੋਂ ਜੋ ਜਨਰੇਟਰ ਦੀ ਸੇਵਾ ਵਾਸਤੇ ਕਿਹਾ ਗਿਆ ਸੀ ਉਸ ਨੂੰ ਅੱਜ ਪੂਰਾ ਕੀਤਾ ਗਿਆ ਹੈ।

# ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੁੱਖਲਿਆਣਾ ਵਿਖੇ ਗੁਰਦੁਆਰਾ ਅੰਗੀਠਾ ਸਾਹਿਬ, ਬ੍ਰਹਮ ਗਿਆਨੀ 108 ਸੰਤ ਬਾਬਾ ਉਦੈ ਸਿੰਘ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ ਅਤੇ ਇਲਾਕੇ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਵੱਲੋਂ ਜਗਤ ਗੁਰੂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵੰਤ ਸਿੰਘ ਮੁੱਖਲਿਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਸਮਾਗਮ ਦੌਰਾਨ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਉਪਰੰਤ ਦੀਵਾਨ ਹਾਲ ਵਿੱਚ ਭਾਈ ਜੁਗਰਾਜ ਸਿੰਘ ਮੁੱਖ ਗ੍ਰੰਥੀ ਮੁੱਖਲਿਆਣਾ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵੰਤ ਸਿੰਘ ਪ੍ਰਿਥੀਪਾਲ ਸਿੰਘ ਮੀਤ ਪ੍ਰਧਾਨ, ਮਹਿੰਦਰ ਸਿੰਘ ਫੌਜੀ, ਲੰਬੜਦਾਰ ਸੁਖਵਿੰਦਰ ਸਿੰਘ ਅਵਤਾਰ ਸਿੰਘ, ਬੰਟੀ, ਗੁਰਨੀਲ ਸਿੰਘ, ਪਰਵਿੰਦਰ ਸਿੰਘ, ਮੋਹਣ ਸਿੰਘ, ਬਲਵਿੰਦਰ ਸਿੰਘ, ਪਰਮਜੀਤ ਕੌਰ, ਪਰਮਿੰਦਰ ਕੌਰ, ਮਨਜੀਤ ਕੌਰ, ਕਮਲਜੀਤ ਕੌਰ, ਬਲਵਿੰਦਰ ਕੌਰ, ਜਸਵਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



# ਬੰਨ੍ਹ ਨੂੰ ਮਜ਼ਬੂਤ ਕਰਨ 'ਤੇ ਸਤਨਾਮ ਜਲਾਲਪੁਰ ਨੇ ਕੀਤਾ ਧੰਨਵਾਦ



**ਬਲਾਚੌਰ (ਜਸਵਿੰਦਰ ਬੈਂਸ)** ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਆਮ ਆਦਮੀ ਪਾਰਟੀ ਦੀਆਂ ਟੀਮਾਂ ਪ੍ਰਸ਼ਾਸ਼ਨ ਦੇ ਨਾਲ ਮਿਲ ਕੇ ਹੜ੍ਹ ਪੀੜਤਾਂ ਦੀਆਂ ਵੱਧ ਤੋਂ ਵੱਧ ਸਮੱਸਿਆਵਾਂ ਦਾ ਹੱਲ ਕਰ ਰਹੀਆਂ ਹਨ।ਸਤਨਾਮ ਜਲਾਲਪੁਰ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਅਤੇ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਸ਼ਹੀਦ ਭਗਤ ਸਿੰਘ ਨਗਰ ਨੇ ਜਿਲ੍ਹਾ ਪ੍ਰਸ਼ਾਸਨ, ਖਾਸ ਤੌਰ 'ਤੇ ਡਿਪਟੀ ਕਮਿਸ਼ਨਰ ਧੰਨਵਾਦ ਕੀਤਾ, ਜਿਨਾਂ ਨੇ ਸਤਲੁਜ ਦਰਿਆ ਦੀ ਸਥਿਤੀ ਨੂੰ ਕੰਟਰੋਲ ਕਰਨ ਲਈ ਹਰ ਯਤਨ ਪ੍ਰਯਤਨ ਕਰ ਰਹੇ ਹਨ।ਸਤਨਾਮ ਜਲਾਲਪੁਰ ਨੇ ਨਾਲ ਦੇ ਪਿੰਡ ਵਾਸੀਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਦਿਨ ਰਾਤ ਇੱਕ ਕਰਕੇ ਇਸ ਸਥਿਤੀ ਨੂੰ ਕੰਟਰੋਲ ਕਰਨ ਲਈ ਆਪਣਾ ਪੂਰਾ ਯੋਗਦਾਨ ਪਾਇਆ।ਇਸ ਮੌਕੇ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਜਿਲ੍ਹਾ ਨਗਰ ਸੁਧਾਰ ਟ੍ਰਸਟ ਨੇ ਕਿਹਾ ਧੁੱਸੀ ਬੰਨ੍ਹ ਦੀਆਂ ਹੜ੍ਹਾਂ ਸੰਬੰਧੀ ਗੁਮਰਾਹਕੁੰਨ ਖਬਰਾਂ ਦੀਆਂ ਝੂਠੀਆਂ ਅਫਵਾਹਾਂ ਤੋਂ ਬਚੋ। ਇਸ ਮੌਕੇ ਲੱਕੀ ਲੱਧੜ ਪ੍ਰਧਾਨ ਯੂਥ ਵਿੰਗ, ਕੁਲਵੰਤ ਸਿੰਘ ਰਕਾਸਨ, ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ, ਵਨੀਤ ਜਾੜਲਾ ਜਿਲਾ ਪ੍ਰਧਾਨ ਕਿਸਾਨ ਵਿੰਗ, ਮਨਦੀਪ ਸਿੰਘ ਅਟਵਾਲ, ਜ਼ਿਲਾ ਮੀਡੀਆ ਸੈਕਟਰੀ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਹਾਜ਼ਰ ਸਨ।

# ਈਦ ਮਿਲਾਦੁਨਬੀ ਦਾ ਜਸ਼ਨ ਹੜ੍ਹ ਪੀੜਤਾਂ ਦੇ ਨਾਂਅ ਹੋਵੇਗਾ : ਐਡਵੋਕੇਟ ਨਈਮ ਖਾਨ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਵਿੱਚ ਆਏ ਹੜ੍ਹਾਂ ਨੇ ਹਜ਼ਾਰਾਂ ਪਰਵਾਰਾਂ ਨੂੰ ਬੇਘਰ ਅਤੇ ਦੁਖੀ ਕਰ ਦਿੱਤਾ ਹੈ।ਅਜਿਹੇ ਔਖੇ ਸਮੇਂ ਵਿੱਚ ਜਦੋਂ ਹਰ ਕੋਈ ਮਦਦ ਦਾ ਹੱਥ ਵਧਾ ਰਿਹਾ ਹੈ, ਮੁਸਲਮ ਭਾਈਚਾਰੇ ਨੇ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕ ਕੇ ਅਤੇ ਇੱਕ ਮਾਨਵਤਾਵਾਦੀ ਫੈਸਲਾ ਲੈ ਕੇ ਇੱਕ ਇਤਿਹਾਸਕ ਉਦਾਹਰਣ ਕਾਇਮ ਕੀਤੀ ਹੈ।ਇਸ ਵਾਰ, ਪੈਗੰਬਰ-ਏ-ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਦਿਨ ਈਦ ਮਿਲਾਦੁਨਬੀ 'ਤੇ ਕੋਈ ਜਲੂਸ ਨਹੀਂ ਹੋਵੇਗਾ, ਜੋ ਕਿ 5 ਸਤੰਬਰ ਨੂੰ ਮਨਾਇਆ ਜਾਂਦਾ ਹੈ।ਮੁਸਲਿਮ ਭਾਈਚਾਰੇ ਨੇ ਐਲਾਨ ਕੀਤਾ ਹੈ ਕਿ ਜਲੂਸ ਅਤੇ ਸਮਾਗਮ ਦਾ ਸਾਰਾ ਖਰਚਾ ਹੜ੍ਹ ਪ੍ਰਭਾਵਿਤ ਪਰਵਾਰਾਂ ਦੀ ਮਦਦ ਕਰਨ ਅਤੇ ਰਾਹਤ ਅਤੇ ਜ਼ਰੂਰੀ ਸਮਾਨ ਪ੍ਰਦਾਨ ਕਰਨ 'ਤੇ ਖਰਚ ਕੀਤਾ ਜਾਵੇਗਾ।ਈਦਗਾਹ ਵਿਖੇ ਇੱਕ ਪ੍ਰੈਸ ਕਾਨਫਰੰਸ ਵਿੱਚ ਮੁਖੀ ਐਡਵੋਕੇਟ ਨਈਮ ਖਾਨ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਅਸਲ ਇਬਾਦਤ ਇਹ ਹੈ ਕਿ ਅਸੀਂ ਹੜ੍ਹ ਪੀੜਤਾਂ ਦੀ ਮਦਦ ਕਰੀਏ। ਮੁਖੀ ਐਡਵੋਕੇਟ ਨਈਮ ਖਾਨ ਨੇ ਕਿਹਾ ਕਿ ਆਮ ਤੌਰ 'ਤੇ ਧਾਰਮਿਕ ਤਿਉਹਾਰਾਂ ਦੌਰਾਨ ਵੱਡੇ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ, ਪਰ ਇਸ ਵਾਰ ਪੰਜਾਬ ਦੇ ਮੁਸਲਿਮ ਭਾਈਚਾਰੇ ਨੇ ਦਿਖਾਇਆ ਹੈ ਕਿ ਕਿਸੇ ਵੀ ਤਿਉਹਾਰ ਦੀ ਅਸਲ ਭਾਵਨਾ ਮਨੁੱਖਤਾ ਦੀ ਸੇਵਾ ਅਤੇ ਮਦਦ ਕਰਨ ਵਿੱਚ ਹੈ।ਉਨ੍ਹਾਂ ਦਾ ਇਹ ਫੈਸਲਾ ਪੂਰੇ ਸਮਾਜ ਲਈ ਮਨੁੱਖਤਾ ਅਤੇ ਭਾਈਚਾਰੇ ਦਾ ਇੱਕ ਵੱਡਾ ਸੰਦੇਸ਼ ਹੈ। ਉਹ ਕਹਿੰਦੇ ਹਨ ਕਿ ਅਸਲ ਈਦ-ਏ-ਮਿਲਾਦ ਤਾਂ ਹੀ ਸਾਰਥਕ ਹੋਵੇਗੀ ਜਦੋਂ ਲੋੜਵੰਦਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਂਦੀ ਜਾ ਸਕੇ।ਐਡਵੋਕੇਟ ਨਈਮ ਖਾਨ ਨੇ ਕਿਹਾ ਕਿ ਇਹ ਖ਼ਬਰ ਨਾ ਸਿਰਫ਼ ਪੰਜਾਬ ਲਈ ਸਗੋਂ ਪੂਰੇ ਦੇਸ਼ ਲਈ ਇੱਕ ਸਕਾਰਾਤਮਕ ਸੰਦੇਸ਼ ਹੈ ਕਿ ਧਰਮ ਦਾ ਅਸਲ ਉਦੇਸ਼ ਮਨੁੱਖਤਾ ਅਤੇ ਦੁੱਖ-ਤਕਲੀਫ਼ ਵਿੱਚ ਇੱਕ ਦੂਜੇ ਦੇ ਨਾਲ ਖੜ੍ਹੇ ਹੋਣਾ ਹੈ।ਮੁਸਲਿਮ ਭਾਈਚਾਰੇ ਨੇ ਵੀ ਲੋਕਾਂ ਨੂੰ ਇਸ ਨੇਕ ਪਹਿਲ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਹੈ। ਹੜ੍ਹ ਪੀੜਤਾਂ ਨੂੰ ਰਾਸ਼ਨ, ਕੱਪੜੇ, ਦਵਾਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਨ ਦਾ ਕੰਮ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ।



# ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਭਲਕ ਤੋਂ ਪਲੇਸਮੈਂਟ ਕੈਂਪ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਦੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਵੱਲੋਂ 4 ਸਤੰਬਰ ਤੋਂ 12 ਸਤੰਬਰ ਤੱਕ ਕੰਮ ਵਾਲੇ ਦਿਨਾਂ ਵਿੱਚ ਪਲੇਸਮੈਂਟ ਕੈਂਪ ਦਾ ਆਯੋਜਨ ਡਾਈਜੀਟੇਚ ਕਾਲ ਸਿਸਟਮ ਪ੍ਰਾਈਵੇਟ ਲਿਮਿਟਡ, ਸੀ-157, ਇੰਡਸਟ੍ਰੀਅਲ ਏਰੀਆ ਫੇਜ਼-7, ਸੈਕਟਰ-73, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਕੀਤਾ ਜਾ ਰਿਹਾ ਹੈ ਜਿਸ ਦਾ ਸਮਾਂ ਸਵੇਰੇ 10.00 ਵਜੇ ਤੋਂ ਦੁਪਹਿਰ 02.00 ਵਜੇ ਤੱਕ ਹੋਵੇਗਾ।ਡੀ ਬੀ ਈ ਈ ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ।

# ਡਿਪਟੀ ਕਮਿਸ਼ਨਰ ਨੇ ਫਤਿਹਪੁਰ ਵਿਖੇ ਹੜ੍ਹਾਂ ਦੀ ਰੋਕਥਾਮ ਸੰਬੰਧੀ ਤਿਆਰੀਆਂ ਦਾ ਲਿਆ ਜਾਇਜ਼ਾ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਬਲਾਕ ਸ਼ਾਹਕੋਟ ਦੇ ਪਿੰਡ ਫਤਿਹਪੁਰ ਦਾ ਦੌਰਾ ਕਰਕੇ ਸਤਲੁਜ ਦਰਿਆ ਕਿਨਾਰੇ ਹਾਲਾਤ ਅਤੇ ਬੰਨ੍ਹ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਜ਼ਿਲ੍ਹੇ ਵਿੱਚ ਹੜ੍ਹ ਵਰਗੀ ਕਿਸੇ ਵੀ ਸਥਿਤੀ ਨੂੰ ਰੋਕਣ ਲਈ ਆਪਣੇ ਸਰਬ-ਉੱਤਮ ਯਤਨ ਕਰਨ ਦੇ ਨਾਲ-ਨਾਲ ਲੋਕਾਂ ਦੀ ਭਲਾਈ ਲਈ 24 ਘੰਟੇ ਕੰਮ ਕੀਤਾ ਜਾਵੇ।ਦੌਰੇ ਦੌਰਾਨ ਡਾ. ਅਗਰਵਾਲ ਨੇ ਸਥਾਨਕ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਸੇ ਵੀ ਹੜ੍ਹਾਂ ਵਰਗੀ ਸਥਿਤੀ ਵਿੱਚ ਪੰਜਾਬ ਸਰਕਾਰ ਵਲੋਂ ਸਮੇਂ ਸਿਰ ਹਰ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਿਪਟਣ ਲਈ ਪਹਿਲਾਂ ਹੀ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਲੋਕਾਂ ਨੂੰ ਸੁਰੱਖਿਅਤ ਰਾਹਤ ਕੈਂਪਾਂ ਵਿੱਚ ਪਹੁੰਚਾਉਣ ਲਈ ਐਨ.ਡੀ.ਆਰ.ਐਫ. ਦੀਆਂ ਟੀਮਾਂ ਪਹਿਲਾਂ ਹੀ ਢੁਕਵੀਆਂ ਥਾਵਾਂ 'ਤੇ ਤਾਇਨਾਤ ਹਨ।ਡਿਪਟੀ ਕਮਿਸ਼ਨਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਲੋਕਾਂ ਦੇ ਜਾਨ ਤੇ ਮਾਲ ਦੀ ਰੱਖਿਆ ਕਰਨ ਲਈ ਸਮੂਹਿਕ ਯਤਨ ਬਹੁਤ ਜ਼ਰੂਰੀ ਹਨ। ਇਸ ਮੌਕੇ ਆਪ ਆਗੂ ਪਿੰਦਰ ਸਿੰਘ ਪੰਡੋਰੀ ਅਤੇ ਐਸ.ਡੀ.ਐਮ. ਸ਼ੁਭੀ ਆਂਗਰਾ ਵੀ ਮੌਜੂਦ ਸਨ।



4 Sep Page 9.qxd 9/3/2025 10:46 PM Page 1



# ਝੂਠੇ ਕੇਸਾਂ 'ਚ ਫਸਾਏ ਨੌਜਵਾਨ ਜਮਹੂਰੀ ਕਾਮਿਆਂ ਦੀ ਰਿਹਾਈ ਲਈ ਦੇਸ਼ ਭਗਤਾਂ ਉਠਾਈ ਆਵਾਜ਼

**ਜਲੰਧਰ (ਵਰਸ)** ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਹੰਗਾਮੀ ਮੀਟਿੰਗ 'ਚ ਪਾਸ ਇੱਕ ਮਤੇ ਰਾਹੀਂ ਨਿਆਂ ਪਾਲਿਕਾ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਸਾਬਕਾ ਵਿਦਿਆਰਥੀ ਆਗੂ ਉਮਰ ਖ਼ਾਲਿਦ ਸਮੇਤ 9 ਜ਼ਹੀਨ ਕਾਰਕੁਨਾਂ ਦੀ ਜ਼ਮਾਨਤ ਦੀ ਅਰਜ਼ੀ ਦਿੱਲੀ ਹਾਈਕੋਰਟ ਵੱਲੋਂ ਰੱਦ ਕੀਤੇ ਜਾਣਾ ਬੇਹੱਦ ਅਫ਼ਸੋਸਜਨਕ ਹੈ।ਹਾਈਕੋਰਟ ਦੇ ਬੈਂਚ ਦਾ ਇਹ ਫ਼ੈਸਲਾ ਨਾ ਸਿਰਫ਼ ਭਾਰਤੀ ਨਿਆਂਪ੍ਰਣਾਲੀ ਦੇ ਦੋਹਰੇ ਮਿਆਰਾਂ ਨੂੰ ਦਰਸਾਉਂਦਾ ਹੈ ਸਗੋਂ ਇਹ ਨਾਗਰਿਕਾਂ ਦੇ ਮਨੁੱਖੀ ਹੱਕਾਂ ਦੀ ਵੀ ਖੁੱਲ੍ਹੀ ਉਲੰਘਣਾ ਹੈ।ਇਨ੍ਹਾਂ ਕਾਰਕੁਨਾਂ ਨੂੰ ਘੱਟਗਿਣਤੀ ਮੁਸਲਮਾਨਾਂ ਵਿਰੋਧੀ ਵਿਰਕਾਪ੍ਰਸਤ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਜਨਤਕ ਜਮਹੂਰੀ ਅੰਦੋਲਨ ਵਿਚ ਹਿੱਸਾ ਲੈਣ ਦਾ ਸਬਕ ਸਿਖਾਉਣ ਲਈ ਅੱਧੇ ਦਹਾਕੇ ਤੋਂ ਬਿਨਾਂ ਮੁਕੱਦਮਾ ਚਲਾਏ, ਜੇਲ੍ਹ ਦੀਆਂ ਸਲਾਖਾਂ ਅੰਦਰ ਡੱਕ ਰੱਖਿਆ ਹੈ। ਯੂ ਏ ਪੀ ਏ ਅਤੇ ਹੋਰ ਬੇਹੱਦ ਸੰਗੀਨ ਧਾਰਾਵਾਂ ਲਗਾਈਆਂ ਹੋਣ ਕਾਰਨ ਸਿਰਫ਼ ਸਫ਼ੂਰਾ ਜ਼ਰਗਰ, ਨਤਾਸ਼ਾ ਨਰਵਾਲ, ਦੇਵਾਂਗਨਾ ਕਲੀਤਾ, ਇਸ਼ਰਤ ਜਹਾਂ ਅਤੇ ਆਸਿਫ਼ ਇਕਬਾਲ ਤਨਹਾ ਹੀ ਜ਼ਮਾਨਤ ਲੈ ਸਕੇ ਜਦਕਿ ਸ਼ਰਜੀਲ ਇਮਾਮ, ਉਮਰ ਖ਼ਾਲਿਦ, ਅਥਰ ਖ਼ਾਨ, ਖ਼ਾਲਿਦ ਸੈਫ਼ੀ, ਗੁਲਫ਼ਿਸ਼ਾ ਫ਼ਾਤਿਮਾ, ਮੀਰਾਨ ਹੈਦਰ, ਸ਼ਿਫ਼ਾ-ਉਰ-ਰਹਿਮਾਨ, ਮੁਹੰਮਦ ਸਲੀਮ ਖ਼ਾਨ ਅਤੇ ਸ਼ਾਦਾਬ ਅਹਿਮਦ 2020 ਤੋਂ ਲੈ ਕੇ ਬਿਨਾਂ ਜ਼ਮਾਨਤ ਜੇਲ੍ਹਾਂ ਵਿੱਚ ਸੜ ਰਹੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਬਿਆਨ ਵਿੱਚ ਕਿਹਾ ਹੈ ਕਿ ਇੱਕ ਬੰਨੇ ਬਲਾਤਕਾਰੀ, ਹਿੰਸਾ ਅਤੇ ਫਿਰਕੂ ਜ਼ਹਿਰ ਦੇ ਵਣਜਾਰੇ ਸਰੇਆਮ ਖੁੱਲ੍ਹੀ ਹਵਾ ਵਿੱਚ ਆਨੰਦ ਮਾਣ ਰਹੇ ਹਨ, ਥੋੜ੍ਹੇ ਅਰਸੇ ਬਾਅਦ ਜ਼ਮਾਨਤ ਤੇ ਆ ਕੇ ਸਮਾਜ ਦੇ ਅਮਨ ਭਾਈਚਾਰੇ ਵਿੱਚ ਵੀ ਨਫ਼ਰਤ ਦੀਆਂ ਦੀਵਾਰਾਂ ਖੜ੍ਹੀਆਂ ਕਰਨ ਦਾ ਕੰਮ ਕਰਦੇ ਹਨ ਅਤੇ ਦੂਜੇ ਬੰਨੇ ਘੱਟਗਿਣਤੀ ਮੁਸਲਮਾਨ ਭਾਈਚਾਰੇ ਦੇ ਨਾਗਰਿਕਤਾ ਹੱਕ ਦੀ ਰਾਖੀ ਲਈ ਆਵਾਜ਼ ਉਠਾਉਣ ਵਾਲੇ ਧਰਮ ਨਿਰਪੱਖ, ਜਮਹੂਰੀ ਕਾਰਕੁਨ ਬਿਨਾਂ ਮੁਕੱਦਮਾ ਚਲਾਏ, ਬਿਨਾਂ ਕੋਈ ਦੋਸ਼ ਸਾਬਤ ਕੀਤੇ ਜੇਲ੍ਹਾਂ ਵਿਚ ਸਾੜੇ ਜਾ ਰਹੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਆਗੂਆਂ ਨੇ ਮੰਗ ਕੀਤੀ ਕਿ ਉਮਰ ਖ਼ਾਲਿਦ ਸਮੇਤ ਇਹਨਾਂ ਸਾਰਿਆਂ ਸਮੇਤ ਦੇਸ਼ ਅੰਦਰ ਝੂਠੇ ਕੇਸਾਂ ਦੀ ਲੜੀ ਹੇਠ ਜੇਲ੍ਹਾਂ ਵਿਚ ਡੱਕੇ ਸਾਰੇ ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਸਾਰੇ ਝੂਠੇ ਕੇਸ ਰੱਦ ਕੀਤੇ ਜਾਣ, ਯੂ. ਏ. ਪੀ. ਏ ਅਤੇ ਹੋਰ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ ਅਤੇ ਲੋਕਾਂ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ।




# ਰਿਆਤ ਬਾਹਰਾ 'ਵਰਸਿਟੀ ਵਿਖੇ ਖੋਜ ਪੱਤਰ ਲਿਖਣ ਬਾਰੇ ਦੋ ਦਿਨਾਂ ਵਰਕਸ਼ਾਪ




**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਕੰਪਿਊਟਰ ਐਪਲੀਕੇਸ਼ਨ ਵਿਭਾਗ ਵੱਲੋਂ ਖੋਜ ਪੱਤਰ ਲਿਖਣ ਬਾਰੇ ਦੋ ਦਿਨਾਂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਕਾਦਮਿਕ ਖੋਜ ਅਤੇ ਪ੍ਰਕਾਸ਼ਨ ਲਈ ਲੋੜੀਂਦੇ ਜ਼ਰੂਰੀ ਹੁਨਰਾਂ ਨਾਲ ਲੈਸ ਕਰਨਾ ਸੀ।ਇਹ ਵਰਕਸ਼ਾਪ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦੀ ਅਗਵਾਈ ਹੇਠ, ਵਾਈਸ-ਚੇਅਰਮੈਨ ਗੁਰਿੰਦਰ ਸਿੰਘ ਬਾਹਰਾ, ਗਰੁੱਪ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ, ਪ੍ਰੋ ਵਾਈਸ-ਚਾਂਸਲਰ ਡਾ. ਸਤੀਸ਼ ਕੁਮਾਰ ਬਾਂਸਲ ਦੇ ਮਾਰਗਦਰਸ਼ਨ ਅਤੇ ਕਾਰਜਕਾਰੀ ਡਾਇਰੈਕਟਰ ਡਾ. ਸਾਹਿਲ ਵਰਮਾ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ।ਵਿਭਾਗ ਮੁਖੀ ਡਾ. ਅਨੀਤਾ ਗੋਇਲ ਨੇ ਦੱਸਿਆ ਕਿ ਵਰਕਸ਼ਾਪ ਦਾ ਮੁੱਖ ਟੀਚਾ ਵਿਦਿਆਰਥੀਆਂ ਨੂੰ ਖੋਜ ਦੀਆਂ ਬੁਨਿਆਦਾਂ ਨਾਲ ਜਾਣੂ ਕਰਵਾਉਣਾ, ਲਿਖਣ ਦੀ ਪ੍ਰਕਿਰਿਆ ਤੋਂ ਅਵਗਤ ਕਰਵਾਉਣਾ ਅਤੇ ਉਹਨਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਿਸਰਚ ਜਰਨਲਾਂ ਵਿੱਚ ਪ੍ਰਕਾਸ਼ਨ ਲਈ ਤਿਆਰ ਕਰਨਾ ਸੀ।ਪਹਿਲੇ ਦਿਨ, ਡਾ. ਕਵਿਤਾ ਨੇ ਖੋਜ ਦੇ ਸੰਕਲਪਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਅਤੇ ਪ੍ਰਭਾਵਸ਼ਾਲੀ ਖੋਜ ਕਰਨ ਦੇ ਕਦਮ-ਦਰ-ਕਦਮ ਤਰੀਕੇ ਸਮਝਾਏ।ਦੂਜੇ ਦਿਨ, ਖੋਜ ਲਿਖਣ ਅਤੇ ਪ੍ਰਕਾਸ਼ਨ ਦੇ ਵਿਹਾਰਕ ਪਹਿਲੂਆਂ 'ਤੇ ਚਰਚਾ ਕੀਤੀ ਗਈ।ਇਸ ਦੌਰਾਨ ਡਾ. ਰਮਨ ਕੁਮਾਰ ਨੇ ਦਿਖਾਇਆ ਕਿ ਕਿਵੇਂ ਸਿਧਾਂਤਕ ਗਿਆਨ ਨੂੰ ਗੁਣਵੱਤਾ ਵਾਲੇ ਖੋਜ ਪੱਤਰਾਂ ਦੀ ਤਿਆਰੀ ਵਿੱਚ ਲਾਗੂ ਕੀਤਾ ਜਾ ਸਕਦਾ ਹੈ।ਗਰੁੱਪ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਵਰਕਸ਼ਾਪ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਨੇ ਸਿਧਾਂਤਕ ਸਿੱਖਿਆ ਅਤੇ ਵਿਹਾਰਕ ਅਨੁਭਵ ਨੂੰ ਜੋੜ ਕੇ ਵਿਦਿਆਰਥੀਆਂ ਵਿੱਚ ਮਜ਼ਬੂਤ ਖੋਜ ਸਮਰੱਥਾਵਾਂ ਪੈਦਾ ਕਰਨ ਵੱਲ ਮਹੱਤਵਪੂਰਣ ਕਦਮ ਚੁੱਕਿਆ ਹੈ।ਪ੍ਰੋਗਰਾਮ ਦਾ ਸਮਾਪਨ ਡਾ. ਅਨੀਤਾ ਗੋਇਲ ਵੱਲੋਂ ਧੰਨਵਾਦ ਪ੍ਰਗਟਾਵੇ ਨਾਲ ਹੋਇਆ, ਜਿਨ੍ਹਾਂ ਨੇ ਯੂਨੀਵਰਸਿਟੀ ਲੀਡਰਸ਼ਿਪ ਦੇ ਸਮਰਥਨ ਅਤੇ ਉਤਸ਼ਾਹ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਰੋਪੜ 'ਚ ਹੜ੍ਹਾਂ ਦੀ ਸਥਿਤੀ ਕਾਬੂ ਹੇਠ : ਵਰਜੀਤ ਵਾਲੀਆ

**ਰੋਪੜ (ਬਿੰਦਰਾ)** ਰੋਪੜ ਜ਼ਿਲ੍ਹੇ ਵਿੱਚ ਹੜ੍ਹਾਂ ਦੀ ਸਥਿਤੀ ਕਾਬੂ ਹੇਠ ਹੈ।ਲੋਕਾਂ ਨੂੰ ਅਫਵਾਹਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।ਇਹ ਗੱਲ ਡਿਪਟੀ ਕਮਿਸ਼ਨਰ ਰੋਪੜ ਵਰਜੀਤ ਵਾਲੀਆ ਨੇ ਸਤਲੁਜ ਦਰਿਆ ਦੇ ਕੰਢੇ ਪਿੰਡ ਦਾਉਦਪੁਰ ਵਿੱਚ ਜਿਥੇ ਦਰਿਆ ਦੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਇਲਾਕੇ ਭਰ ਤੋਂ ਆਏ ਲੋਕੀਂ ਹਰ ਤਰ੍ਹਾਂ ਦੀ ਮੱਦਦ ਕਰ ਰਹੇ ਹਨ।ਉਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਸ੍ਰੀ ਵਾਲੀਆ ਨੇ ਕਿਹਾ ਕਿ ਅੱਜ ਕੱਲ੍ਹ ਨਾਲੋਂ ਸੁਧਰੀ ਹੈ ਕਿਉਂਕਿ ਬਾਰਸ਼ ਘਟ ਗਈ ਹੈ।ਇਸ ਮੌਕੇ ਐਸ ਪੀ ਗੁਰਨੀਤ ਸਿੰਘ ਖੁਰਾਣਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਰਿਆ ਤੋਂ ਦੂਰ ਰਹਿਣ।ਉਹਨਾਂ ਦੱਸਿਆ ਕਿ ਰੋਪੜ ਹੈੱਡਵਰਕਸ ਤੇ ਪੁਲਸ ਲਗਾਈ ਗਈ ਹੈ ਤਾਂ ਜੋ ਲੋਕੀਂ ਹੈੱਡਵਰਕਸ ਤੇ ਇਕੱਠੇ ਨਾ ਹੋਣ। ਉਹਨਾਂ ਨੇ ਦਰਿਆ ਕੰਢੇ ਖੜ ਕੇ ਰੀਲਾਂ ਆਦਿ ਨਾ ਬਣਾਉਣ।ਉਹਨਾਂ ਆਖਿਆ ਕਿ ਸਰਕਾਰੀ ਆਦੇਸ਼ ਨਾ ਮੰਨਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।ਇਥੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਵੱਡੀ ਗਿਣਤੀ ਵਿਚ ਨੌਜਵਾਨ ਮਿੱਟੀ ਰੇਤਾ ਆਦਿ ਪਾ ਰਹੇ ਹਨ।ਭਾਰਤੀ ਫੌਜ ਦੇ ਜਵਾਨਾਂ ਦੀ ਟੁਕੜੀ ਇਥੇ ਪਹੁੰਚ ਗਈ ਹੈ ਜਿਸ ਨੇ ਇਸ ਕੰਮ ਨੂੰ ਆਪਣੀ ਨਿਗਰਾਨੀ ਹੇਠ ਤੇਜ਼ ਕਰ ਦਿੱਤਾ ਹੈ।ਦਰਿਆ ਵਿੱਚ 65 ਹਜ਼ਾਰ ਕੀਊਸਕ ਪਾਣੀ ਛੱਡਿਆ ਗਿਆ ਹੈ।ਡਿਪਟੀ ਕਮਿਸ਼ਨਰ ਨੇ ਇਕ ਪ੍ਰਸ਼ਨ ਦੇ ਉੱਤਰ ਵਿੱਚ ਦੱਸਿਆ ਕਿ ਜ਼ਿਲ੍ਹੇ ਵਿੱਚ 1 ਐਨ ਡੀ ਆਰ ਐਫ਼ ਅਤੇ 1 ਮਿਲਟਰੀ ਦੀ ਕੰਮ ਕਰ ਰਹੀ ਹੈ।

# ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਵੰਡੀ ਰਾਹਤ ਸਮੱਗਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮੀਂਹ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪਿੰਡ ਛਾਉਣੀ ਕਲਾਂ ਦਾ ਦੌਰਾ ਕੀਤਾ ਅਤੇ ਲੋੜਵੰਦ ਪਰਵਾਰਾਂ ਵਿੱਚ ਰਾਹਤ ਸਮੱਗਰੀ ਵੰਡੀ। ਇਸ ਸਮੇਂ ਦੌਰਾਨ ਉਨ੍ਹਾਂ ਨੇ ਮੁਸ਼ਕਲ ਸਮੇਂ ਵਿੱਚ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਅਤੇ ਤਰਪਾਲ ਵੰਡ ਕੇ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ। ਵਿਧਾਇਕ ਨੇ ਕਿਹਾ ਕਿ ਸੰਕਟ ਦੇ ਸਮੇਂ ਲੋਕਾਂ ਨਾਲ ਖੜ੍ਹੇ ਹੋਣਾ ਸਿਰਫ਼ ਇੱਕ ਜ਼ਿੰਮੇਵਾਰੀ ਹੀ ਨਹੀਂ ਹੈ, ਸਗੋਂ ਸਾਡਾ ਫਰਜ਼ ਅਤੇ ਧਰਮ ਵੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕੋਈ ਵੀ ਲੋੜਵੰਦ ਪਰਵਾਰ ਇਕੱਲਾ ਨਹੀਂ ਛੱਡਿਆ ਜਾਵੇਗਾ ਅਤੇ ਸਰਕਾਰ ਹਰ ਸੰਭਵ ਮਦਦ ਕਰੇਗੀ। ਵਿਧਾਇਕ ਜਿੰਪਾ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ ਅਤੇ ਮੌਕੇ 'ਤੇ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਤੇ ਜਨ ਪ੍ਰਤੀਨਿਧੀ ਮਿਲ ਕੇ ਰਾਹਤ ਅਤੇ ਪੁਨਰਵਾਸ ਕਾਰਜ ਜਲਦੀ ਪੂਰਾ ਕਰਨਗੇ, ਤਾਂ ਜੋ ਪ੍ਰਭਾਵਿਤ ਪਰਵਾਰਾਂ ਨੂੰ ਜਲਦੀ ਹੀ ਆਮ ਜ਼ਿੰਦਗੀ ਵਿੱਚ ਵਾਪਸ ਆਉਣ ਵਿੱਚ ਮਦਦ ਕੀਤੀ ਜਾ ਸਕੇ। ਸਮਾਜ ਸੇਵਕਾਂ ਅਤੇ ਸਥਾਨਕ ਨੌਜਵਾਨਾਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਔਖੇ ਸਮੇਂ ਵਿੱਚ ਸਾਰਿਆਂ ਨੂੰ ਇਕੱਠੇ ਅੱਗੇ ਆਉਣਾ ਚਾਹੀਦਾ ਹੈ। ਵਿਧਾਇਕ ਨੇ ਭਰੋਸਾ ਦਿੱਤਾ ਕਿ ਨਾ ਸਿਰਫ਼ ਮੀਂਹ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਪਰਵਾਰਾਂ ਨੂੰ ਤੁਰੰਤ ਰਾਹਤ ਦਿੱਤੀ ਜਾਵੇਗੀ, ਸਗੋਂ ਸਰਕਾਰ ਉਨ੍ਹਾਂ ਦੇ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ ਲਈ ਵੀ ਗੰਭੀਰ ਯਤਨ ਕਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਿੰਮਤ ਬਣਾਈ ਰੱਖਣ ਅਤੇ ਕਿਸੇ ਵੀ ਸਮੱਸਿਆ ਦੇ ਹੱਲ ਲਈ ਪ੍ਰਸ਼ਾਸਨ ਅਤੇ ਆਪਣੇ ਜਨ ਪ੍ਰਤੀਨਿਧੀਆਂ ਨਾਲ ਸੰਪਰਕ ਕਰਨ। ਇਸ ਮੌਕੇ ਉਨ੍ਹਾਂ ਨਾਲ ਸਮਾਜ ਸੇਵਕ ਆਗਿਆਪਲ ਸਿੰਘ ਸਾਹਨੀ, ਵਰਿੰਦਰ ਵੈਦ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।



# ਕੇਂਦਰ ਸਰਕਾਰ ਪੰਜਾਬ ਦੇ ਸੱਠ ਹਜ਼ਾਰ ਕਰੋੜ ਰੁਪਏ ਦੇ ਰੋਕੇ ਫੰਡ ਜਲਦ ਜਾਰੀ ਕਰੇ : ਜੁਗਨੂੰ

**ਕਪੂਰਥਲਾ (ਮਨਜੀਤ ਮਾਨ)** ਭਾਰਤ ਸਰਕਾਰ ਕੋਲ ਪੰਜਾਬ ਦੇ ਸੱਠ ਹਜ਼ਾਰ ਕਰੋੜ ਰੁਪਏ ਦੇ ਰੁਕੇ ਫੰਡ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਖਲ ਦੇ ਕੇ ਤੁਰੰਤ ਜਾਰੀ ਕਰਵਾਉਣ ਤੇ ਪੰਜਾਬ ਵਿੱਚ ਆਈ ਇਸ ਵੱਡੀ ਆਫਤ ਮੌਕੇ ਪੰਜਾਬ ਦੇ ਹੜ੍ਹ ਪੀੜ੍ਹਤ ਲੋਕਾਂ ਦੀ ਮੱਦਦ ਲਈ ਅੱਗੇ ਆਉਣ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਦੇ ਮੀਡੀਆ ਇੰਚਾਰਜ ਤੇ ਸੀਨੀਅਰ ਆਗੂ ਇੰਦਰਜੀਤ ਸਿੰਘ ਜੁਗਨੂੰ ਨੇ ਸਥਾਨਕ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕੇ ਪੰਜਾਬ ਦੇ ਲਗਭਗ ਅੱਧੇ ਜਿਲ੍ਹਿਆ ਦੇ ਲੋਕ ਹੜ੍ਹਾਂ ਦੀ ਮਾਰ ਨਾਲ ਬੁਰੀ ਤਰ੍ਹਾਂ ਜੂਝ ਰਹੇ ਹਨ ਪਿੰਡਾਂ ਵਿਚ ਲੱਖਾਂ ਏਕੜ ਝੋਨੇ ਦੀ ਫਸਲਾਂ ਤਬਾਹ ਹੋ ਚੁੱਕੀਆਂ ਹਨ ਤੇ ਪਾਲਤੂ ਦੁਧਾਰੂ ਪਸ਼ੂਆਂ ਦਾ ਵੀ ਕਾਫੀ ਨੁਕਸਾਨ ਹੋਇਆ ਹੈ ਆਪ ਨੇਤਾ ਇੰਦਰਜੀਤ ਜੁਗਨੂੰ ਨੇ ਕਿਹਾ ਕੀ ਪੰਜਾਬ ਹੜ੍ਹਾ ਦੇ ਇਸ ਵੱਡੇ ਸਕੰਟ ਕਾਰਨ ਨਾਜ਼ੁਕ ਹਲਾਤਾਂ ਦਾ ਸਾਹਮਣਾ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕੀ ਪੰਜਾਬ ਦੇ ਸੱਠ ਹਜ਼ਾਰ ਕਰੋੜ ਦੇ ਬਕਾਇਆ ਫੰਡ ਜਾਰੀ ਕਰਨ ਜਿਸ ਨਾਲ ਹੜ੍ਹ ਪੀੜ੍ਹਤਾਂ ਦੇ ਹੋਏ ਵੱਡੇ ਨੁਕਸਾਨ ਨੂੰ ਪੂਰਾ ਕਰਨ ਲਈ ਯਤਨ ਕੀਤੇ ਜਾ ਸਕਣ ਉਨ੍ਹਾਂ ਕਿਹਾ ਕੀ ਪੰਜਾਬ ਦੇ ਜਿਨ੍ਹਾਂ ਖੇਤਰਾਂ ਵਿਚ ਇਹ ਹੜ੍ਹ ਆਏ ਹਨ ਉਥੇ ਜਿਥੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਵੱਲੋਂ ਜੰਗੀ ਪੱਧਰ 'ਤੇ ਰਾਹਤ ਤੇ ਬਚਾਅ ਕਾਰਜ ਕੀਤੇ ਜਾ ਰਹੇ ਹਨ। ਉਥੇ ਆਮ ਆਦਮੀ ਪਾਰਟੀ ਦੇ ਐਮ ਐਲ ਏ ਮੰਤਰੀ ਆਗੂ ਤੇ ਵਰਕਰ ਰੋਜ਼ਾਨਾ ਉਥੇ ਜਾ ਰਹੇ ਹਨ ਤੇ ਲੋਕਾਂ ਦਾ ਦੁੱਖ ਵੰਡਾ ਰਹੇ ਹਨ ਤੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਪੀਣ ਵਾਲਾ ਪਾਣੀ ਰਾਸ਼ਨ ਦਵਾਈਆਂ ਤੇ ਪਸ਼ੂਆਂ ਦੇ ਵੀ ਖਾਣ ਪੀਣ ਤੇ ਸ਼ਾਭ ਸਭਾਲ ਜ਼ਰੂਰੀ ਵਸਤਾਂ ਦਵਾਈਆਂ ਚਾਰਾ ਮੁਹੱਈਆ ਕਰਵਾ ਰਹੇ ਹਨ। ਲੋਕਾਂ ਦੀ ਸਿਹਤ ਸੰਭਾਲ ਲਈ 24 ਘੰਟੇ ਐਮਬੂਲੈਂਸ ਡਾਕਟਰਾਂ ਦੀਆਂ ਟੀਮਾਂ ਤੈਨਾਤ ਕਰ ਦਿੱਤੀਆਂ ਗਈਆ ਹਨ। ਇੰਦਰਜੀਤ ਸਿੰਘ ਜੁਗਨੂੰ ਨੇ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਕੇ ਉਹ ਸਰਕਾਰ ਖਿਲਾਫ ਬਿਆਨਬਾਜੀ ਕਰਨ ਦੀ ਬਜਾਏ ਹੜ੍ਹ ਪੀੜ੍ਹਤ ਲੋਕਾਂ ਦੀ ਮੱਦਦ ਕਰਨ ਵਿੱਚ ਸਰਕਾਰ ਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ।



# ਲੋਕਾਂ ਦੇ ਮੁੜ ਵਸੇਬੇ ਲਈ ਵਿਆਪਕ ਯੋਜਨਾਬੰਦੀ ਕਰਨ ਦੇ ਹੁਕਮ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਕਪੂਰਥਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਬਚਾਅ ਅਤੇ ਰਾਹਤ ਕਾਰਜਾਂ ਦੇ ਕੰਮ ਵਿੱਚ ਸਾਥ ਦੇਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਉੱਚ ਤਾਕਤੀ ਕਮੇਟੀ ਜਿਸ ਦੇ ਮੈਂਬਰ ਸੀਨੀਅਰ ਆਈ ਏ ਐਸ ਅਧਿਕਾਰੀ ਕਮਲ ਕਿਸ਼ੋਰ ਯਾਦਵ, ਵਰੁਣ ਰੂਜ਼ਮ ਨੇ ਸੁਲਤਾਨਪੁਰ ਲੋਧੀ ਪਹੁੰਚ ਕੇ ਰਾਹਤ ਕੰਮਾਂ ਵਿੱਚ ਲੱਗੀਆਂ ਟੀਮਾਂ ਨਾਲ ਵਿਸਥਾਰਤ ਮੀਟਿੰਗ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਹਲਕਾ ਇੰਚਾਰਜ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸੱਜਣ ਸਿੰਘ ਚੀਮਾ, ਵਧੀਕ ਡਿਪਟੀ ਕਮਿਸ਼ਨਰ ਨਵਨੀਤ ਕੌਰ ਬੱਲ, ਐਸ ਐਸ ਪੀ ਗੌਰਵ ਤੂਰਾ ਤੇ ਡਰੇਨੇਜ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।ਕਮਲ ਕਿਸ਼ੋਰ ਯਾਦਵ ਨੇ ਅਧਿਕਾਰੀਆਂ ਨੂੰ ਕਿਹਾ ਕਿ ਰਾਹਤ ਕਾਰਜਾਂ ਨੂੰ ਜੰਗੀ ਪੱਧਰ ਉਪਰ ਚਲਾਇਆ ਜਾਵੇ।ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੰਗ ਉਪਰ ਕਪੂਰਥਲਾ ਜ਼ਿਲ੍ਹੇ ਵਿੱਚ ਐਸ ਡੀ ਆਰ ਐਫ ਦੇ ਹੈੱਡ ਕੁਆਰਟਰ ਨੂੰ ਦੋ ਹੋਰ ਕਿਸ਼ਤੀਆਂ ਦੇਣ ਦੇ ਹੁਕਮ ਦਿੱਤੇ।ਉਨ੍ਹਾਂ ਜਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਕੰਮਾਂ ਦੀ ਸਰਾਹਨਾ ਕੀਤੀ।ਸ੍ਰੀ ਯਾਦਵ ਨੇ ਕਿਹਾ ਕਿ ਹੁਣ ਅਸੀਂ ਬਚਾਅ ਕਾਰਜਾਂ ਤੋਂ ਬਾਅਦ ਰਾਹਤ ਦੇ ਨਾਲ ਨਾਲ ਲੋਕਾਂ ਦੇ ਮੁੜ ਵਸੇਬੇ ਲਈ ਕੰਮ ਕਰਨਾ ਹੈ, ਇਸ ਲਈ ਸਾਰੇ ਵਿਭਾਗ ਆਪਣੇ ਆਪਣੇ ਕੰਮ ਜਿਨਾਂ ਵਿੱਚ ਸੜਕਾਂ, ਪੁਲਾਂ ਦੀ ਮੁਰੰਮਤ, ਬਿਜਲੀ ਸਪਲਾਈ ਦੀ ਬਹਾਲੀ, ਪੀਣ ਵਾਲੇ ਪਾਣੀ ਦੀ ਸਪਲਾਈ, ਡਾਕਟਰੀ ਸਹਾਇਤਾ ਆਦਿ ਸ਼ਾਮਲ ਹਨ, ਲਈ ਕੰਮ ਕਰਨਾ ਸ਼ੁਰੂ ਕਰਨ। ਇਸ ਮੌਕੇ ਖੇਤੀਬਾੜੀ ਵਿਭਾਗ ਨੂੰ ਆਉਣ ਵਾਲੇ ਸੀਜਨ ਦੀ ਤਿਆਰੀ ਲਈ ਕੰਮ ਕਰਨ ਅਤੇ ਪਸ਼ੂਆਂ ਦੇ ਚਾਰੇ ਲਈ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ।ਇਸ ਤੋਂ ਇਲਾਵਾ ਖੁਰਾਕ ਸਪਲਾਈ ਵਿਭਾਗ ਇਲਾਕੇ ਵਿੱਚ ਡੀਜ਼ਲ, ਪੈਟਰੋਲ ਅਤੇ ਗੈਸ ਦੀ ਨਿਰੰਤਰ ਸਪਲਾਈ ਯਕੀਨੀ ਬਣਾਉਣ ਤੋਂ ਇਲਾਵਾ ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਣਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਟੀਮਾਂ ਲਗਾਤਾਰ ਯਤਨਸ਼ੀਲ ਹਨ।ਇਸ ਤੋਂ ਇਲਾਵਾ 6 ਟੀਮਾਂ ਵੈਟਰਨਰੀ ਵਿਭਾਗ ਦੀਆਂ ਬਣਾਈਆਂ ਹਨ ਜੋ ਕਿ ਲਗਾਤਾਰ ਕੰਮ ਕਰ ਰਹੀਆਂ ਹਨ।



# ਹੜ੍ਹਾਂ ਨਾਲ ਹੋ ਰਹੇ ਨੁਕਸਾਨ ਕਾਰਨ ਲੋਕਾਂ ਨੂੰ ਮਿਲਣ ਪਹੁੰਚੇ ਵਿਧਾਇਕ ਕੋਟਲੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਹਲਕਾ ਆਦਮਪੁਰ ਨੇ ਦੱਸਿਆ ਕਿ ਲਗਾਤਾਰ ਬਾਰਿਸ਼ ਕਾਰਨ ਪੰਜਾਬ ਵਿੱਚ ਹੜ੍ਹਾਂ ਨਾਲ ਸਥਿਤੀ ਦਿਨੋ-ਦਿਨ ਵਿਗੜ ਰਹੀ ਹੈ ਤੇ ਆਦਮਪੁਰ ਦੇ ਪਿੰਡ ਕੋਹਜਾ, ਦਾਰਾਪੁਰ, ਜੱਫਲ ਝਿੰਗੜ, ਨੰਗਲ ਫੀਦਾ, ਦਰਾਵਾਂ ਵਿਖੇ ਪਹੁੰਚ ਕੇ ਹੋ ਰਹੇ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤੇ ਲੋਕਾਂ ਨੂੰ ਮਿਲ ਕੇ ਮੁਸ਼ਕਲ ਘੜੀ ਵਿੱਚ ਹਰ ਪੱਖੋਂ ਮੱਦਦ ਦਾ ਭਰੋਸਾ ਦਿੱਤਾ ਜਾ ਰਿਹਾ ਹੈ। ਵਿਧਾਇਕ ਕੋਟਲੀ ਨੇ ਆਖਿਆ ਕਿ ਇਸ ਸੰਬੰਧੀ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਫ਼ਵਾਹਾਂ ਤੋਂ ਸੁਚੇਤ ਰਹਿਣ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਜਾਣਕਾਰੀਆਂ ਨੂੰ ਧਿਆਨ ਵਿੱਚ ਰੱਖਣ ਤੇ ਕਿਸੇ ਵੇਲੇ ਵੀ ਲੋੜ ਅਨੁਸਾਰ ਜਾਣਕਾਰੀ ਦੇਣ ਤਾਂ ਜੋ ਸੰਭਵ ਸਹਾਇਤਾ ਕੀਤੀ ਜਾ ਸਕੇ।ਇਸ ਮੌਕੇ ਉਨ੍ਹਾਂ ਨਾਲ ਵੱਖ-ਵੱਖ ਪਿੰਡਾਂ ਦੇ ਲੋਕ ਨਾਲ ਸਨ।

# ਡੀ ਸੀ ਨੇ ਹੜ੍ਹ ਪੀੜਤ ਪਰਵਾਰਾਂ ਨੂੰ ਤਰਪਾਲਾਂ ਤੇ ਹੋਰ ਲੋੜੀਂਦਾ ਸਾਮਾਨ ਮੁਹੱਈਆ ਕਰਵਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਲਗਾਤਾਰ ਪੈ ਰਹੇ ਤੇਜ਼ ਮੀਂਹ ਨੇ ਹਰ ਪਾਸੇ ਤਬਾਹੀ ਮਚਾਈ ਹੋਈ ਹੈ ਜਿਸ ਕਾਰਨ ਆਮ ਲੋਕ ਬੇਹੱਦ ਪ੍ਰੇਸ਼ਾਨ ਹਨ।ਤੇਜ਼ ਮੀਂਹ ਦੇ ਕਾਰਨ ਸਥਾਨਕ ਕਸਬੇ ਤੋਂ ਸੁਲਤਾਨਪੁਰ ਲੋਧੀ ਜਾਂਦੀ ਮੁੱਖ ਸੜਕ ਪਿੰਡ ਸੰਧੂ ਚੱਠਾ ਦੇ ਨੇੜਿਓਂ ਪੂਰੀ ਤਰ੍ਹਾਂ ਟੁੱਟ ਗਈ।ਜਿਸ ਕਾਰਨ ਇੱਥੋਂ ਆਵਾਜਾਈ ਵੀ ਬੰਦ ਹੋ ਗਈ।ਇਸ ਸੜਕ ਦੇ ਟੁੱਟਣ ਕਾਰਨ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ, ਐਸ ਡੀ ਐਮ ਇਰਵਿਨ ਕੌਰ ਅਤੇ ਆਪ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਨੇ ਮੌਕੇ ਦਾ ਜਾਇਜ਼ਾ ਲਿਆ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਕਿਹਾ ਕਿ ਇਹ ਕੁਦਰਤ ਦੀ ਕ੍ਰੋਪੀ ਦਾ ਸਭ ਨੂੰ ਰਲ ਮਿਲ ਕੇ ਸਾਹਮਣਾ ਕਰਨਾ ਪਵੇਗਾ ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਆਮ ਲੋਕਾਂ ਨਾਲ਼ ਹਰ ਵੇਲੇ ਖੜ੍ਹੇ ਹਨ। ਉਹਨਾਂ ਲੋਕਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੰਦਿਆਂ ਕਿਹਾ ਕਿ ਜਿਵੇਂ ਹੀ ਮੀਂਹ ਪਾਣੀ ਦਾ ਵਹਾਅ ਰੁਕਦਾ ਹੈ ਇਹ ਸੜਕ ਪਹਿਲ ਦੇ ਆਧਾਰ ਤੇ ਬਣਾਈ ਜਾਵੇਗੀ। ਉਹਨਾਂ ਲੋੜਵੰਦ ਲੋਕਾਂ ਨੂੰ 16 ਤਰਪਾਲਾਂ ਮੌਕੇ ਤੇ ਵੰਡੀਆਂ।ਇਸ ਮੌਕੇ ਐਸ ਡੀ ਐਮ ਇਰਵਿਨ ਕੌਰ, ਕਰਮਵੀਰ ਸਿੰਘ ਚੰਦੀ ਹਲਕਾ ਇੰਚਾਰਜ ਆਪ, ਸੀਨੀਅਰ ਆਗੂ ਨਰਿੰਦਰ ਸਿੰਘ ਸੰਘਾ, ਡਾ. ਸੁਰਜੀਤ ਸਿੰਘ ਖੁਸਰੋਪੁਰ, ਪਰਮਜੀਤ ਸਿੰਘ ਖਾਲਸਾ, ਪਿੰਡ ਸੰਧੂ ਚੱਠਾ ਦੇ ਸਰਪੰਚ ਡਾ. ਸਤਪਾਲ ਮੰਗੀ, ਲਹਿੰਬਰ ਸਿੰਘ ਢਿੱਲੋਂ, ਸਰਬਜੀਤ ਸਿੰਘ ਸੰਧੂ, ਰਾਜੀਵ ਕੁਮਾਰ ਸਮੇਤ ਵੱਡੀ ਗਿਣਤੀ ਇਲਾਕੇ ਦੇ ਲੋਕ ਹਾਜ਼ਰ ਸਨ।



# ਸਤਿਗੁਰੂ ਰਵਿਦਾਸ ਮਹਾਰਾਜ ਨੂੰ ਸਮਰਪਿਤ 24ਵੇਂ ਮਹਾਨ ਕੀਰਤਨ ਦਰਬਾਰ ਦਾ ਪੋਸਟਰ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਵੱਲੋਂ 19 ਅਕਤੂਬਰ ਨੂੰ ਪਿੰਡ ਸੈਂਚਾਂ ਹੁਸ਼ਿਆਰਪੁਰ ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ 24ਵੇਂ ਮਹਾਨ ਕੀਰਤਨ ਦਰਬਾਰ ਦੀਆਂ ਤਿਆਰੀਆਂ ਨੂੰ ਲੈ ਕੇ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਪੰਜਾਬ ਇਨਕਲੇਵ ਦਫਤਰ ਹੁਸ਼ਿਆਰਪੁਰ ਵਿਖੇ ਕੀਤੀ ਗਈ। ਇਸ ਮੌਕੇ ਹਾਜ਼ਰ ਹੋਏ ਵੱਖ ਵੱਖ ਅਹੁਦੇਦਾਰਾਂ ਜਿਹਨਾਂ ਵਿੱਚ ਪ੍ਰਧਾਨ ਜਗਦੀਸ਼ ਲਾਲ ਬੱਧਣ, ਸਰਬਜੀਤ ਸਿੰਘ ਵਿਰਦੀ, ਐਡਵੋਕੇਟ ਕਮਲਜੀਤ ਸਿੰਘ ਸਰੋਆ, ਅਵਤਾਰ ਚੰਦ ਹੀਰ, ਡਾਕਟਰ ਮਨੋਹਰ ਲਾਲ, ਓਮ ਲਾਲ ਸੰਧੂ, ਬਲਵਿੰਦਰ ਕਾਜਲਾ, ਕੈਪਟਨ ਗਿਆਨ ਚੰਦ, ਕੈਪਟਨ ਨਿਰਭੈਰ ਸਿੰਘ, ਇੰਜੀਨੀਅਰ ਜਗਦੀਪ ਸਿੰਘ ਕੰਗ, ਬਲਵਿੰਦਰ ਸਿੰਘ ਟੂਰਾ, ਪ੍ਰੇਮ ਸਿੰਘ ਖਾਨਪੁਰ ਥਿਆੜਾ, ਸ਼ਸ਼ੀ ਕੁਮਾਰ, ਸਤਨਾਮ ਸਿੰਘ ਅਤੇ ਹੋਰਨਾਂ ਅਹੁਦੇਦਾਰਾਂ ਨੇ ਕੀਰਤਨ ਦਰਬਾਰ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਸਬੰਧੀ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਬੁਲਾਰਿਆਂ ਨੇ ਇਸ ਗੱਲ ਤੇ ਸਹਿਮਤੀ ਪ੍ਰਗਟ ਕੀਤੀ ਕਿ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਧ ਤੋਂ ਵੱਧ ਸੰਗਤ ਤੱਕ ਇਸ ਸਮਾਗਮ ਦਾ ਸੱਦਾ ਪਹੁੰਚਣਾ ਚਾਹੀਦਾ ਹੈ। ਇਹ ਇਸ ਮੌਕੇ ਕੀਰਤਨ ਦਰਬਾਰ ਦਾ ਪੋਸਟਰ ਸਭਾ ਦੇ ਅਹੁਦੇਦਾਰਾਂ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਦੇ ਨਾਲ ਹੀ ਵੱਖ-ਵੱਖ ਡਿਊਟੀਆਂ ਸਬੰਧੀ ਹਾਜ਼ਰ ਅਹੁਦੇਦਾਰਾਂ ਨੂੰ ਜਿੰਮੇਵਾਰੀਆਂ ਸੌਂਪੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੇ ਕੁਮਾਰ, ਗੁਰਦੀਪ ਕੁਮਾਰ, ਜਤਿੰਦਰ ਕੁਮਾਰ, ਵਿਜੇ ਕੁਮਾਰ, ਅਜੇ ਵਿਰਦੀ ਪ੍ਰੇਮਗੜ੍ਹ, ਅਮਰੀਕ ਸਿੰਘ, ਲਖਵੀਰ ਸਿੰਘ, ਗਗਨ ਵਿਰਦੀ, ਚੰਦਰ ਬਸਰਾ, ਓਮ ਪ੍ਰਕਾਸ਼, ਲੱਕੀ ਬੈਂਸ, ਕਰਨਦੀਪ ਸਿੰਘ, ਹਰਜੀਤ ਸਿੰਘ, ਪਰਮਜੀਤ ਸਿੰਘ, ਹਰਨਾਮ ਸਿੰਘ, ਮਨਜਿੰਦਰ ਬਸਰਾ, ਰਜਿੰਦਰ ਸਿੰਘ ਬੱਧਣ ਅਤੇ ਹੋਰ ਵੀ ਅਹੁਦੇਦਾਰ ਸ਼ਾਮਿਲ ਸਨ।



# ਬਾਬਾ ਵੱਡਭਾਗ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ



**ਬੰਗਾ (ਅਵਤਾਰ ਕਲੇਰ)** ਦੇਹਰਾ ਬਾਬਾ ਵੱਡਭਾਗ ਸਿੰਘ ਮੈਨੇਜਮੈਂਟ ਕਮੇਟੀ ਲਾਲਪੁਰ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਵੱਡਭਾਗ ਸਿੰਘ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਸਾਈਂ ਪੱਪਲ ਸ਼ਾਹ ਭਰੋਮਜਾਰਾ, ਬਾਬਾ ਸਤਨਾਮ ਸਿੰਘ ਹੁਸੈਨਪੁਰ ਅਤੇ ਰਾਗੀ - ਢਾਡੀਆਂ ਵਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਸਿਵਲ ਹਸਪਤਾਲ ਬੰਗਾ, ਬਲੱਡ ਸੈਂਟਰ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਜਿਸ ਵਿੱਚ ਖ਼ੂਨਦਾਨੀਆਂ ਵਲੋਂ 25 ਯੂਨਿਟ ਖ਼ੂਨ ਦਾਨ ਕੀਤਾ ਗਿਆ। ਮੁੱਖ ਸੇਵਾਦਾਰ ਬਾਬਾ ਜਸਵੰਤ ਸਿੰਘ ਵਲੋਂ ਪਹੁੰਚੇ ਸੰਤ ਮਹਾਂਪੁਰਸ਼ਾਂ, ਕਲਾਕਾਰਾਂ, ਰਾਗੀ- ਢਾਡੀਆਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਜਸਵੰਤ ਸਿੰਘ, ਰਾਮ ਸਿੰਘ, ਬਖਸ਼ੀਸ਼ ਸਿੰਘ, ਭੁਪਿੰਦਰ ਸਿੰਘ, ਹਨੀ ਸਿੰਘ, ਨਿਰਮਲ ਸਿੰਘ, ਬਲਦੇਵ ਸਿੰਘ, ਸੰਤੋਖ ਸਿੰਘ, ਪਰਮਜੀਤ ਢੰਢੂਹਾ ਆਦਿ ਹਾਜ਼ਰ ਸਨ।

# ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਐੱਸ ਡੀ ਐੱਮ ਨੇ ਵੱਖ-ਵੱਖ ਐੱਨ ਜੀ ਓ ਨਾਲ ਕੀਤੀ ਮੀਟਿੰਗ

**ਮਾਹਿਲਪੁਰ (ਸ.ਫਰੀ)**- ਬੀਤੇ ਕਈ ਦਿਨਾਂ ਤੋਂ ਲਗਾਤਾਰ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜਿਸ ਕਾਰਨ ਲੋਕਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਵੀ ਹੋਇਆ ਹੈ।ਜਿਥੇ ਹੜ੍ਹਾਂ ਦੇ ਪਾਣੀ ਵਿੱਚ ਫਸੇ ਲੋਕਾਂ ਤੱਕ ਰਾਹਤ ਸਮਗਰੀ ਪਹੁੰਚਣ ਲਈ ਪੰਜਾਬ ਦੇ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ।ਉਥੇ ਹੀ ਇਲਾਕੇ ਦੀਆਂ ਸਮੂਹ ਐਨ ਜੀ ਓ ਨਾਲ ਐਸ ਡੀ ਐਮ ਦਫ਼ਤਰ ਗੜ੍ਹਸ਼ੰਕਰ ਵਿਖੇ ਉਪ ਮੰਡਲ ਮੈਜਿਸਟ੍ਰੇਟ ਸੰਜੀਵ ਕੁਮਾਰ ਵੱਲੋਂ ਮੀਟਿੰਗ ਕਰਕੇ ਹਲਕੇ ਵਿੱਚ ਹੜ੍ਹਾਂ ਦੀ ਸਥਿਤੀ ਬਾਰੇ ਗੱਲਬਾਤ ਕੀਤੀ। ਇਸ ਮੌਕੇ ਸਮੂਹ ਐਨ ਜੀ ਓ ਸੰਸਥਾਵਾਂ ਨੇ ਹੜ੍ਹਾਂ ਨੂੰ ਲੈ ਕੇ ਕੀਤੇ ਜਾ ਰਹੇ ਕੰਮਾਂ ਬਾਰੇ ਐਸ ਡੀ ਐਮ ਸੰਜੀਵ ਕੁਮਾਰ ਨੂੰ ਜਾਣਕਾਰੀ ਦਿੱਤੀ ਅਤੇ ਹੜ੍ਹਾਂ ਤੋਂ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।ਇਸ ਮੌਕੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ ਅਤੇ ਚੇਅਰਪਰਸਨ ਬੀਬੀ ਸੁਭਾਸ਼ ਮੱਟੂ ਤੋ ਇਲਾਵਾ ਜੀਵਨ ਜਾਗ੍ਰਿਤੀ ਮੰਚ ਤੋਂ ਡਾ. ਬਿੱਕਰ ਸਿੰਘ, ਯੂਨੀਵਰਸਲ ਚੈਰੀਟੇਬਲ ਟਰੱਸਟ ਵੱਲੋਂ ਡਾ. ਤਰਸੇਮ ਸਿੰਘ, ਰਾਜੂ ਬ੍ਰਦਰਜ਼ ਵੈਲਫੇਅਰ ਸੋਸਾਇਟੀ ਵੱਲੋਂ ਡਾ. ਲਖਵਿੰਦਰ ਕੁਮਾਰ, ਅਦਰਸ਼ ਸ਼ੋਸ਼ਲ ਵੈਲਫੇਅਰ ਸੋਸਾਇਟੀ ਤੋਂ ਪ੍ਰਿੰਸੀਪਲ ਜਗਦੀਸ਼ ਰਾਏ ਅਤੇ ਰੋਟਰੀ ਕਲੱਬ ਵੱਲੋਂ ਐਡਵੋਕੇਟ ਸੰਜੀਵ ਡੋਡ ਆਦਿ ਹਾਜ਼ਰ ਸਨ।



# ਰੂਪੋਵਾਲ ਦਾ 165ਵਾਂ ਛਿੰਝ ਮੇਲਾ 18, 19 ਨੂੰ

**ਗੁਰਾਇਆ (ਬਿੰਦਰ ਸੁੰਮਨ)**: ਡੇਰਾ ਦੁੱਧਾਧਾਰੀ ਬਾਬਾ ਬਸਾਉ ਪ੍ਰਬੰਧਕ ਕਮੇਟੀ ਪਿੰਡ ਰੂਪੋਵਾਲ ਵੱਲੋਂ ਗਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਡੇਰਾ ਦੁੱਧਾਧਾਰੀ ਬਾਬਾ ਬਸਾਉ ਜੀ ਨੂੰ ਸਮਰਪਿਤ 165ਵਾਂ ਛਿੰਝ ਮੇਲਾ 18, 19 ਸਤੰਬਰ ਨੂੰ ਸਰਪੰਚ ਪਰਮਜੀਤ ਕੌਰ ਅਤੇ ਕਮੇਟੀ ਪ੍ਰਧਾਨ ਗੁਰਦੀਪ ਸਿੰਘ ਢੇਸੀ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਛਿੰਝ ਮੇਲਾ ਨੂੰ ਸਫਲ ਬਣਾਉਣ ਲਈ ਅਹਿਮ ਮੀਟਿੰਗ ਕਮੇਟੀ ਪ੍ਰਧਾਨ ਗੁਰਦੀਪ ਸਿੰਘ ਦੀ ਅਗਵਾਈ ਹੇਠ ਡੇਰੇ ਵਿਖੇ ਹੋਈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆ ਪ੍ਰਬੰਧਕਾਂ ਨੇ ਦੱਸਿਆ ਕਿ 18 ਸਤੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗਾ ਦੀ ਲੜੀ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਨਾਮਵਾਰ ਪੰਥਕ ਢਾਡੀ ਜਥਾ ਜਥੇਦਾਰ ਮੇਜਰ ਸਿੰਘ ਕੇਸਰਪੁਰ ਵਾਲੇ ਢਾਡੀ ਵਾਰਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਖੁੱਲੇ ਪੰਡਾਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿੱਚ ਗੁਰਵੀਰ ਸੰਧੂ ਅਤੇ ਅਮਨ ਵਿਰਕ ਹਾਜ਼ਰੀ ਭਰਨਗੇ ਉਪਰੰਤ ਛਿੰਝ ਮੇਲੇ ਦਾ ਪਿੜ ਹੋਵੇਗਾ ਅਤੇ ਰਾਤ ਸਮੇਂ ਸੁੱਖਾ ਰਾਮ ਸਰੋਏ ਦੀ ਪਾਰਟੀ ਵਲੋਂ ਡਰਾਮਾ ਪੇਸ਼ ਕੀਤਾ ਜਾਵੇਗਾ। 19 ਸਤੰਬਰ ਨੂੰ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਗੁਲਾਬ ਸਿੱਧੂ ਆਪਣੇ ਗੀਤਾਂ ਨਾਲ ਦਰਬਾਰ ਤੇ ਹਾਜ਼ਰੀ ਭਰਨਗੇ। ਛਿੰਝ ਮੇਲੇ ਦੌਰਾਨ ਪੰਜਾਬ ਦੇ 500 ਤੋ ਵੱਧ ਨਾਮਵਾਰ ਪਹਿਲਵਾਨ ਆਪਣੇ ਜੌਹਰ ਦਿਖਾਉਣਗੇ। ਪਟਕੇ ਦੀ ਪਹਿਲੀ ਕੁਸ਼ਤੀ ਦਾ ਇਨਾਮ ਥਾਰ ਗੱਡੀ ਦਿੱਤੀ ਜਾਵੇਗੀ। ਥਾਰ ਗੱਡੀ ਤੋ ਇਲਾਵਾ 4 ਬੁਲਟ ਮੋਟਰਸਾਈਕਲ, ਦੋ ਹੀਰੋ ਹਾਡਾਂ, 1 ਪਲੈਟੀਨਾ ਮੋਟਰਸਾਇਲ, ਲੱਖ ਰੁਪਏ ਦੀ ਝੰਟੀ, ਸੋਨੇ ਦੇ ਕੜਿਆਂ, ਮੁੰਦੀਆਂ, ਘੜੀਆਂ ਤੋ ਇਲਾਵਾ ਹੋਰ ਦਿਲ ਖਿਚਵੇ ਇਨਾਮ ਦੇ ਕੇ ਪਹਿਲਵਾਨਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਪਰਮਜੀਤ ਕੌਰ, ਕਮੇਟੀ ਪ੍ਰਧਾਨ ਗੁਰਦੀਪ ਸਿੰਘ, ਵਾਇਸ ਪ੍ਰਧਾਨ ਪਰਮਿੰਦਰ ਰਾਮ, ਕੈਸ਼ੀਅਰ ਤਲਜੀਤ ਸਿੰਘ ਢੇਸੀ, ਮਨਵੀਰ ਸਿੰਘ ਭੋਗਲ, ਸੋਮ ਪਾਲ, ਕੁਲਵਿੰਦਰ ਸਿੰਘ ਗਰੇਵਾਲ, ਭਾਗ ਰਾਮ, ਜਨਰਲ ਸੈਕਟਰੀ ਸੰਦੀਪ ਵਿਰਦੀ ਪੰਚ, ਬਲਵਿੰਦਰ ਸਿੰਘ ਪੰਚ, ਸਟੇਜ਼ ਸੈਕਟਰੀ ਜਗਦੀਸ਼ ਮਹਿੰਮੀ ਪੰਚ, ਜਸਵਿੰਦਰ ਢੇਸੀ, ਲੇਖ ਰਾਜ ਕਟਾਰੀਆ, ਪੰਚ ਨਰਿੰਦਰ ਕੌਰ, ਪੰਚ ਨਛੱਤਰ ਕੌਰ, ਡਾ: ਸੁਖਦੇਵ ਕੁਮਾਰ, ਹਰਮੇਲ ਸਿੰਘ ਢੇਸੀ, ਕੁਲਵਿੰਦਰ ਸਿੰਘ ਸਰਾਣਾ, ਸੁਰਿੰਦਰ ਸਿੰਘ, ਹਰਵਿੰਦਰ ਸਿੰਘ ਸਰਾਨਾ, ਜਸਪਾਲ ਮਹਿਮੀ, ਦਰਸ਼ਨ ਸਿੰਘ, ਤਾਰਾ ਸਿੰਘ ਡੇਵਿਡ, ਅਮਰਜੀਤ ਗਰੇਵਾਲ, ਜਸਵੀਰ ਸਿੰਘ ਗਰੇਵਾਲ, ਸੁਰਿੰਦਰ ਸਿੰਘ ਸਾਬਕਾ ਸਰਪੰਚ, ਬਲਿਹਾਰ ਰਾਮ, ਹਰਜੀਤ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



# ਬਾਬਾ ਸ੍ਰੀ ਚੰਦ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਮਤਿ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਚਿੱਤੋਂ ਵਿਖੇ ਅਸਥਾਨ ਬਾਬਾ ਸ਼੍ਰੀ ਚੰਦ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸ਼੍ਰੀ ਚੰਦ ਜੀ ਦੇ 531ਵੇਂ ਪ੍ਰਕਾਸ਼ ਦਿਹਾੜੇ ਮੌਕੇ ਅਤੇ ਸਮੂਹ ਸੰਤ ਮਹਾਂਪੁਰਸ਼ਾਂ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਚਿੱਤੋਂ ਦੀ ਅਗਵਾਈ ਸ਼ਰਧਾ ਭਾਵਨਾ ਨਾਲ ਕਰਵਾਏ ਗਏ।ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਚਿੱਤੋਂ, ਜਥੇਦਾਰ ਬਾਬਾ ਤਰਲੋਕ ਸਿੰਘ ਨਸੀਰਾਬਾਦ (ਅਮਰੀਕਾ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਾਬਾ ਸ਼੍ਰੀ ਚੰਦ ਦੇ 531ਵੇਂ ਪ੍ਰਕਾਸ਼ ਦਿਹਾੜੇ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕਾਂ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਚਿੱਤੋ ਵੱਲੋਂ ਆਏ ਹੋਏ ਸੰਤ ਮਹਾਂਪੁਰਸ਼, ਰਾਗੀ ਜਥੇ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਗਿਆ।ਇਸ ਮੌਕੇ ਸਮਾਗਮ ਦੌਰਾਨ ਬਾਬਾ ਜਸਵਿੰਦਰ ਪਾਲ ਸਿੰਘ ਠੱਕਰਵਾਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ।ਸੰਤ ਬਾਬਾ ਸੁੱਚਾ ਸਿੰਘ ਚਿੱਤੋਂ, ਬੀਬੀ ਸੈਕਰ ਕੌਰ, ਕੁਲਦੀਪ ਸਿੰਘ, ਦਿਲਬਾਗ ਸਿੰਘ, ਭਗਤ ਸਿੰਘ, ਨਵਦੀਪ ਸਿੰਘ, ਹਰਪ੍ਰੀਤ ਕੌਰ, ਗੁਰਮੀਤ ਕੌਰ, ਬਲਵੀਰ ਕੌਰ, ਅਵਤਾਰ ਕੌਰ, ਅਮਨਦੀਪ ਸਿੰਘ, ਨਿਰਮਲ ਸਿੰਘ ਬੱਬੀ, ਸੁਰਜੀਤ ਸਿੰਘ, ਇੰਦਰਜੀਤ ਸਿੰਘ, ਰਵਿੰਦਰ ਸਿੰਘ, ਕਮਲਜੀਤ ਸਿੰਘ, ਜਸਵੀਰ ਪੰਜੌੜਾ,ਰਣਧੀਰ ਸਿੰਘ ਜੱਲੋਵਾਲ, ਤਰਲੋਚਨ ਸਿੰਘ ਰਾਜੂ ਜੱਲੋਵਾਲ, ਨਵੀਨ, ਪ੍ਰਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਸਥਾਨਕ ਸਰਕਾਰਾਂ ਮੰਤਰੀ ਨੇ ਪਿੰਡਾਂ ਦਾ ਦੌਰਾ ਕਰਕੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ ਬਰਸਾਤ ਦੇ ਮੌਸਮ ਦੌਰਾਨ ਪਿੰਡ ਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਪਿੰਡ ਬਹੇੜਾ, ਪਿੰਡ ਕੂਕਾਨੇਟ ਅਤੇ ਪਿੰਡ ਪੰਡੋਰੀ ਖਜੂਰ ਦਾ ਦੌਰਾ ਕੀਤਾ ਅਤੇ ਸਥਾਨਕ ਨਿਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਰਾਹਤ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਰਸਾਤ ਦੇ ਮੌਸਮ ਦੌਰਾਨ ਕਿਤੇ ਵੀ ਪਾਣੀ ਜਮ੍ਹਾ ਹੋਣ, ਨਾਲੀਆਂ ਦੀ ਸਫਾਈ, ਸੜਕਾਂ ਟੁੱਟਣ ਜਾਂ ਹੋਰ ਸਮੱਸਿਆਵਾਂ ਨੂੰ ਤੁਰੰਤ ਦੂਰ ਕੀਤਾ ਜਾਵੇ। ਪਿੰਡ ਬਹੇੜਾ ਅਤੇ ਕੂਕਾਨੇਟ ਵਿੱਚ ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਦੇ ਸਾਹਮਣੇ ਸੜਕਾਂ ਅਤੇ ਨਾਲੀਆਂ ਨਾਲ ਸਬੰਧਤ ਸਮੱਸਿਆਵਾਂ ਉਠਾਈਆਂ, ਜਿਸ 'ਤੇ ਉਨ੍ਹਾਂ ਨੇ ਤੁਰੰਤ ਸਬੰਧਤ ਵਿਭਾਗਾਂ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਨਾਲੀਆਂ ਦੀ ਸਫਾਈ ਤੇ ਡਰੇਨੇਜ ਸਿਸਟਮ ਨੂੰ ਮਜ਼ਬੂਤ ਕਰਨਾ ਇਕ ਤਰਜ਼ੀਹ ਹੈ ਤਾਂ ਜੋ ਲੋਕਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਪਿੰਡ ਪੰਡੋਰੀ ਖਜੂਰ ਦੇ ਆਪਣੇ ਦੌਰੇ ਦੌਰਾਨ ਕੈਬਨਿਟ ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਮੀਂਹ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਜਲਦੀ ਹੀ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣਗੇ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ ਅਤੇ ਸਾਰੇ ਵਿਭਾਗ ਤਾਲਮੇਲ ਕਰਕੇ ਉਨ੍ਹਾਂ ਦਾ ਜਲਦੀ ਹੱਲ ਕਰਨਗੇ।

# ਓਢਰਾ ਤੇ ਸੱਗਲਾਂ ਦੇ ਨਿਵਾਸੀਆਂ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੀਆਂ 4 ਟਰਾਲੀਆਂ ਨੂੰ ਕੀਤਾ ਰਵਾਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਤਹਿਸੀਲ ਦਸੂਹਾ ਦੇ ਪਿੰਡ ਓਢਰਾ ਅਤੇ ਸੱਗਲਾਂ ਦੇ ਨਿਵਾਸੀਆਂ ਨੇ ਆਪਦਾ ਦੀ ਇਸ ਘੜੀ ਸਮੇਂ ਪੰਜਾਬ ਦੇ ਹੜ੍ਹ ਪੀੜਤ ਪਰਵਾਰਾਂ ਲਈ ਰਾਹਤ ਸਮੱਗਰੀ ਦੀਆਂ ਚਾਰ ਟਰਾਲੀਆਂ ਨੂੰ ਪਿੰਡ ਵਾਸੀ ਜਸਦੀਪ ਸਿੰਘ ਪੰਨੂ, ਸੁਖਵਿੰਦਰ ਸਿੰਘ ਅਟਵਾਲ, ਮਨਦੀਪ ਸਿੰਘ ਕੁਲਾਰ ਅਤੇ ਗੁਰਵਿੰਦਰ ਸਿੰਘ ਗਿੰਦਾ ਦੀ ਅਗਵਾਈ ਹੇਠ ਪਿੰਡ ਓਢਰਾ ਤੋਂ ਰਵਾਨਾ ਕੀਤਾ। ਦੋਹਾਂ ਪਿੰਡਾਂ ਦੇ ਨਿਵਾਸੀਆਂ ਵਲੋਂ ਸਾਂਝੇ ਤੌਰ 'ਤੇ 500 ਦੇ ਕਰੀਬ ਰਾਸ਼ਨ ਦੀਆਂ ਕਿੱਟਾਂ ਤਿਆਰ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਆਟਾ, ਚਾਵਲ, ਚੀਨੀ, ਦਾਲਾਂ, ਸਰ੍ਹੋਂ ਦਾ ਤੇਲ, ਨਮਕ, ਮਿਰਚ-ਮਸਾਲਾ, ਹਲਦੀ, ਚਾਹ-ਪੱਤੀ, ਆਲੂ, ਪਿਆਜ਼, ਸੁੱਕਾ ਦੁੱਧ, ਨਿਊਟਰੀ, ਰਸ ਅਤੇ ਬਿਸਕੁਟਾਂ ਦੇ ਪੈਕਟ, ਬੱਚਿਆਂ ਲਈ ਟਾਫੀਆਂ ਦੇ ਨਾਲ਼ ਨਾਲ਼ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਜਿਵੇਂ ਸਾਬਣ, ਸੈਂਪੂ ਅਤੇ ਮੱਛਰ ਮਾਰ ਅਗਰਬੱਤੀਆਂ ਸਨ ਆਪਣੇ ਘਰਾਂ ਵਿੱਚ ਤਿਆਰ ਕੀਤੀਆਂ ਅਤੇ ਇੱਕ ਟੈਂਪੂ ਪੀਣ ਵਾਲ਼ਾ ਬੋਤਲਬੰਦ ਪਾਣੀ, ਪਸ਼ੂਆਂ ਲਈ ਚਾਰੇ ਦੇ ਪੈਕਡ ਆਚਾਰ ਦੀ ਇੱਕ ਟਰਾਲੀ ਸਮੇਤ ਇਹ ਸਾਰੀ ਰਾਹਤ ਸਮੱਗਰੀ ਦੀਆਂ ਚਾਰ ਟਰਾਲੀਆਂ ਅੱਜ ਸਵੇਰੇ ਗੁਰਦਾਸਪੁਰ ਜ਼ਿਲ੍ਹੇ ਦੇ ਹੜ੍ਹ ਪੀੜਤ ਇਲਾਕਿਆਂ ਲਈ ਰਵਾਨਾ ਕੀਤੀਆਂ।ਰਾਹਤ ਸਮੱਗਰੀ ਦੀਆਂ ਟਰਾਲੀਆਂ ਰਵਾਨਾ ਕਰਨ ਸਮੇਂ ਪਿੰਡ ਵਾਸੀਆਂ ਨੇ ਪੰਜਾਬ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਅਤੇ ਪ੍ਰਸ਼ਾਦ ਵਰਤਾਇਆ।ਇਸ ਸਮੇਂ ਪਿੰਡ ਦੇ ਸਮਾਜ ਸੇਵੀ ਵਿਅਕਤੀਆਂ ਬਗੀਚਾ ਸਿੰਘ ਪੰਨੂ, ਚਰਨਜੀਤ ਸਿੰਘ, ਸਤਵਿੰਦਰ ਸਿੰਘ, ਅਧਿਆਪਕ ਆਗੂ ਇੰਦਰ ਸੁਖਦੀਪ ਸਿੰਘ ਓਢਰਾ, ਮੈਂਬਰ ਪੰਚਾਇਤ ਜਸਵਿੰਦਰ ਸਿੰਘ, ਸੁਖਜੀਤ ਸਿੰਘ, ਕੁਲਵਿੰਦਰ ਸਿੰਘ ਸੋਢੀ, ਬੀਬੀ ਜਸਵੰਤ ਕੌਰ, ਸਾਬਕਾ ਸੈਂਟਰ ਹੈੱਡ ਟੀਚਰ ਕਰਮਜੀਤ ਕੌਰ, ਸ਼ਰਨਜੀਤ ਕੌਰ, ਮਨਪ੍ਰੀਤ ਕੌਰ, ਕੁਲਵਿੰਦਰ ਕੌਰ, ਸੁਰਜੀਤ ਕੌਰ, ਸ਼ੀਲਾ ਦੇਵੀ ਅਤੇ ਸਪਨਦੀਪ ਕੌਰ ਨੇ ਇਹ ਰਾਹਤ ਸਮੱਗਰੀ ਵੰਡਣ ਅਤੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਜਾਣ ਵਾਲ਼ੇ ਦੋਹਾਂ ਪਿੰਡਾਂ ਦੇ ਨੌਜਵਾਨ ਸੇਵਾਦਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਰਾਹਤ ਸਮੱਗਰੀ ਲੈ ਕੇ ਜਾਣ ਵਾਲ਼ੇ ਦੋਹਾਂ ਪਿੰਡਾਂ ਦੇ 20 ਦੇ ਕਰੀਬ ਨੌਜਵਾਨ ਸੇਵਾਦਾਰ ਦੋ ਦਿਨ ਪੰਜਾਬ ਦੇ ਹੜ੍ਹ ਪੀੜਤ ਜ਼ਰੂਰਤਮੰਦ ਪਰਵਾਰਾਂ ਦੇ ਘਰੋ-ਘਰੀ ਜਾ ਕੇ ਇਹ ਰਾਹਤ ਸਮੱਗਰੀ ਉਨ੍ਹਾਂ ਨੂੰ ਦੇਣਗੇ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਅਸ਼ਿਕਾ ਜੈਨ, ਐੱਸ.ਡੀ.ਐੱਮ. ਦਸੂਹਾ ਸ਼੍ਰੀ ਕਮਲਜੀਤ ਸਿੰਘ ਅਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਦੇ ਐੱਸ.ਡੀ.ਓ. ਅਮਰਜੀਤ ਸਿੰਘ ਨੇ ਓਢਰਾ ਅਤੇ ਸੱਗਲਾਂ ਪਿੰਡਾਂ ਦੇ ਨਿਵਾਸੀਆਂ ਦਾ ਆਪਦਾ ਦੀ ਇਸ ਘੜੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਸ਼ਲਾਘਾ ਕੀਤੀ।



# ਹੜ੍ਹਾਂ ਨਾਲ ਹੋ ਰਹੇ ਨੁਕਸਾਨ ਕਾਰਨ ਲੋਕਾਂ ਨੂੰ ਮਿਲਣ ਪਹੁੰਚੇ ਕੋਟਲੀ



**ਆਦਮਪੁਰ (ਪਰਮਜੀਤ ਸਿੰਘ)** ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਹਲਕਾ ਆਦਮਪੁਰ ਨੇ ਦੱਸਿਆ ਕਿ ਲਗਾਤਾਰ ਬਾਰਿਸ਼ ਕਾਰਨ ਪੰਜਾਬ ਵਿੱਚ ਹੜ੍ਹਾਂ ਨਾਲ ਸਥਿਤੀ ਦਿਨੋ-ਦਿਨ ਵਿਗੜ ਰਹੀ ਹੈ ਤੇ ਆਦਮਪੁਰ ਦੇ ਪਿੰਡ ਕੋਹਜਾ, ਦਾਰਾਪੁਰ, ਜੱਫਲ ਝਿੰਗੜ, ਨੰਗਲ ਫੀਦਾ ਸਲਾਲਾ, ਖੋਜਕੀ ਪੁਰ ,ਦਰਾਵਾਂ ਵਿਖੇ ਪਹੁੰਚ ਕੇ ਹੋ ਰਹੇ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤੇ ਲੋਕਾਂ ਨੂੰ ਮਿਲ ਕੇ ਮੁਸ਼ਕਲ ਘੜੀ ਵਿੱਚ ਹਰ ਪੱਖੋਂ ਮੱਦਦ ਦਾ ਭਰੋਸਾ ਦਿੱਤਾ ਜਾ ਰਿਹਾ ਹੈ, ਵਿਧਾਇਕ ਕੋਟਲੀ ਨੇ ਆਖਿਆ ਕਿ ਇਸ ਸਬੰਧੀ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ, ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਫ਼ਵਾਹਾਂ ਤੋ ਸੁਚੇਤ ਰਹਿਣ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਜਾਣਕਾਰੀਆਂ ਨੂੰ ਧਿਆਨ ਵਿੱਚ ਰੱਖਣ ਤੇ ਕਿਸੇ ਵੇਲੇ ਵੀ ਲੋੜ ਅਨੁਸਾਰ ਜਾਣਕਾਰੀ ਦੇਣ ਤਾਂ ਜੋ ਸੰਭਵ ਸਹਾਇਤਾ ਕੀਤੀ ਜਾ ਸਕੇ।

4-SEP-PAGE-10.qxd 9/3/2025 9:13 PM Page 1



## ਮਾਸਟਰ ਕੇਡਰ ਯੂਨੀਅਨ ਨੇ ਅਧਿਆਪਕ ਦਿਵਸ ਪਾਇਆ ਅੱਗੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ, ਜਰਨਲ ਸਕੱਤਰ ਜਸਵੰਤ ਕੜਿਆਲ, ਸਟੇਟ ਕਮੇਟੀ ਮੈਂਬਰ ਗਗਨਦੀਪ ਸਿੰਘ, ਨਿਰਵੈਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਪ੍ਰੀਤ ਸਚਿਆਲ, ਜ਼ਿਲ੍ਹਾ ਪ੍ਰੈੱਸ ਸਕੱਤਰ ਜਸਵਿੰਦਰ ਸਿੰਘ ਮੀਤ ਪ੍ਰਧਾਨ ਨਵਦੀਪ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਜਿਲਾ ਵਿੱਤ ਸਕੱਤਰ, ਬਲਾਕ ਪ੍ਰਧਾਨ ਬਲਰਾਜ ਕੋਕਰੀ, ਨਿਰਮਲਜੀਤ ਸਿੰਘ, ਅਰੁਣ ਕੁਮਾਰ,ਅਮਨਦੀਪ ਸਿੰਘ ਲੋਹਗੜ੍ਹ, ਸੰਦੀਪ, ਹੈਡ ਮਾਸਟਰ ਚਰਨਜੀਤ ਸਿੰਘ, ਦਿਲਰਾਜ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੁਦਰਤੀ ਆਫ਼ਤ ਹੜ੍ਹਾਂ ਦੇ ਨਾਲ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਤੇ ਪੰਜਾਬ ਦੇ ਕੰਢੀ ਖੇਤਰ ਅਤੇ ਦਰਿਆਵਾਂ ਨਾਲ ਲੱਗਦੇ ਖੇਤਰਾਂ ਵਿੱਚ ਹੜ੍ਹਾਂ ਨੇ ਬਹੁਤ ਵੱਡੀ ਤਬਾਹੀ ਮਚਾਈ ਹੋਈ ਹੈ, ਜਿਸ ਨਾਲ ਪੂਰਾ ਪੰਜਾਬ ਹੜ੍ਹਾਂ ਦੀ ਲਪੇਟ ਵਿੱਚ ਆਇਆ ਹੋਇਆ ਹੈ। ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਮਾਸਟਰ ਕੇਡਰ ਯੂਨੀਅਨ ਵੱਲੋਂ ਅਧਿਆਪਕ ਦਿਵਸ ਜੋ 5 ਸਤੰਬਰ ਨੂੰ ਵੱਡੇ ਪੱਧਰ 'ਤੇ ਜ਼ਿਲ੍ਹਾ ਮੋਗਾ ਵਿੱਚ ਮਨਾਉਣ ਦਾ ਜਥੇਬੰਦੀ ਵੱਲੋਂ ਫੈਸਲਾ ਲਿਆ ਗਿਆ ਸੀ, ਫਿਲਹਾਲ ਹਾਲ ਦੀ ਘੜੀ ਅੱਗੇ ਪਾ ਦਿੱਤਾ ਹੈ ਤੇ ਹੁਣ ਮਾਸਟਰ ਕੇਡਰ ਯੂਨੀਅਨ ਵੱਲੋਂ ਵੱਡੇ ਪੱਧਰ ਤੇ ਅਧਿਆਪਕ ਦਿਵਸ ਜਦੋਂ ਪੰਜਾਬ ਦੇ ਹਾਲਾਤ ਸੁਖਾਵੇਂ ਹੋ ਗਏ ਉਦੋਂ ਮਨਾਇਆ ਜਾਵੇਗਾ ਤੇ ਸਿੱਖਿਆ ਵਿਭਾਗ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਮਾਸਟਰ ਕੇਡਰ ਯੂਨੀਅਨ ਸਨਮਾਨਤ ਕਰੇਗਾ।

## ਜਸਵਿੰਦਰ ਸਿੱਧੂ ਪਸ਼ੂਆਂ ਲਈ ਚਾਰਾ ਲੈ ਕੇ ਧਰਮਕੋਟ ਦੇ ਪਿੰਡਾਂ 'ਚ ਪੁੱਜੇ



**ਕੋਟ ਈਸੇ ਖਾਂ (ਅਰੋੜਾ)**-ਈ ਟੀ ਟੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਤੇ ਡਾਇਰੈਕਟਰ ਰਮਾਡਾ ਸ੍ਰ. ਜਸਵਿੰਦਰ ਸਿੰਘ ਸਿੱਧੂ, ਜੋ ਲਗਾਤਾਰ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ ਲੱਗੇ ਹੋਏ ਹਨ।ਹਲਕਾ ਧਰਮਕੋਟ ਦੇ ਪਿੰਡਾਂ 'ਚ ਬੇਜ਼ੁਬਾਨ ਪਸ਼ੂਆਂ ਦੇ ਲਈ ਚਾਰੇ ਦੀ ਮੰਗ ਕੀਤੀ ਜਾ ਰਹੀ ਸੀ।ਜਸਵਿੰਦਰ ਸਿੰਘ ਸਿੱਧੂ ਆਪਣੇ ਸਾਥੀਆਂ ਸਮੇਤ ਪਸ਼ੂਆਂ ਲਈ ਚਾਰੇ ਦੀਆਂ ਗੱਠਾਂ ਲੈ ਕੇ ਪੁੱਜੇ।ਉਨ੍ਹਾਂ ਨੇ ਖੁਦ ਆਪ ਬੰਨ੍ਹ 'ਤੇ ਜਾ ਕੇ ਪਸ਼ੂਆਂ ਨੂੰ ਚਾਰਾ ਪੁੱਜਦਾ ਕੀਤਾ।ਇਸ ਮੌਕੇ ਪ੍ਰਸ਼ਾਸਨ ਤੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਜਾਇਜ਼ਾ ਲਿਆ। ਉਨ੍ਹਾਂ ਪਾਣੀ ਦੇ ਵਧ ਰਹੇ ਪੱਧਰ ਨੂੰ ਦੇਖਦਿਆਂ ਹਲਕਾ ਧਰਮਕੋਟ ਦੇ ਪਿੰਡ ਸੰਘੇੜਾ ਦੇ ਲੋਕ ਜੋ ਦਰਿਆ ਦੇ ਅੰਦਰ ਬੈਠੇ ਹਨ, ਉਨ੍ਹਾਂ ਨੂੰ ਘਰਾਂ ਤੋਂ ਬਾਹਰ ਆਉਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੇ ਰਹਿਣ ਤੇ ਖਾਣ ਪੀਣ ਦਾ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਸੁਖਵੀਰ ਸਿੰਘ ਮੰਦਰ, ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ, ਮਹਿਕਪ੍ਰੀਤ ਸਿੰਘ, ਸੁੱਖ ਰਾਮਪੁਰ, ਪਰਮਿੰਦਰ ਸਿੰਘ ਬਿੱਲਾ ਸਿੱਧੂ, ਸਿਮਰਨਜੀਤ ਸਿੰਘ ਸਿੱਧੂ, ਜੱਸ ਐੱਮ ਸੀ, ਅਮਨ ਕਾਦਰਵਾਲਾ, ਡੀ ਐੱਸ ਪੀ ਜਸਵਰਿੰਦਰ ਸਿੰਘ ਤੇ ਐੱਸ ਐੱਚ ਓ ਸੁਨੀਤਾ ਬਾਵਾ, ਜੋ ਲਗਾਤਾਰ ਆਪਣੀਆਂ ਟੀਮਾਂ ਨਾ ਮੁਸਤੈਦੀ ਨਾਲ ਕੰਮ ਕਰ ਰਹੇ ਹਨ ਹਾਜ਼ਰ ਸਨ।

## ਵਾਲਮੀਕਿ/ਮਜ਼ਹਬੀ ਸਿੱਖ ਮਹਾਂਸਭਾ ਨੇ ਸੌਂਪੀ ਗਲੋਟੀ ਨੂੰ ਉਪ ਚੇਅਰਮੈਨ ਦੀ ਜ਼ਿੰਮੇਵਾਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਾਲਮੀਕੀ ਮਜ਼ਬੀ ਸਿੱਖ ਮਹਾਸਭਾ ਦੇ ਚੇਅਰਮੈਨ ਜਗਤਾਰ ਸਿੰਘ ਮਖੂਸ, ਮਹਾਂ ਸਭਾ ਦੇ ਪ੍ਰਧਾਨ ਬਲਜਿੰਦਰ ਸਿੰਘ ਧਾਲੀਵਾਲ, ਜਰਨਲ ਸਕੱਤਰ ਦਿਲਰਾਜ ਸਿੰਘ, ਲੀਗਲ ਐਡਵਾਈਜ਼ਰ ਬਲਜਿੰਦਰ ਸਿੰਘ, ਸੁਰਜੀਤ ਸਿੰਘ ਸਾਬਕਾ ਸਰਪੰਚ ਦੁਸਾਂਝ ਨੇ ਦੱਸਿਆ ਕਿ ਪਿਛਲੇ ਦਿਨੀਂ ਵਾਲਮੀਕੀ/ਮਜ਼ਬੀ ਸਿੱਖ ਮਹਾਂਸਭਾ ਦੀ ਹੰਗਾਮੀ ਮੀਟਿੰਗ ਹੋਈ ਸੀ, ਜਿਸ ਵਿੱਚ ਦੱਬੇ ਕੁਚਲੇ ਗਰੀਬ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਸੀ ਤੇ ਵਾਲਮੀਕ/ਮਜ਼ਬੀ ਸਿੱਖ ਮਹਾਂਸਭਾ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਨਵੇਂ ਅਹੁਦੇਦਾਰ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ, ਜਿਸ ਤਹਿਤ ਜਸਵਿੰਦਰ ਸਿੰਘ ਗਲੋਟੀ ਨੂੰ ਰਾਜੂ ਸਹੋਤਾ ਮੋਗਾ ਨੂੰ ਉਪ ਚੇਅਰਮੈਨ ਵਾਲਮੀਕ ਮਜ਼ਬੀ ਸਿੱਖ ਮਹਾਂਸਭਾ ਲਾਇਆ ਗਿਆ।ਸਾਬਕਾ ਸਰਪੰਚ ਸੁਰਜੀਤ ਸਿੰਘ ਦੁਸਾਂਝ, ਪਰਮਪਾਲ ਸਿੰਘ ਰੂਬੀ ਦੌਧਰ ਨੂੰ ਸੀਨੀਅਰ ਮੀਤ ਪ੍ਰਧਾਨ ਲਾਇਆ ਗਿਆ।ਹਰਜਿੰਦਰ ਸਿੰਘ ਵੱਲੋਂ ਨੂੰ ਮੁੱਖ ਸਲਾਹਕਾਰ ਲਾਇਆ ਗਿਆ, ਇਸ ਸਮੇਂ ਚੁਣੇ ਗਏ ਨੁਮਾਇੰਦਿਆਂ ਵੱਲੋਂ ਦੱਬੇ ਕੁਚਲੇ ਗਰੀਬ ਲੋਕਾਂ ਦੀ ਡਟਵੀਂ ਹਮਾਇਤ ਕਰਨ ਤੇ ਮਹਾਂਸਭਾ ਨੂੰ ਹੋਰ ਮਜ਼ਬੂਤ ਕਰਨ ਲਈ ਪਿੰਡ ਪਿੰਡ ਜਾ ਕੇ ਮੀਟਿੰਗਾਂ ਕਰਨ ਅਤੇ ਆਪਣੇ ਸਮਾਜ ਦਾ ਕੰਮ ਮਿਹਨਤ ਅਤੇ ਤਨਦੇਹੀ ਨਾਲ ਨਿਰਪੱਖਤਾ ਨਾਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਵਾਲਮੀਕ/ਮਜ਼ਬੀ ਸਿੱਖ ਮਹਾਂਸਭਾ ਦੇ ਹੇਠ ਲਿਖੇ ਅਹੁਦੇਦਾਰ ਹਾਜ਼ਰ ਸਨ।

## ਹੜ੍ਹ ਪੀੜਤਾਂ ਲਈ ਮੁਫ਼ਤ ਮੈਡੀਕਲ ਕੈਂਪ ਲਗਾਤਾਰ ਜਾਰੀ ਰਹਿਣਗੇ : ਜ਼ਿਲ੍ਹਾ ਪ੍ਰਧਾਨ



**ਬੱਧਨੀ ਕਲਾਂ (ਲਵਲੀ ਕੁਮਾਰ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਮੋਗਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਸਹਿਗਲ ਤੇ ਸੂਬਾ ਆਗੂ ਸਵਰਨ ਸਿੰਘ ਮੋਗਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ ਸੂਬਾ ਆਗੂ, ਸੁਖਪਾਲ ਸਿੰਘ ਢਿੱਲਵਾਂ ਜ਼ਿਲ੍ਹਾ ਸਕੱਤਰ, ਰਾਜਿੰਦਰ ਸਿੰਘ ਲੋਪੋ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਸ਼ੁਰੂਆਤ ਸਮੇਂ ਵਿੱਛੜੇ ਸਾਥੀਆਂ ਨੂੰ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ, ਜਨਰਲ ਸਕੱਤਰ ਰਾਜਿੰਦਰ ਸਿੰਘ ਲੋਪੋ, ਸੁਖਪਾਲ ਸਿੰਘ ਢਿੱਲਵਾਂ ਸੀਨੀਅਰ ਮੀਤ ਪ੍ਰਧਾਨ, ਜਸਵੀਰ ਸਿੰਘ ਮਾਣੂਕੇ ਨੇ ਲਗਾਤਾਰ ਮੀਂਹ ਨਾਲ ਆਏ ਹੜ੍ਹਾਂ ਕਾਰਨ ਜੋ ਹਜ਼ਾਰਾਂ ਹੀ ਜਾਨੀ ਮਾਲੀ ਨੁਕਸਾਨ ਹੋ ਰਿਹਾ ਹੈ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਜ਼ਿਲ੍ਹਾ ਚੇਅਰਮੈਨ ਬਲਦੇਵ ਸਿੰਘ ਧੂੜਕੋਟ, ਜ਼ਿਲ੍ਹਾ ਆਗੂ ਭੁਪਿੰਦਰ ਸਿੰਘ ਦੁਨੇਕੇ, ਮੀਤ ਪ੍ਰਧਾਨ ਨਿਰਮਲ ਸਿੰਘ ਜਲਾਲਾਬਾਦ, ਜ਼ਿਲ੍ਹਾ ਕੈਸ਼ੀਅਰ ਬਲਜਿੰਦਰ ਸਿੰਘ ਰੌਲੀ ਨੇ ਕਿਹਾ ਕਿ ਕੁੱਝ ਕੁ ਗਰੁੱਪਾਂ ਵੱਲੋਂ ਸੋਸ਼ਲ ਮੀਡੀਏ ਉਪਰ ਸਬੰਧੀ ਵਿਰੁੱਧ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ।ਕਿਸੇ ਵੀ ਸਾਥੀ ਨੂੰ ਕੋਈ ਵੀ ਗਲਤ ਫਹਿਮੀ ਹੋਵੇ ਤਾਂ ਉਹ ਆਗੂ ਟੀਮ ਨਾਲ ਸੰਪਰਕ ਕਰ ਸਕਦਾ ਹੈ।

## ਪਾਣੀ ਵਧਣ ਕਾਰਨ ਦੂਧਨ ਸਾਧਾਂ ਤਹਿਸੀਲ ਦੇ ਲੋਕਾਂ ਨੂੰ ਜ਼ਰੂਰੀ ਚੇਤਾਵਨੀ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਦੂਧਨਸਾਧਾਂ ਸਬ ਡਵੀਜ਼ਨ ਦੇ ਟਾਂਗਰੀ ਨਦੀ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅੰਬਾਲਾ ਤੇ ਕੈਚਮੈਂਟ ਖੇਤਰਾਂ ਵਿੱਚ ਭਾਰੀ ਬਾਰਿਸ਼ ਕਾਰਨ, ਟਾਂਗਰੀ ਨਦੀ ਦਾ ਪਾਣੀ ਦਾ ਪੱਧਰ ਅੰਬਾਲਾ ਵਿੱਚ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਵਧ ਗਿਆ ਹੈ ਤੇ ਅਗਲੇ 10-12 ਘੰਟਿਆਂ ਵਿੱਚ ਪਟਿਆਲਾ ਜ਼ਿਲ੍ਹੇ ਦੇ ਦੇਵੀਗੜ੍ਹ 'ਚ ਇਸਦੇ ਵਧਣ ਦੀ ਉਮੀਦ ਹੈ।ਇਸ ਅਨੁਸਾਰ ਦੇਵੀਗੜ੍ਹ ਖੇਤਰਾਂ ਲਈ ਤੁਰੰਤ ਚੇਤਾਵਨੀ ਜਾਰੀ ਕੀਤੀ ਜਾ ਰਹੀ ਹੈ।ਸੰਭਾਵਤ ਪ੍ਰਭਾਵਤ ਹੋਣ ਵਾਲੇ ਪਿੰਡਾਂ ਦੀ ਸੂਚੀ ਅਨੁਸਾਰ ਸੱਜੇ ਪਾਸੇ ਦੇ ਮਹਿਮੂਦਪੁਰ ਰੁੜਕੀ, ਦੇਵੀਨਗਰ, ਹਰੀਗੜ੍ਹ, ਰੋੜ ਜਗੀਰ, ਲੇਹਲਾਂ ਜਗੀਰ, ਦੁਧਨਗੁਜਰਾਂ, ਅਦਾਲਤੀਵਾਲਾ, ਮੰਘਰ ਸਾਹਿਬ ਤੇ ਖੱਬੇ ਪਾਸੇ ਦੇ ਪਿੰਡ ਮੋਹਲਗੜ੍ਹ, ਖਾਂਸਾ, ਰੱਤਾਖੇੜਾ, ਔਜਾਂ, ਖਤੌਲੀ, ਗਣੇਸ਼ਪੁਰ, ਖਰਾਬਗੜ੍ਹ, ਬੀਬੀਪੁਰ, ਜੋਧਪੁਰ, ਬੁਧਮੋਰ, ਸਾਦਿਕਪੁਰ ਬੀੜਾਂ ਦੇ ਪਿੰਡਾਂ ਦੇ ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਨੂੰ ਸੁਚੇਤ ਰਹਿਣ, ਨਦੀ ਦੇ ਨੇੜੇ ਜਾਣ ਤੋਂ ਬਚਣ ਤੇ ਸਾਰੀਆਂ ਅਧਿਕਾਰਤ ਹਦਾਇਤਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਕਿਸੇ ਵੀ ਐਮਰਜੈਂਸੀ ਲਈ ਤੁਰੰਤ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੰਟਰੋਲ ਰੂਮ ਨੰਬਰ 0175-2350550 ਤੇ 2358550 ਉਪਰ ਸੂਚਿਤ ਕੀਤਾ ਜਾਵੇ।

# ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਇਕਾਈ ਸੰਗਰੂਰ ਵੱਲੋਂ ਮੁੱਖ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ

**ਸੰਗਰੂਰ (ਪ੍ਰਵੀਨ ਸਿੰਘ)**

ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਜ਼ਿਲ੍ਹੇ ਦੇ ਸਹਾਇਕ ਡਿਪਟੀ ਕਮਿਸ਼ਨਰ ਲਵਪ੍ਰੀਤ ਸਿੰਘ ਔਲਖ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ, ਜਿਸ 'ਚ ਹੇਠ ਲਿਖੀਆਂ ਮੰਗਾ ਰੱਖੀਆਂ ਗਈਆਂ। ਪੰਜਾਬ 'ਚ ਪਿਛਲੇ ਦੋ ਹਫ਼ਤਿਆਂ ਤੋਂ ਆਏ ਹੋਏ ਭਿਆਨਕ ਹੜ੍ਹਾਂ ਤੋਂ ਲੋਕਾਂ ਦੇ ਜਾਨ ਮਾਲ ਦੀ ਰਾਖੀ ਸਬੰਧੀ ਫੌਰੀ ਤੌਰ 'ਤੇ ਯੋਗ ਕਰਵਾਈ ਨੂੰ ਅਮਲ ਵਿੱਚ ਲਿਆਉਣ ਤੇ ਅੱਗੇ ਤੋਂ ਹੜ੍ਹਾਂ ਬਾਰੇ ਇੱਕ ਠੋਸ ਨੀਤੀ ਤਿਆਰ ਕਰਨ।



ਪੰਜਾਬ 'ਚ ਹੜ੍ਹਾਂ ਕਾਰਨ ਲੋਕਾਂ ਦਾ ਵੱਡੀ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ, ਜਿਸ ਬਾਰੇ ਉਨ੍ਹਾਂ ਨੂੰ ਫੌਰੀ ਰਾਹਤ ਦੀ ਲੋੜ ਹੈ।ਅਸੀਂ ਮੰਗ ਕਰਦੇ ਹਾਂ ਕਿ ਹੜ੍ਹਾਂ ਕਾਰਨ ਹੋਈ ਹਰੇਕ ਅਣਕਿਆਸੀ ਮੌਤ ਦਾ ਫੌਰੀ 20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।ਕਿਸਾਨਾਂ ਦੀਆਂ ਬਰਬਾਦ ਹੋਈਆਂ ਫ਼ਸਲਾਂ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਬੇ-ਜ਼ਮੀਨੇ ਲੋਕਾਂ ਨੂੰ 25 ਹਜ਼ਾਰ ਰੁਪਏ ਪ੍ਰਤੀ ਪ੍ਰੀਵਾਰ ਮੁਆਵਜ਼ਾ ਫੌਰੀ ਦਿੱਤਾ ਜਾਵੇ।ਇਸੇ ਤਰ੍ਹਾਂ ਹੜ੍ਹਾਂ ਵਿੱਚ ਰੁੜ੍ਹ ਗਈਆਂ ਜਾਂ ਮਾਰੀਆਂ ਗਈਆਂ ਮੱਝਾਂ ਗਾਵਾਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਤੇ ਬਾਕੀ ਸਾਰੇ ਪਸ਼ੂਆਂ ਦਾ 20 ਹਜ਼ਾਰ ਤੋਂ 50 ਹਜ਼ਾਰ ਰੁਪਏ ਤੱਕ ਮੁਆਵਜ਼ਾ ਫੌਰੀ ਦਿੱਤਾ ਜਾਵੇ।ਕਿਸਾਨਾਂ ਲਈ ਫ਼ਸਲੀ ਬੀਮਾ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਫੌਰੀ ਲਾਗੂ ਕੀਤਾ ਜਾਵੇ।ਹੜ੍ਹਾਂ ਜਾਂ ਬਰਸਾਤ 'ਚ ਢਹਿ ਗਏ ਘਰਾਂ ਦੇ ਨੁਕਸਾਨ ਦੀ ਪੂਰਤੀ ਲਈ ਸਾਰੇ ਪੀੜਤ ਪਰਵਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।

ਮੁਆਵਜ਼ਾ ਦੇਣ ਦੀ ਗੁੰਝਲਦਾਰ ਨੀਤੀ ਨੂੰ ਰੱਦ ਕਰਕੇ ਇਕਦਮ ਸਰਲ ਤੇ ਸਮਾਂਬੱਧ ਨੀਤੀ ਤਿਆਰ ਕੀਤੀ ਜਾਵੇ ਤਾਂ ਜੁ ਹੜ੍ਹਾਂ ਵਿੱਚ ਆਪਣਾ ਜਾਨੀ-ਮਾਲੀ ਨੁਕਸਾਨ ਕਰਾ ਚੁੱਕੇ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਇਆ ਜਾ ਸਕੇ।

ਹੜ੍ਹਾਂ ਦੀ ਰੋਕਥਾਮ ਲਈ ਦਰਿਆਵਾਂ, ਨਾਲਿਆਂ ਤੇ ਡਰੇਨਾਂ ਦੀ ਸਾਫ਼-ਸਫ਼ਾਈ ਤੇ ਬੰਨ੍ਹ ਬੰਨ੍ਹਣ ਦੇ ਕੰਮ ਹਰ ਸਾਲ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਮੁਕੰਮਲ ਕੀਤੇ ਜਾਇਆ ਕਰਨ।ਇਸ ਕੰਮ ਲਈ ਜਲ ਸਰੋਤ ਤੇ ਡਰੇਨੇਜ ਵਿਭਾਗ ਵਿੱਚ ਤਕਨੀਕੀ ਸਟਾਫ ਅਤੇ ਹੱਥੀਂ ਕੰਮ ਕਰਨ ਵਾਲੇ ਬੇਲਦਾਰਾਂ, ਰੈਗੂਲੇਸ਼ਨ ਬੇਲਦਾਰਾਂ ਤੇ ਗੇਜ ਰੀਡਰਾਂ ਦੀਆਂ ਖ਼ਤਮ ਕੀਤੀਆਂ 8635 ਪੋਸਟਾਂ ਨੂੰ ਬਹਾਲ ਕਰਕੇ ਫੌਰੀ ਲੋੜੀਂਦੀ ਭਰਤੀ ਕੀਤੀ ਜਾਵੇ ਤੇ ਵਿਭਾਗਾਂ 'ਚੋਂ ਹੇਠਲੀਆਂ ਪੋਸਟਾਂ ਖਤਮ ਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ।

ਹੜ੍ਹਾਂ ਨੂੰ ਕੰਟਰੋਲ ਕਰਨ ਲਈ ਹਰ ਘਰ ਨੂੰ ਪੀਣ ਵਾਲਾ ਸਾਫ਼ ਨਹਿਰੀ ਪਾਣੀ ਤੇ ਹਰ ਖੇਤ ਨੂੰ ਨਹਿਰੀ ਪਾਣੀ ਦੇਣ ਵਾਲਾ ਢਾਂਚਾ ਵਿਕਸਤ ਜਾਵੇ।ਧਰਤੀ ਹੇਠਲੇ ਪਾਣੀ ਰੀਚਾਰਜ ਕਰਨ ਲਈ ਕਿਸਾਨ ਜਥੇਬੰਦੀਆਂ ਤੇ ਭੂ ਵਿਗਿਆਨੀਆਂ ਦੇ ਸੁਝਾਵਾਂ ਅਨੁਸਾਰ ਪੱਕੀ ਨੀਤੀ ਤਿਆਰ ਕੀਤੀ ਜਾਵੇ।ਪੰਜਾਬ ਦੇ ਡੈਮਾਂ, ਦਰਿਆਵਾਂ ਤੇ ਨਹਿਰਾਂ ਦੇ ਹੈੱਡ ਵਰਕਸਾਂ ਦੀ ਮੁਰੰਮਤ ਦਾ ਕੰਮ ਹਰੇਕ ਸਾਲ ਕੀਤਾ ਜਾਵੇ ਤੇ ਇਨ੍ਹਾਂ ਦੀ ਸਾਂਭ-ਸੰਭਾਲ ਲਈ ਲੋੜੀਂਦੇ ਸਟਾਫ਼ ਦੀ ਫੌਰੀ ਭਰਤੀ ਕੀਤੀ ਜਾਵੇ। ਡੈਮਾਂ ਤੋਂ ਪਾਣੀ ਛੱਡਣ ਦੀ ਪ੍ਰਕਿਰਿਆ ਵਿੱਚ ਸੁਧਾਰ ਕਰਨ ਲਈ ਨਵੀਆਂ ਵਿਧੀਆਂ ਅਪਣਾਈਆਂ ਜਾਣ।ਭਾਰਤ ਮਾਲਾ ਪ੍ਰੋਜੈਕਟ ਸਮੇਤ ਸਾਰੇ ਨੈਸ਼ਨਲ ਹਾਈਵੇਜ਼ ਲੋੜ ਤੋਂ ਵਧੇਰੇ ਉੱਚੇ ਹੋਣ ਕਾਰਨ ਹੜ੍ਹਾਂ ਦੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਦੇ ਹਨ, ਜਿਸ ਕਾਰਨ ਨੁਕਸਾਨ ਵਧੇਰੇ ਹੁੰਦਾ ਹੈ।ਇਨ੍ਹਾਂ ਸਥਾਨਾਂ ਦੀ ਨਿਸ਼ਾਨਦੇਹੀ ਕਰਕੇ ਉੱਥੇ ਪੁਲਾਂ ਦਾ ਨਿਰਮਾਣ ਕੀਤਾ ਜਾਵੇ।

## ਘਨੌਰ ਦੇ ਪਿੰਡਾਂ ਲਈ ਹਾਈ ਅਲਰਟ ਜਾਰੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ) ਘੱਗਰ ਨਦੀ ਦੇ ਕੈਚਮੈਂਟ ਖੇਤਰ ਵਿੱਚ ਪਏ ਭਾਰੀ ਮੀਂਹ ਕਾਰਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜਪੁਰਾ ਸਬ ਡਵੀਜ਼ਨ ਦੇ ਘੱਗਰ ਨੇੜੇ ਪੈਂਦੇ ਕੁਝ ਪਿੰਡਾਂ ਦੇ ਵਸਨੀਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕਰਦਿਆਂ ਹਾਈ ਅਲਰਟ ਜਾਰੀ ਕੀਤਾ ਗਿਆ ਹੈ।ਐਸ ਡੀ ਐਮ ਸ੍ਰੀ ਅਵਿਕੇਸ਼ ਗੁਪਤਾ ਵੱਲੋਂ ਜਾਰੀ ਸਲਾਹਕਾਰੀ ਮੁਤਾਬਕ ਪਿੰਡਾਂ ਸੰਜਰਪੁਰ, ਊਂਟਸਰ, ਦੜਬਾ, ਸਲੇਮਪੁਰ, ਸ਼ਮਸ਼ਪੁਰ, ਜੰਡਮਗੋਲੀ, ਹਰਪਾਲਾਂ, ਰਾਮਪੁਰ, ਸੌਂਟਾ, ਮਾਰੀਆਂ, ਕਪੂਰੀ, ਕਮਾਲਪੁਰ, ਸਰਾਲਾ ਕਲਾਂ, ਸਰਾਲਾ ਖੁਰਦ, ਕਾਮੀ ਖੁਰਦ, ਚਮਾਰੂ, ਲਾਛੜੂ ਖੁਰਦ, ਮਹਿਦੂਦਾਂ, ਮੰਜੌਲੀ, ਮਾੜੂ, ਜੰਬੋਮਾਜਰਾ, ਜਮੀਤਗੜ੍ਹ, ਮਹਮਦਪੁਰ ਸਮੇਤ ਨੇੜਲੇ ਇਲਾਕਿਆਂ ਦੇ ਵਸਨੀਕ ਸੁਚੇਤ ਰਹਿਣ ਤੇ ਘੱਗਰ ਨੇੜੇ ਨਾ ਜਾਣ।ਕਿਸੇ ਸੂਚਨਾ ਲਈ ਰਾਜਪੁਰਾ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01762-224132 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਸੂਚਨਾ ਲਈ ਤੁਰੰਤ ਪਟਿਆਲਾ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਕੰਟਰੋਲ ਰੂਮ ਨੰਬਰ 0175-2350550 ਉਪਰ ਸੂਚਿਤ ਕੀਤਾ ਜਾਵੇ।ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ ਹੈ।

# ਪੁਲਸ ਨੇ ਭਗੌੜਾ ਨਸ਼ਾ ਤਸਕਰ ਨੂੰ ਕੀਤਾ ਕਾਬੂ

**ਲੌਂਗੋਵਾਲ (ਪ੍ਰਦੀਪ ਸੱਪਲ)**

ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਸਰਤਾਜ ਸਿੰਘ ਚਹਿਲ ਐਸ.ਐਸ.ਪੀ. ਸੰਗਰੂਰ ਦੇ ਦਿਸ਼ਾ-ਨਿਰਦੇਸ਼ ਤਹਿਤ ਅਤੇ ਹਰਵਿੰਦਰ ਸਿੰਘ ਖਹਿਰਾ ਡੀ.ਐਸ.ਪੀ ਸੁਨਾਮ ਦੀ ਸੁਪਰਵੀਜ਼ਨ ਹੇਠ ਥਾਣਾ ਲੌਂਗੋਵਾਲ ਦੀ ਪੁਲਸ ਵੱਲੋਂ ਇੱਕ ਹੋਰ ਕਾਮਯਾਬੀ ਦਰਜ ਕੀਤੀ ਗਈ।ਇਸ ਮਾਮਲੇ ਵਿੱਚ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਯੁਵੀ ਪੁੱਤਰ ਬੱਬੀ ਸਿੰਘ ਵਾਸੀ ਸਟੇਡੀਅਮ ਰੋਡ ਇੰਦਰਾ ਬਸਤੀ ਸੁਨਾਮ ਤੇ ਦੋਸ਼ੀ ਸੰਜੀਵ ਕੁਮਾਰ ਉਰਫ ਗੋਲੂ ਪੁੱਤਰ ਪ੍ਰਵੀਨ ਕੁਮਾਰ ਵਾਸੀ ਨੇੜੇ ਬਾਬਾ ਅਲਖ ਸ਼ਾਹ ਰੱਤੋਕੇ ਨੂੰ ਸਾਲ-2021 ਵਿੱਚ ਐਂਟੀ ਨਾਰਕੋਟਿਕ ਸੈਲ ਸੰਗਰੂਰ ਦੀ ਟੀਮ ਵੱਲੋਂ ਕਾਬੂ ਕਰਕੇ ਚਿੱਟਾ ਬਰਾਮਦ ਕਰਕੇ ਇਨ੍ਹਾਂ ਵਿਰੁੱਧ ਮੁਕੱਦਮਾ ਨੰਬਰ 54 ਮਿਤੀ



12.05.2021 ਅ/ਧ 21, 29/61/85 ਐਨਡੀਪੀਐਸ ਐਕਟ ਥਾਣਾ ਲੌਂਗੋਵਾਲ ਦਰਜ ਕੀਤਾ ਸੀ।ਮੁਕੱਦਮੇ ਦੀ ਤਫ਼ਤੀਸ਼ ਮੁਕੰਮਲ ਕਰਕੇ ਚਲਾਨ 07-04-2022 ਨੂੰ ਪੇਸ਼ ਅਦਾਲਤ ਕੀਤਾ ਗਿਆ ਸੀ।ਮੁਕੱਦਮੇ ਦੇ ਟਰਾਇਲ ਦੌਰਾਨ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਯੁਵੀ ਪੁੱਤਰ ਬੱਬੀ ਸਿੰਘ ਵਾਸੀ ਸਟੇਡੀਅਮ ਰੋਡ ਇੰਦਰਾ ਬਸਤੀ ਸੁਨਾਮ ਨੂੰ 13.03.2025 ਨੂੰ ਮਾਨਯੋਗ ਅਦਾਲਤ ਵੱਲੋਂ ਪੀ ਓ (ਇਸ਼ਤਿਹਾਰੀ ਮੁਜਰਿਮ) ਘੋਸ਼ਿਤ ਕੀਤਾ ਗਿਆ ਸੀ ਤੇ 27-05-2025 ਨੂੰ ਸਹਾਇਕ ਥਾਣੇਦਾਰ ਹਰਦੇਵ ਸਿੰਘ 906/ਸੰਗਰੂਰ, ਸਿਪਾਹੀ ਹਰਤਿੰਦਰ ਸਿੰਘ 11/ਸੰਗਰੂਰ ਤੇ ਪੀ ਐਚ ਜੀ ਸੁਭਾਸ਼ ਚੰਦਰ 48423 ਦੀ ਟੀਮ ਵੱਲੋਂ ਪੀ ਓ ਗੁਰਪ੍ਰੀਤ ਸਿੰਘ ਉਰਫ ਯੁਵੀ ਪੁੱਤਰ ਬੱਬੀ ਸਿੰਘ ਵਾਸੀ ਸਟੇਡੀਅਮ ਰੋਡ ਇੰਦਰਾ ਬਸਤੀ ਸੁਨਾਮ ਨੂੰ ਗ੍ਰਿਫ਼ਤਾਰ ਕੀਤਾ ਗਿਆ।ਪੀ ਓ ਗੁਰਪ੍ਰੀਤ ਸਿੰਘ ਉਰਫ ਯੁਵੀ ਨੂੰ ਇਲਾਕਾ ਮੈਜਿਸਟ੍ਰੇਟ ਸਾਹਿਬ ਸੰਗਰੂਰ ਦੀ ਅਦਾਲਤ ਪੇਸ਼ ਕੀਤਾ ਜਾ ਰਿਹਾ ਹੈ।

# ਮੋਹਿਤ ਮਹਿੰਦਰਾ ਹੜ੍ਹਾਂ ਨਾਲ ਜੂਝ ਰਹੇ ਲੋਕਾਂ ਦੀ ਮਦਦ 'ਚ ਮੋਹਰੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਰੂਰਲ ਦੇ ਕਾਂਗਰਸੀ ਤੇ ਯੂਥ ਆਗੂ ਪੰਜਾਬ ਮੋਹਿਤ ਮਹਿੰਦਰਾ ਨੇ ਸੁਲਤਾਨ ਪੁਰ ਲੋਧੀ ਇਲਾਕੇ ਦੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਕਿਹਾ ਕਿ ਲੋਕਾਂ ਦੇ ਦੁੱਖ-ਦਰਦ ਨੂੰ ਸਿਰਫ਼ ਬਿਆਨਾਂ ਨਾਲ ਨਹੀਂ, ਬਲਕਿ ਮੈਦਾਨੀ ਪੱਧਰ 'ਤੇ ਉਨ੍ਹਾਂ ਨਾਲ ਖੜ੍ਹ ਕੇ ਹੀ ਘਟਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ਤੇ ਕਸਬਿਆਂ ਵਿੱਚ ਹੜ੍ਹ ਕਾਰਨ ਨੁਕਸਾਨ ਹੋਇਆ ਹੈ, ਉੱਥੇ ਉਹ ਤੇ ਉਨ੍ਹਾਂ ਦੀ ਟੀਮ ਨਿਰੰਤਰ ਰਾਹਤ ਕਾਰਜਾਂ ਵਿੱਚ ਜੁਟੇ ਹੋਏ ਹਨ।ਮੋਹਿਤ ਮਹਿੰਦਰਾ ਨੇ ਕਿਹਾ ਕਿ ਹੜ੍ਹ ਦੀ ਮਾਰ ਸਹਿ ਰਹੇ ਲੋਕਾਂ ਲਈ ਤੁਰੰਤ ਸਹਾਇਤਾ ਪਹੁੰਚਾਉਣਾ ਸਭ ਤੋਂ ਵੱਡੀ ਲੋੜ ਹੈ।ਇਸ ਲਈ ਉਹ ਖੁਦ ਜ਼ਮੀਨੀ ਹਾਲਾਤ ਵੇਖ ਰਹੇ ਹਨ ਤੇ ਲੋਕਾਂ ਦੀਆਂ ਅਸਲੀ ਲੋੜਾਂ ਨੂੰ ਸਮਝ ਕੇ ਮਦਦ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਕੁਝ ਆਗੂ ਸਿਰਫ਼ ਅਖ਼ਬਾਰਾਂ ਤੇ ਸੋਸ਼ਲ ਮੀਡੀਆ ਵਿੱਚ ਬਿਆਨ ਦੇ ਕੇ ਆਪਣਾ ਚਿਹਰਾ ਚਮਕਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਸਲ ਲੀਡਰਸ਼ਿਪ ਉਹੀ ਹੈ, ਜੋ ਲੋਕਾਂ ਦੇ ਨਾਲ ਦੁੱਖ-ਸੁਖ ਵਿੱਚ ਖੜੀ ਰਹੇ।ਇਸ ਮੌਕੇ ਮੋਹਿਤ ਮਹਿੰਦਰਾ ਨੇ ਕਈ ਪੀੜਤ ਪਰਵਾਰਾਂ ਨੂੰ ਰਾਹਤ ਸਮੱਗਰੀ ਵੀ ਵੰਡਾਈ।ਉਨ੍ਹਾ ਕਿਹਾ ਕਿ ਪਟਿਆਲਾ ਰੂਰਲ ਵਿੱਚ ਹੜ੍ਹ ਪੀੜਤਾਂ ਲਈ ਉਨ੍ਹਾਂ ਦੀ ਪਾਰਟੀ ਦੇ ਵਰਕਰ ਘਰ-ਘਰ ਤੱਕ ਪਹੁੰਚ ਰਹੇ ਹਨ।ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ, ਸਗੋਂ ਲੋਕਾਂ ਦੀ ਸੇਵਾ ਕਰਨ ਦਾ ਹੈ।ਹੜ੍ਹ ਨੇ ਗਰੀਬ ਲੋਕਾਂ ਦੀ ਕਮਾਈ ਤੇ ਉਨ੍ਹਾਂ ਦੇ ਸਪਨੇ ਤਬਾਹ ਕਰ ਦਿੱਤੇ ਹਨ।ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕੋਈ ਵੀ ਪਰਵਾਰ ਆਪਣੇ ਆਪ ਨੂੰ ਅਕੇਲਾ ਮਹਿਸੂਸ ਨਾ ਕਰੇ।



## ਸ਼ਰਾਬ ਦੀਆਂ 19 ਬੋਤਲਾਂ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਅਮਲੋਹ ਤੇ ਆਬਕਾਰੀ ਵਿਭਾਗ ਦੀ ਸਾਂਝੀ ਟੀਮ ਵੱਲੋਂ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 19 ਬੋਤਲਾਂ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਅਮਲੋਹ ਦੇ ਨਵੇਂ ਬੱਸ ਅੱਡੇ ਤੋਂ ਪਿੰਡ ਅੰਨੀਆਂ ਵੱਲ ਨੂੰ ਜਾਂਦੀ ਪਟੜੀ 'ਤੇ ਚੈਕਿੰਗ ਲਈ ਮੌਜੂਦ ਥਾਣਾ ਅਮਲੋਹ ਅਤੇ ਆਬਕਾਰੀ ਵਿਭਾਗ ਦੀ ਸਾਂਝੀ ਟੀਮ ਵੱਲੋਂ ਛੱਜੂ ਸਿੰਘ ਵਾਸੀ ਪਿੰਡ ਅੰਨੀਆਂ ਨੂੰ ਸ਼ੱਕ ਦੇ ਅਧਾਰ ''ਤੇ ਰੋਕਿਆ ਗਿਆ, ਜਿਸ ਦੇ ਕਬਜ਼ੇ 'ਚੋਂ ਚੈਕਿੰਗ ਦੌਰਾਨ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 19 ਬੋਤਲਾਂ ਬਰਾਮਦ ਹੋਣ 'ਤੇ ਇਸ ਸਬੰਧੀ ਥਾਣਾ ਅਮਲੋਹ ਵਿਖੇ ਅ/ਧ 61/1/14 ਆਬਕਾਰੀ ਐਕਟ ਤਹਿਤ ਦਰਜ ਕਰਾਏ ਗਏ ਮਾਮਲੇ 'ਚ ਛੱਜੂ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਐੱਸ ਡੀ ਐੱਮ ਨੇ ਬੱਸ ਅੱਡਾ ਫ਼ਾਜ਼ਿਲਕਾ ਫ਼ਿਰੋਜ਼ਪੁਰ ਰੋਡ ਦਾ ਕੀਤਾ ਦੌਰਾ

**ਜਲਾਲਾਬਾਦ (ਜੀਤ ਕੁਮਾਰ)**-ਐਸ.ਡੀ.ਐਮ. ਸ੍ਰੀ ਕੰਵਰਜੀਤ ਸਿੰਘ ਮਾਨ ਨੈਸ਼ਨਲ ਹਾਈਵੇਅ ਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਨਵੇਂ ਬਸ ਸਟੈਂਡ ਫ਼ਾਜ਼ਿਲਕਾ-ਫ਼ਿਰੋਜ਼ਪੁਰ ਰੋਡ ਨੇੜੇ ਬੀ ਐਸ ਐਫ ਦਾ ਦੌਰਾ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਸੜਕ ਦੀ ਮੁਰੰਮਤ ਕਰਨ ਲਈ ਜਲਦ ਤੋਂ ਜਲਦ ਕਾਰਵਾਈ ਕਰਨ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ। ਐਸ.ਡੀ.ਐਮ ਨੇ ਕਿਹਾ ਕਿ ਲਗਾਤਾਰ ਭਾਰੀ ਬਰਸਾਤਾਂ ਆਉਣ ਕਰਕੇ ਸੜਕ 'ਤੇ ਵੱਡੇ-ਵੱਡੇ ਖੱਡੇ ਪੈ ਗਏ ਹਨ, ਜਿਸ ਕਰਕੇ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਉਨ੍ਹਾਂ ਕਿਹਾ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ, ਇਸ ਲਈ ਤੁਰੰਤ ਜਰੂਰੀ ਕਦਮ ਚੁੱਕਣੇ ਜ਼ਰੂਰੀ ਹਨ। ਉਨ੍ਹਾਂ ਨੈਸ਼ਨਲ ਹਾਈਵੇਅ 'ਤੇ ਨਗਰ ਕੌਂਸਲ ਦੇ ਅਧਿਕਾਰੀਆ ਨੂੰ ਆਦੇਸ਼ ਦਿੱਤੇ ਕਿ ਸੜਕਾਂ 'ਤੇ ਪਏ ਖੱਡਿਆਂ ਨੂੰ ਜਲਦ ਭਰਿਆ ਜਾਵੇ ਅਤੇ ਸੜਕ ਦੀ ਮੁਰੰਮਤ ਕਰਾਈ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਤੇ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਸੜਕਾਂ ਦੀ ਹਾਲਤ ਵਧੀਆ ਹੋਣੀ ਚਾਹੀਦੀ ਹੈ। ਉਨ੍ਹਾਂ ਲੋਕਾਂ ਨੂੰ ਆਉਣ-ਜਾਣ 'ਚ ਕੋਈ ਪ੍ਰੇਸ਼ਾਨੀ ਨਾ ਆਵੇ, ਇਸ ਲਈ ਅਧਿਕਾਰੀ ਜਲਦ ਤੋਂ ਜਲਦ ਖਡਿਆਂ ਨੂੰ ਭਰਨ ਦੀ ਕਾਰਵਾਈ ਅਮਲ 'ਚ ਲਿਆਉਣ।

# ਫ਼ਸਲਾਂ 'ਚੋਂ ਪਾਣੀ ਦੀ ਨਿਕਾਸੀ ਸੰਬੰਧੀ ਕਿਸਾਨਾਂ ਨੂੰ ਲਗਾਤਾਰ ਕੀਤੀ ਜਾ ਰਹੀ ਅਪੀਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਕਾਫੀ ਦਿਨਾਂ ਤੋਂ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਰਕੇ ਬਲਾਕ ਸ੍ਰੀ ਮੁਕਤਸਰ ਸਾਹਿਬ ਤੇ ਮਲੋਟ ਵਿੱਚ ਫ਼ਸਲਾਂ ਵਿੱਚ ਤਕਰੀਬਨ 16000 ਏਕੜ ਰਕਬੇ ਵਿੱਚ ਪਾਣੀ ਖੜ ਗਿਆ ਹੈ। ਇਸ ਸਬੰਧੀ ਜ਼ਿਲ੍ਹਾ ਅਤੇ ਬਲਾਕ ਖੇਤੀਬਾੜੀ ਮਾਹਿਰਾਂ ਵੱਲੋਂ ਪਿਛਲੇ ਦਿਨਾਂ ਤੋਂ ਲਗਾਤਰ ਫੀਲਡ 'ਚ ਨਿਰੀਖਣ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਪ੍ਰਭਾਵਤ ਰਕਬੇ ਵਿਚੋਂ ਅੱਜ ਤੱਕ ਤਕਰੀਬਨ 10550 ਏਕੜ ਰਕਬੇ ਵਿੱਚ ਪਾਣੀ ਖੜ ਗਿਆ ਸੀ, ਜਿਸ ਵਿੱਚ ਅੰਦਾਜ਼ਨ 8190 ਏਕੜ ਝੋਨਾ/ਬਾਸਮਤੀ ਤੇ 2360 ਏਕੜ ਨਰਮੇ ਦੀ ਫਸਲ ਪ੍ਰਭਾਵਤ ਹੋਈ ਹੈ।ਵਿਭਾਗ ਵੱਲੋਂ ਪਾਣੀ ਦੀ ਨਿਕਾਸੀ ਲਈ ਕਿਸਾਨਾਂ ਨਾਲ ਲਗਾਤਾਰ ਸੰਪਰਕ ਰੱਖਿਆ ਹੋਇਆ ਹੈ ਤੇ ਪਾਣੀ ਦੀ ਨਿਕਾਸੀ ਕਰਾਈ ਜਾ ਰਹੀ ਹੈ।ਉਨ੍ਹਾਂ ਫੀਲਡ ਦਾ ਸਰਵੇ ਕਰਦਿਆਂ ਇਹ ਵੀ ਦੱਸਿਆ ਕਿ ਜੇਕਰ ਝੋਨੇ ਤੇ ਬਾਸਮਤੀ ਵਿੱਚੋਂ ਪਾਣੀ ਦੀ ਨਿਕਾਸੀ ਜਲਦੀ ਹੋ ਜਾਂਦੀ ਹੈ ਤਾਂ ਉਸ ਦਾ ਝਾੜ 'ਤੇ ਕੋਈ ਬਹੁਤਾ ਅਸਰ ਨਹੀਂ ਪਵੇਗਾ, ਪ੍ਰੰਤੂ ਜੇਕਰ ਨਰਮੇ ਦੀ ਫ਼ਸਲ ਵਿੱਚ 1-2 ਦਿਨ ਹੋਰ ਪਾਣੀ ਖੜਾ ਰਹਿ ਜਾਂਦਾ ਹੈ ਤਾਂ ਇਸ ਦਾ ਨਰਮੇ ਦੀ ਫ਼ਸਲ 'ਤੇ ਬੁਰਾ ਪ੍ਰਭਾਵ ਪਵੇਗਾ।ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਜੇਕਰ ਬਾਰਿਸ਼ ਤੋਂ ਬਾਅਦ ਨਰਮੇ ਦੇ ਬੂਟੇ ਮਰਝਾ ਰਹੇ ਹੋਣ ਤਾਂ ਖੇਤੀਬਾੜੀ ਵਿਭਾਗ ਦੇ ਬਲਾਕ/ਸਰਕਲ ਦਫ਼ਤਰਾਂ ਪਾਸੋਂ ਕੋਬਾਲਟ ਕਲੋਰਾਈਡ ਦਵਾਈ ਲੈ ਕੇ ਤੁਰੰਤ ਇਸ ਦਾ ਛਿੜਕਾਅ ਕੀਤਾ ਜਾਵੇ।

ਅੰਤ 'ਚ ਡਾ. ਗਿੱਲ ਵੱਲੋਂ ਦੱਸਿਆ ਗਿਆ ਕਿ ਇਸ ਸਮੇਂ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਦੇ ਦਿਸ਼ਾ-ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਸਾਸ਼ਨ ਦੇ ਸਹਿਯੋਗ ਤੇ ਕਿਸਾਨਾਂ ਵੱਲੋਂ ਆਪਣੇ ਪੱਧਰ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਲਗਾਤਾਰ ਫ਼ਸਲਾਂ ਵਿਚੋਂ ਪਾਣੀ ਡਰੇਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਫ਼ਸਲਾਂ ਦਾ ਸਰਵੇ ਕਰਕੇ ਖਰਾਬੇ ਸਬੰਧੀ ਰਿਪੋਰਟ ਤਿਆਰ ਕਰਕੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦੀ ਜਾਵੇਗੀ ਤੇ ਇਸ ਦੇ ਨਾਲ-ਨਾਲ ਪੰਜਾਬ ਸਰਕਾਰ ਪਾਸ ਵੀ ਇਹ ਰਿਪੋਰਟ ਭੇਜ ਦਿੱਤੀ ਜਾਵੇਗੀ।

# ਗਊਸ਼ਾਲਾ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ

**ਧੂਰੀ (ਬਿੰਨੀ ਗਰਗ)**

ਗਊਸ਼ਾਲਾ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਸੰਚਾਲਤ ਸ਼ਹਿਰ ਦੇ ਅੰਦਰ ਸਥਿਤ ਗਊਸ਼ਾਲਾ ਦੀ ਕਾਇਆ ਪਲਟ ਕਰਨ ਖਾਤਰ ਇਲਾਕੇ ਦੀ ਪ੍ਰਸਿਧ ਉਦਯੋਗਕ ਇਕਾਈ ਕੇ.ਆਰ.ਬੀ.ਐਲ, ਭਸੌੜ ਦੇ ਸਹਿਯੋਗ ਨਾਲ ਇਸਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ ਗਿਆ।ਸਮਾਗਮ ਦੌਰਾਨ ਕੇ.ਆਰ.ਬੀ.ਐਲ ਦੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਅਨਿਲ ਮਿੱਤਲ ਤੇ ਜੁਆਇੰਟ ਐਮ.ਡੀ ਅਨੂਪ ਮਿੱਤਲ ਮੁੱਖ ਮਹਿਮਾਨ ਵਜੋਂ ਤੇ ਡਾਇਰੈਕਟਰ ਮਹੇਸ਼ ਜੈਨ ਵੀ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ।



ਸਮਾਗਮ ਦੀ ਸ਼ੁਰੂਆਤ ਗਊਸ਼ਾਲਾ ਟਰੱਸਟ ਦੇ ਚੇਅਰਮੈਨ ਐਡਵੋਕੇਟ ਬ੍ਰਿਜ ਭੂਸ਼ਣ ਬਾਂਸਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਕੇ ਕੀਤੀ।ਉਨ੍ਹਾਂ ਦੱਸਿਆ ਕਿ ਜਦ ਇਸ ਗਊਸ਼ਾਲਾ ਦੇ ਨਵੀਨੀਕਰਣ ਖਾਤਰ ਉਨ੍ਹਾਂ ਨੇ ਕੇ.ਆਰ.ਬੀ.ਐਲ ਦੇ ਜੁਆਇੰਟ ਐਮ.ਡੀ ਅਰੁਣ ਮਿੱਤਲ ਨਾਲ ਗੱਲ ਕੀਤੀ, ਤਾਂ ਉਨ੍ਹਾਂ ਪਹਿਲੀ ਵਾਰ 'ਚ ਹੀ ਇਸ ਦੀ ਪ੍ਰਵਾਨਗੀ ਦਿੰਦਿਆਂ ਹਰ ਮੁਮਕਿਨ ਸਹਿਯੋਗ ਦੇਣ ਦਾ ਵਾਅਦਾ ਕੀਤਾ।ਉਨ੍ਹਾਂ ਦੱਸਿਆ ਕਿ ਕਰੀਬ ਸਾਢੇ ਤਿੰਨ ਕਰੋੜ ਰੁਪਏ ਦੀ ਲਾਗਤ ਨਾਲ ਗਊਸ਼ਾਲਾ ਦਾ ਹੋਣ ਜਾ ਰਹੇ ਨਵੀਨੀਕਰਣ ਲਈ ਇਨ੍ਹਾਂ ਵੱਲੋਂ ਟਰੱਸਟ ਨੂੰ 50 ਲੱਖ ਰੁਪਏਦੀ ਗ੍ਰਾਂਟ ਵੀ ਜਾਰੀ ਕਰ ਦਿੱਤੀ ਗਈ, ਜਿਸ ਲਈ ਸਮੁੱਚਾ ਸ਼ਹਿਰ ਤੇ ਗਊਸ਼ਾਲਾ ਟਰੱਸਟ ਇਨ੍ਹਾਂ ਦੀ ਧੰਨਵਾਦੀ ਹੈ।ਉਪਰੰਤ ਟਰੱਸਟ ਦੇ ਜਨਰਲ ਸਕੱਤਰ ਨਰੇਸ਼ ਕੁਮਾਰ ਮੰਗੀ ਨੇ ਟਰੱਸਟ ਵੱਲੋਂ ਚਲਾਈਆਂ ਜਾ ਰਹੀਆਂ ਤਿੰਨੋਂ ਗਊਸ਼ਾਲਾਵਾਂ ਸਬੰਧੀ ਮਹਿਮਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ।ਇਸ ਤੋਂ ਪਹਿਲਾਂ ਰਾਈਸੀਲਾ ਗਰੁੱਪ ਆਫ਼ ਕੰਪਨੀਜ਼ ਦੇ ਡਾਇਰੈਕਟਰ ਪੁਰਸ਼ੋਤਮ ਗਰਗ ਕਾਲਾ, ਅਰਪਣ ਫੂਡਜ਼ ਦੇ ਡਾਇਰੈਕਟਰ ਰਮੇਸ਼ ਗੋਇਲ ਅਤੇ ਰਵੀ ਕਾਂਸਲ ਸਮੇਤ ਗਊਸ਼ਾਲਾ ਟਰੱਸਟ ਦੇ ਪ੍ਰਧਾਨ ਸੰਜੇ ਸਿੰਗਲਾ ਦੀ ਅਗਵਾਈ ਹੇਠ ਸਮੂਹ ਟਰੱਸਟ ਮੈਂਬਰਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਵੀ ਕੀਤਾ ਗਿਆ।

ਕੇ.ਆਰ.ਬੀ.ਐਲ ਦੇ ਸੀ.ਐਮ.ਡੀ ਅਨਿਲ ਮਿੱਤਲ, ਜੁਆਇੰਟ ਐਮ.ਡੀ ਅਨੂਪ ਮਿੱਤਲ ਵੱਲੋਂ ਵਿਧੀ ਪੂਰਵਕ ਪੂਜਾ ਕਰਾਈ ਗਈ ਤੇ ਪੂਜਾ ਤੋਂ ਉਪਰੰਤ ਨਵੀਨੀਕਰਨ ਦਾ ਨੀਂਹ ਪੱਥਰ ਵੀ ਰੱਖਿਆ ਗਿਆ।ਸਮਾਗਮ ਦੌਰਾਨ ਗਊਸ਼ਾਲਾ ਟਰੱਸਟ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ।ਸਮਾਗਮ ਦੇ ਆਖੀਰ 'ਚ ਟਰੱਸਟ ਦੇ ਪ੍ਰਧਾਨ ਸੰਜੇ ਸਿੰਗਲਾ ਨੇ ਆਏ ਹੋਏ ਸਮੂਹ ਮਹਿਮਾਨਾਂ ਤੇ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਵੀ ਕੀਤਾ।

## ਝਬੇਲਵਾਲੀ ਦੇ ਪੀੜਤ ਪਰਵਾਰ ਨੂੰ ਸਹਾਇਤਾ ਵਜੋਂ ਦਿੱਤੇ 50 ਹਜ਼ਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਤੇਜ਼ ਬਾਰਿਸ਼ ਕਾਰਨ ਨਜ਼ਦੀਕੀ ਪਿੰਡ ਝਬੇਲਵਾਲੀ ਦੇ ਇੱਕ ਕਿਸਾਨ ਦੇ ਘਰ ਬਣੇ ਬੱਕਰੀ ਫਾਰਮ ਦੀ ਛੱਤ ਡਿੱਗਣ ਨਾਲ ਹੋਏ ਵੱਡੇ ਨੁਕਸਾਨ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦੇ ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਤੇ ਜਥੇਦਾਰ ਹੀਰਾ ਸਿੰਘ ਚੜ੍ਹੇਵਾਨ ਸਾਬਕਾ ਚੇਅਰਮੈਨ ਨੇ ਅਕਾਲੀ ਵਰਕਰਾਂ ਵੱਲੋਂ ਇਕੱਠੇ ਕੀਤੇ 50,000 ਰੁਪਏ ਦੀ ਰਾਸ਼ੀ ਪੀੜਤ ਕਿਸਾਨ ਨੰਬਰਦਾਰ ਹਰਬੰਸ ਸਿੰਘ ਨੂੰ ਸਹਾਇਤਾ ਦੇ ਰੂਪ 'ਚ ਮੁਹੱਈਆ ਕਰਾਈ।

ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਹਨੀ ਫੱਤਣਵਾਲਾ ਨੇ ਦੱਸਿਆ ਕਿ ਹਰਬੰਸ ਸਿੰਘ ਮੱਧ ਵਰਗੀ ਕਿਸਾਨ ਹੈ, ਜੋ ਭੇਡਾਂ, ਬੱਕਰੀਆਂ ਪਾਲ ਕੇ ਬੜੀ ਮੁਸ਼ਕਲ ਨਾਲ ਆਪਣੇ ਪਰਵਾਰ ਦਾ ਗੁਜ਼ਾਰਾ ਚਲਾ ਰਿਹਾ ਹੈ ਤੇ ਅਚਨਚੇਤ ਵਾਪਰੀ ਘਟਨਾ ਨਾਲ ਪਰਵਾਰ ਬਹੁਤ ਡੂੰਘੇ ਸਦਮੇ ਵਿੱਚੋਂ ਗੁਜ਼ਰ ਰਿਹਾ ਤੇ ਸ਼੍ਰੋਮਣੀ ਅਕਾਲੀ ਦਲ ਨੇ ਪੀੜਤ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਹਰ ਸੰਭਵ ਮੱਦਦ ਕਰਨ ਦਾ ਭਰੋਸਾ ਦਿੱਤਾ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਰਵਾਰ ਨੂੰ ਫੌਰੀ ਤੌਰ 'ਤੇ ਨੁਕਸਾਨ ਦੀ ਭਰਪਾਈ ਕਰਾਈ ਜਾਵੇ।ਪ੍ਰਧਾਨ ਰੋਜ਼ੀ ਬਰਕੰਦੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਲਗਾਤਾਰ ਕਹਿੰਦੇ ਰਹੇ ਹਨ ਕਿ ਕੁਦਰਤੀ ਆਫ਼ਤਾਂ ਕਾਰਨ ਜੇ ਕਿਸੇ ਦੀ ਮੁਰਗੀ, ਬੱਕਰੀ ਦਾ ਨੁਕਸਾਨ ਹੁੰਦਾ ਹੈ ਤਾਂ ਤੁਰੰਤ ਉਨ੍ਹਾਂ ਨੂੰ ਮੁਆਵਜਾ ਰਾਸ਼ੀ ਜਾਰੀ ਕੀਤੇ ਜਾਵੇਗੀ, ਪਰ ਇਸ ਦੁੱਖ ਦੀ ਘੜੀ 'ਚ ਪੀੜਤ ਕਿਸਾਨ ਹਰਬੰਸ ਸਿੰਘ ਝਬੇਲਵਾਲੀ ਦੀ ਸਾਰ ਲਈ ਜਾਵੇ ਤੇ ਬਣਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾਵੇ ਅਤੇ ਬਚੇ ਪਸ਼ੂਆਂ ਦਾ ਸਿਰ ਢੱਕਣ ਲਈ ਤਰਪਾਲਾਂ ਮੁਹੱਈਆ ਕਰਾਈਆਂ ਜਾਣ।

## ਸਲਾਈਟ 'ਚ ਵੈਲਡਿੰਗ ਐਂਡ ਸਿਮੂਲੇਸ਼ਨ ਵਿਸ਼ੇ 'ਤੇ ਵਰਕਸ਼ਾਪ ਸ਼ੁਰੂ



**ਲੌਂਗੋਵਾਲ (ਪ੍ਰਦੀਪ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ ਯੂਨਿਵਰਸਿਟੀ) ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਸਲਾਈਟ ਮਕੈਨੀਕਲ ਇੰਜੀਨੀਅਰਿੰਗ ਸੁਸਾਇਟੀ ਦੇ ਸਹਿਯੋਗ ਨਾਲ ਇੱਕ ਹਫ਼ਤੇ ਦੀ ਵੈਲਡਿੰਗ ਐਂਡ ਸਿਮੂਲੇਸ਼ਨ ਵਰਕਸ਼ਾਪ ਸ਼ੁਰੂ ਹੋਈ, ਜਿਸਦਾ ਉਦਘਾਟਨ ਸੰਸਥਾ ਡਾਇਰੈਕਟਰ ਪ੍ਰੋਫੈਸਰ ਮਣੀਕਾਂਤ ਪਾਸਵਾਨ ਵੱਲੋਂ ਕੀਤਾ ਗਿਆ।ਪ੍ਰੋ. ਪਸਵਾਨ ਨੇ ਕਿਹਾ ਕਿ ਵੈਲਡਿੰਗ ਅਤੇ ਸਿਮੂਲੇਸ਼ਨ ਟੈਕਨਾਲੋਜੀਆਂ ਆਧੁਨਿਕ ਉਦਯੋਗ ਅਤੇ ਅਕੈਡਮਿਕ ਖੇਤਰ ਵਿੱਚ ਬੇਹੱਦ ਮਹੱਤਵਪੂਰਨ ਹਨ।ਇਹ ਵਰਕਸ਼ਾਪ ਵਿਦਿਆਰਥੀਆਂ ਨੂੰ ਸਿਧਾਂਤਕ ਗਿਆਨ ਤੇ ਹੁਨਰ ਵੀ ਪ੍ਰਦਾਨ ਕਰੇਗੀ।ਵਰਕਸ਼ਾਪ ਦੇ ਚੇਅਰਮੈਨ ਤੇ ਵਿਭਾਗ ਮੁਖੀ ਪ੍ਰੋ. ਸ਼ੰਕਰ ਸਿੰਘ ਨੇ ਕਿਹਾ ਕਿ ਇਹ ਵਰਕਸ਼ਾਪ ਪ੍ਰੈਕਟੀਕਲ ਟ੍ਰੇਨਿੰਗ ਨੂੰ ਕੰਪਿਊਟਰ-ਏਡਿਡ ਸਿਮੂਲੇਸ਼ਨ ਨਾਲ ਜੋੜ ਕੇ ਵਿਦਿਆਰਥੀਆਂ ਨੂੰ ਇੱਕ ਸੁਰੱਖਿਅਤ ਤੇ ਅਸਲ-ਜਿਹੇ ਮਾਹੌਲ ਵਿੱਚ ਵੈਲਡਿੰਗ ਤਕਨੀਕਾਂ ਸਿੱਖਣ ਦਾ ਮੌਕਾ ਦੇਵੇਗੀ।ਉਨ੍ਹਾਂ ਕੋਆਰਡੀਨੇਟਰਾਂ ਡਾ. ਵਿਵੇਕ ਕੁਮਾਰ ਤੇ ਡਾ. ਮੁਹੰਮਦ ਮਾਜਿਦ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ।ਇਸ ਵਰਕਸ਼ਾਪ 'ਚ ਲਗਭਗ 50 ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਾਇਆ ਹੈ।ਕੋਆਰਡੀਨੇਟਰ ਡਾ. ਮੁਹੰਮਦ ਮਾਜਿਦ ਨੇ ਕਿਹਾ ਕਿ ਇਹ ਵਰਕਸ਼ਾਪ ਅਕਾਦਮਿਕ ਤੇ ਉਦਯੋਗ ਖੇਤਰ ਵਿਚਕਾਰ ਪੁਲ ਵਜੋਂ ਕੰਮ ਕਰੇਗੀ।

## ਸੰਗਠਨ ਸਿਰਜਣ ਅਭਿਆਨ ਕਾਂਗਰਸ ਦੀ ਮਜਬੂਤੀ ਲਈ ਬਿਹਤਰ : ਸਿਮਰਜੀਤ ਬੈਂਸ, ਡਾ. ਧਰਮਵੀਰ ਗਾਂਧੀ




**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਹੁਕਮਾਂ ਅਨੁਸਾਰ ਪਟਿਆਲਾ ਸ਼ਹਿਰੀ ਲਈ ਲੱਗੇ ਨਵ ਨਿਯੁਕਤ ਅਬਜ਼ਰਵਰ ਸਿਮਰਜੀਤ ਸਿੰਘ ਬੈਂਸ (ਸਾਬਕਾ ਐੱਮ ਐੱਲ ਏ), ਸਿਤਾਰ ਮੋਹੰਮਦ ਲਿਬੜਾ, ਸ਼ੁਭਮ ਸ਼ਰਮਾ ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਵਰਕਰ ਤੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਮੰਚ ਦਾ ਸੰਚਾਲਨ ਹਰਵਿੰਦਰ ਸਿੰਘ ਨਿੱਪੀ ਸਪੋਕਸਪਰਸਨ ਪੰਜਾਬ ਕਾਂਗਰਸ ਨੇ ਕੀਤਾ ਅਤੇ ਬਲਾਕ ਪ੍ਰਧਾਨ ਰਾਜੇਸ਼ ਮੰਡੋਰਾ ਨੇ ਤਿੰਨੋਂ ਅਬਜ਼ਰਵਰ ਦਾ ਜੀ ਆਇਆਂ ਕੀਤਾ। ਇਸ ਉਪਰੰਤ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਨੇ ਤਿੰਨੋਂ ਆਬਜ਼ਰਵਰ ਤੇ ਪਟਿਆਲਾ ਦੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਜੀ ਦਾ ਸਿਰੋਪਾ ਦੇ ਕੇ ਸਨਮਾਨ ਕੀਤਾ।ਸਿਮਰਜੀਤ ਬੈਂਸ ਨੇ ਕਿਹਾ ਕਿ ਕਾਂਗਰਸ ਪਾਰਟੀ ਇਕ ਬਹੁਤ ਮਜ਼ਬੂਤ ਪਾਰਟੀ ਹੈ ਤੇ ਸਾਰੀ ਕਾਂਗਰਸ ਪਾਰਟੀ ਇਕੱਠੀ ਹੈ।ਉਨ੍ਹਾਂ ਕਿਹਾ ਕਿ ਸੰਗਠਨ ਸਿਰਜਣ ਅਭਿਆਨ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਸ਼ੁਰੂ ਕੀਤਾ ਗਿਆ ਹੈ।ਇਸ ਅਭਿਆਨ ਨਾਲ ਕਾਂਗਰਸ ਆਪਣੀ 2027 ਵਿੱਚ ਸਰਕਾਰ ਬਣਾਇਗੀ।ਇਸ ਵਿੱਚ ਪੰਜਾਬ ਪ੍ਰਦੇਸ਼ ਦੇ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਨਰਿੰਦਰਪਾਲ ਲਾਲੀ, ਗੋਪਾਲ ਸਿੰਗਲਾ, ਕੰਵਲਜੀਤ ਸਹਿਗਲ, ਰਾਜੇਸ਼ ਸ਼ਰਮਾ ਰਾਜੂ, ਹਰੀਵਿੰਦਰ ਸ਼ੁਕਲਾ, ਹਰਵੀਰ ਸਿੰਘ ਢੀਂਡਸਾ ਤਿੰਨੋਂ ਬਲਾਕ ਪ੍ਰਧਾਨ, ਵਿਨੋਦ ਭਟਨਾਗਰ, ਅਨਿਲ ਮੌਦਗਿਲ, ਅਮਰਪ੍ਰੀਤ ਬੌਬੀ, ਮਨੋਜ ਠਾਕੁਰ, ਅਮਨਦੀਪ ਸਿੰਘ ਅਮਨ, ਗੁਰਦੇਵ ਪੂਨੀਆ , ਨਵਦੀਪ ਸ਼ਰਮਾ, ਗਿਆਨੇਸ਼ਵਰ ਪੰਜੋਲਾ, ਮਦਨ ਲਾਲ ਭਾਂਬਰੀ, ਰਾਕੇਸ਼ ਕੁਮਾਰ ਕੇਸ਼ੀ ਪੰਡਤ, ਮਾਧਵ ਸਿੰਗਲਾ, ਰਾਜੇਸ਼ ਬਗਣ ਗੌਤਮ ਸਲੂਜਾ ਜ਼ਿਲ੍ਹਾ ਪ੍ਰਧਾਨ ਆਈ ਟੀ ਸੈੱਲ, ਸੰਜਯ ਹੰਸ ਵਿਕਾਸ ਸਯਾਲ, ਰਜਨੀ ਬਿਡਲਾਨ, ਕਿਰਪਾਲ ਕੌਰ, ਰੋਹਿਤ ਹੰਸ, ਰੋਹਿਤ ਗੌਤਮ, ਅਮਰਜੀਤ ਸਹੋਤਾ ਆਦਿ ਅਹੁਦੇਦਾਰ ਤੇ ਵੱਡੀ ਗਿਣਤੀ 'ਚ ਵਰਕਰਾਂ ਨੇ ਸ਼ਮੂਲੀਅਤ ਕੀਤੀ।

## ਹਾਰਵਰਡ ਕਾਨਵੈਂਟ ਸਕੂਲ ਨੇ ਭੇਜੀ ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਜੋ ਪੜ੍ਹਾਈ ਦੇ ਨਾਲ-ਨਾਲ ਸਮਾਜ ਸੇਵੀ ਕੰਮਾਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦਾ ਹੈ, ਇਸੇ ਲੜੀ ਤਹਿਤ ਸਕੂਲ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਸ਼ਨ ਸਮੱਗਰੀ ਭੇਜੀ ਗਈ।ਵਰਣਨਯੋਗ ਹੈ ਕਿ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਅਤੇ ਸਮੂਹ ਸਕੂਲ ਸਟਾਫ ਵੱਲੋਂ ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ ਭੇਜੀ ਗਈ, ਜਿਸ ਵਿੱਚ ਦਾਲਾਂ, ਆਟਾ, ਸਬਜ਼ੀਆਂ ਤੇ ਹੋਰ ਘਰੇਲੂ ਸਮਾਨ ਸ਼ਾਮਲ ਸੀ।ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਇਸ ਕਰਕੇ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਪੀੜਤ ਭੈਣ-ਭਰਾਵਾਂ ਦੀ ਸਹਾਇਤਾ ਕਰੀਏ ਤਾਂ ਜੁ ਉਹ ਇਸ ਮਾਰ ਤੋਂ ਉੱਪਰ ਉੱਠ ਸਕਣ।ਉਨ੍ਹਾਂ ਕਿਹਾ ਕਿ ਦਰਿਆਵਾਂ ਦੇ ਇਲਾਕਿਆਂ ਦੇ ਹਾਲਤ ਬਹੁਤ ਮਾੜੇ ਬਣੇ ਹੋਏ ਹਨ। ਇਸ ਕਰਕੇ ਸਾਡੇ ਤੋਂ ਜਿੰਨਾ ਹੋ ਸਕਦਾ ਹੋਵੇ ਵੱਧ ਤੋਂ ਵੱਧ ਉਨ੍ਹਾਂ ਲੋਕਾਂ ਦੀ ਮਦਦ ਕੀਤੀ ਜਾਵੇ ਅਤੇ ਅਸੀਂ ਸਾਰੇ ਰਲ ਕੇ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਜਲਦੀ ਹੀ ਪੰਜਾਬ ਨੂੰ ਇਸ ਮਾਰ ਤੋਂ ਬਚਾਇਆ ਜਾਵੇ ਤੇ ਹਮੇਸ਼ਾ ਪੰਜਾਬ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਕਰੇ।

# ਕੰਟਰੋਲ ਰੂਮ ਪੀੜਤ ਲੋਕਾਂ ਨੂੰ ਲੋੜੀਂਦੀ ਮਦਦ ਦੇਣ 'ਚ ਫੇਲ੍ਹ : ਐਡ. ਜਸਵੀਰ ਸਿੰਘ ਖੇੜੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ ਬਣਾਏ ਇਲਾਕਾ ਵਾਰ ਕੰਟਰੋਲ ਰੂਮ ਸਿਰਫ ਝੂਠੀ ਬਿਆਨਬਾਜ਼ੀ ਤੋਂ ਸਿਵਾਏ ਕੱਖ ਵੀ ਨਹੀਂ ਹਨ।ਇਹ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਬੀ ਡੀ ਪੀ ਓ ਕੰਪਲੈਕਸ 'ਚ ਬਣਾਏ ਗਏ ਕੰਟਰੋਲ ਰੂਮ 'ਚ ਤਰਪਾਲਾਂ ਲੈਣ ਆਏ ਪੀੜਤ ਮਜ਼ਦੂਰਾਂ ਦਾ ਦੁਖ ਸੁਣਨ ਉਪਰੰਤ ਕੀਤਾ।ਉਨ੍ਹਾਂ ਕਿਹਾ ਕਿ ਲਗਾਤਾਰ ਮੀਂਹ ਪੈਣ ਨਾਲ ਕੁੱਝ ਮਜ਼ਦੂਰਾਂ ਦੇ ਘਰ ਢਹਿ ਗਏ, ਕੁਝ ਚੋਅ ਰਹੇ ਹਨ।ਇਸ ਬਿਪਤਾ ਮਾਰੇ ਲੋਕਾਂ ਲਈ ਸਰਕਾਰ ਵਲੋਂ ਰਾਸ਼ਨ ਅਤੇ ਤਰਪਾਲਾਂ ਦਾ ਪ੍ਰਬੰਧ ਕੀਤੇ ਜਾਣ ਦੇ ਕੀਤੇ ਜਾ ਰਹੇ ਦਾਅਵੇ ਅਸਲੀਅਤ ਤੋਂ ਕੋਹਾਂ ਦੂਰ ਹਨ।ਐਡਵੋਕੇਟ ਖੇੜੀ ਨੇ ਕਿਹਾ ਕਿ ਹੜ੍ਹ ਪੀੜਤ ਲੋਕਾਂ ਨੂੰ ਬਿਪਤਾ ਮੌਕੇ ਲੋੜੀਂਦੀ ਮਦਦ ਦੇਣ 'ਚ ਪੰਜਾਬ ਸਰਕਾਰ ਬਿਲਕੁਲ ਫੇਲ੍ਹ ਸਾਬਤ ਹੋ ਕੇ ਰਹਿ ਗਈ ਹੈ।ਪੀੜਤ ਗਰੀਬ ਵਿਚਾਰੇ ਦਫਤਰਾਂ ਦੇ ਚੱਕਰ ਕੱਟ ਰਹੇ ਹਨ।ਪੀੜਤ ਮਜ਼ਦੂਰਾਂ ਨੇ ਕਿਹਾ ਕਿ ਉਨ੍ਹਾਂ ਜਦੋਂ ਕੰਟਰੋਲ ਰੂਮ ਤੇ ਤਰਪਾਲਾਂ ਲੈਣ ਲਈ ਪਹੁੰਚੇ ਤਾਂ ਕੋਈ ਵੀ ਅਧਿਕਾਰੀ ਨਹੀਂ ਮਿਲਿਆ ਤੇ ਜਦੋਂ ਕੰਟਰੋਲ ਰੂਮ ਦੇ ਲਿਖੇ ਫੋਨ ਨੰਬਰ ਤੇ ਸੰਪਰਕ ਕਰਕੇ ਤਰਪਾਲਾਂ ਦੀ ਮੰਗ ਕੀਤੀ ਤਾਂ ਅੱਗੋਂ ਜਵਾਬ ਮਿਲਿਆ ਕਿ ਉਨ੍ਹਾਂ ਕੋਲ ਕੋਈ ਤਰਪਾਲਾਂ ਨਹੀਂ ਹਨ।ਉਨ੍ਹਾਂ ਦਾ ਤਾਂ ਆਪਣਾ ਦਫ਼ਤਰ ਵੀ ਮੀਂਹ ਨਾਲ ਚੋਅ ਰਿਹਾ ਹੈ।ਗਰੀਬ ਮਜ਼ਦੂਰ ਪਰਵਾਰਾਂ ਦਾ ਕਹਿਣਾ ਹੈ ਕਿ ਇਸ ਬਿਪਤਾ ਦੀ ਘੜੀ 'ਚ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਨੇ ਪੀੜਤਾਂ ਦੀ ਬਾਂਹ ਨਹੀਂ ਫੜੀ।ਪਿਛਲੇ ਦਸ ਦਿਨਾਂ ਤੋਂ ਲਗਾਤਾਰ ਮੀਂਹ ਪੈਣ ਨਾਲ ਸਾਰੇ ਕੰਮ ਬੰਦ ਹੋਣ ਤੇ ਗਰੀਬ ਮਜ਼ਦੂਰ ਪਰਿਵਾਰਾਂ ਦੇ ਚੁੱਲ੍ਹੇ ਠੰਡੇ ਹੋ ਕੇ ਰਹਿ ਗਏ ਹਨ।ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਦੁਕਾਨਦਾਰਾਂ ਵੱਲੋਂ ਤਰਪਾਲਾਂ ਦੇ ਰੇਟ ਵੱਧ ਵਸੂਲ ਕੀਤੇ ਜਾਣ ਦੀ ਜ਼ੋਰਦਾਰ ਢੰਗ ਨਾਲ ਨਿੰਦਾ ਕਰਦਿਆਂ ਇਸ ਸਬੰਧੀ ਡੀ ਸੀ ਬਰਨਾਲਾ ਤੋਂ ਤੁਰੰਤ ਧਿਆਨ ਦੀ ਮੰਗ ਕੀਤੀ।



4 Sep Page 11-Majha-25.qxd 9/3/2025 10:47 PM Page 1



## ਸੰਯੁਕਤ ਕਿਸਾਨ ਮੋਰਚੇ ਵੱਲੋਂ ਜਾਣਕਾਰੀ ਅਤੇ ਸਹਿਯੋਗ ਕੈਂਪ ਲਾਉਣ ਦਾ ਐਲਾਨ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)- ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਹਰਜੀਤ ਸਿੰਘ ਝੀਤੇ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਡਾ. ਸਤਨਾਮ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਲਖਬੀਰ ਸਿੰਘ ਨਿਜ਼ਾਮਪੁਰਾ, ਧਨਵੰਤ ਸਿੰਘ ਖਤਰਾਏ ਕਲਾਂ, ਭੁਪਿੰਦਰਜੀਤ ਸਿੰਘ ਛੀਨਾ, ਸੁੱਖ ਹਰੜ, ਰਜਿੰਦਰ ਸਿੰਘ ਡਲਾ ਪਿੰਡ, ਅਮਰੀਕ ਸਿੰਘ ਸੰਗਤਪੁਰਾ, ਗੁਰਮੇਜ ਸਿੰਘ ਤਿੰਮੋਵਾਲ, ਸੁਖਵਿੰਦਰ ਸਿੰਘ ਮੀਰਾਂਕੋਟ ਨੇ ਭਾਗ ਲਿਆ।ਜਾਣਕਾਰੀ ਦਿੰਦਿਆਂ ਕਿਸਾਨ ਆਗੂ ਰਤਨ ਸਿੰਘ ਰੰਧਾਵਾ ਨੇ ਦੱਸਿਆ ਕਿ ਬੀਤੀ 1 ਸਤੰਬਰ ਨੂੰ ਥੀਨ ਡੈਮ ਤੋਂ 35 ਹਜ਼ਾਰ ਕਿਊਸਕ, 2 ਸਤੰਬਰ ਨੂੰ 44 ਹਜ਼ਾਰ ਕਿਊਸਿਕ, 3 ਸਤੰਬਰ ਨੂੰ 68 ਹਜ਼ਾਰ ਕਿਊਸਕ ਪਾਣੀ ਛੱਡਿਆ ਗਿਆ ਹੈ ਜਿਸ ਨਾਲ ਹੜ੍ਹ ਮਾਰੇ ਪਿੰਡਾਂ ਵਿੱਚ ਹੋਰ ਪਾਣੀ ਭਰ ਜਾਵੇਗਾ ਅਤੇ ਪਹਿਲਾਂ ਤੋਂ ਮੁਸ਼ਕਿਲ ਭਰੇ ਦਿਨ ਕੱਟ ਰਹੇ ਲੋਕ ਹੋਰ ਮੁਸੀਬਤ ਵਿੱਚ ਫਸ ਜਾਣਗੇ।ਉਨ੍ਹਾਂ ਕਿਹਾ ਕਿ ਤਹਿਸੀਲ ਅਜਨਾਲਾ ਦੇ ਹੜ੍ਹਗ੍ਰਸਤ ਪਿੰਡਾਂ ਵਿੱਚ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਰਾਹਤ ਸਮੱਗਰੀ ਲੈ ਕੇ ਆ ਰਹੇ ਹਨ ਪਰ ਕਈ ਥਾਂ



ਵੇਖਣ ਵਿੱਚ ਆਇਆ ਹੈ ਕਿ ਰਾਹਤ ਸਮੱਗਰੀ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਵਿੱਚ ਮੁਸ਼ਕਲ ਆ ਰਹੀ ਹੈ। ਇਸ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਹੜ੍ਹ ਪੀੜਤ ਲੋਕਾਂ, ਰਾਹਤ ਸਮੱਗਰੀ ਵਾਲੇ ਸਹਿਯੋਗੀਆਂ ਨੂੰ ਸਹੀ ਜਾਣਕਾਰੀ ਅਤੇ ਸਹਿਯੋਗ ਕੈਂਪ ਇਲਾਕੇ ਦੇ ਪਿੰਡਾਂ ਮਹਿਲ ਬੁਖਾਰੀ ਅਤੇ ਓਠੀਆਂ ਵਿਖੇ ਤੁਰੰਤ ਲਗਾ ਦਿੱਤੇ ਜਾਣਗੇ ਤਾਂ ਕਿ ਸੇਵਾ ਕਰਨ ਵਾਲੀਆਂ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ।ਉਨ੍ਹਾਂ ਦੇਸ਼ ਵਿਦੇਸ਼ ਵਸਦੀਆਂ ਸੰਗਤਾਂ ਨੂੰ ਇਸ ਮੁਸ਼ਕਿਲ ਘੜੀ ਵਿੱਚ ਪੀੜਤ ਲੋਕਾਂ ਦੀ ਮਦਦ ਕਰਨ ਦੀ ਅਪੀਲ ਕੀਤੀ।

# ਪੰਜਾਬ ਦੇ ਰਾਜਪਾਲ ਕਟਾਰੀਆ ਵੱਲੋਂ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ

### * ਪੰਜਾਬ ਸਰਕਾਰ, ਸਿਵਲ ਪ੍ਰਸ਼ਾਸਨ, ਪੁਲਸ ਤੇ ਫੌਜ ਦੇ ਸਾਂਝੇ ਯਤਨਾਂ ਦੀ ਕੀਤੀ ਭਰਪੂਰ ਸ਼ਲਾਘਾ

ਗੁਰਦਾਸਪੁਰ, ਡੇਰਾ ਬਾਬਾ ਨਾਨਕ (ਜਨਕ ਮਹਾਜਨ/ਰਮੇਸ਼ ਸ਼ਰਮਾ)-ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰ ਡੇਰਾ ਬਾਬਾ ਨਾਨਕ, ਕਲਾਨੌਰ ਤੇ ਬਹਿਰਾਮਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੀਤੇ ਜਾ ਰਹੇ ਬਚਾਅ ਤੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ।



ਰਾਜਪਾਲ ਕਟਾਰੀਆ ਜਦੋਂ ਡੇਰਾ ਬਾਬਾ ਨਾਨਕ ਵਿਖੇ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਨੇੜੇ ਹੜ੍ਹ ਪ੍ਰਭਾਵਿਤ ਖੇਤਰ ਦਾ ਜਾਇਜ਼ਾ ਲੈ ਰਹੇ ਸਨ ਤਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਉਨ੍ਹਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਈ ਥਾਵਾਂ ਤੋਂ ਰਾਵੀ ਦਰਿਆ ਦਾ ਧੁੱਸੀ ਬੰਨ੍ਹ ਟੁੱਟਣ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ ਮਕੌੜਾ ਪੱਤਣ, ਗਾਹਲੜੀ, ਦੋਰਾਂਗਲਾ, ਕਲਾਨੌਰ ਅਤੇ ਡੇਰਾ ਬਾਬਾ ਨਾਨਕ ਇਲਾਕੇ ਦੇ 324 ਪਿੰਡ ਹੜ੍ਹ ਦੇ ਪਾਣੀ ਦੀ ਮਾਰ ਹੇਠ ਆ ਗਏ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਦਾ ਪਾਣੀ ਆਉਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਲ ਪੁਲਸ, ਐੱਨਡੀਆਰਐੱਫ.,ਬੀਐੱਸਐੱਫ ਅਤੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਤੁਰੰਤ ਬਚਾਅ ਕਾਰਜ ਸ਼ੁਰੂ ਕਰਕੇ 5581 ਵਿਅਕਤੀਆਂ ਨੂੰ ਹੈਲੀਕਾਪਟਰ ਅਤੇ ਕਿਸ਼ਤੀਆਂ ਰਾਹੀਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ। ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਉਨ੍ਹਾਂ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਹੋਈ ਹੈ ਅਤੇ ਉਨ੍ਹਾਂ ਨੇ ਹੜ੍ਹਾਂ ਦੀ ਸਥਿਤੀ ਤੋਂ ਜਾਣੂ ਕਰਵਾਇਆ ਹੈ।

ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਫੋਨ ਕਰਕੇ ਸੂਬੇ ਵਿੱਚ ਹੜ੍ਹਾਂ ਦੀ ਸਥਿਤੀ ਦੀ ਜਾਣਕਾਰੀ ਹਾਸਲ ਕੀਤੀ ਹੈ। ਉਪਰੰਤ ਉਨ੍ਹਾਂ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਤੋਂ ਬਾਅਦ ਰਾਜਪਾਲ ਵੱਲੋਂ ਬਹਿਰਾਮਪੁਰ ਵਿਖੇ ਬੀਐੱਸਐੱਫ, ਫ਼ੌਜ, ਐੱਨਡੀਆਰਐੱਫ ਅਤੇ ਸਥਾਨਿਕ ਲੋਕਾਂ ਨਾਲ ਮੀਟਿੰਗ ਕਰਕੇ ਇਲਾਕੇ ਵਿੱਚ ਰਾਹਤ ਤੇ ਬਚਾਅ ਕਾਰਜਾਂ ਦੀ ਜਾਣਕਾਰੀ ਹਾਸਲ ਕੀਤੀ ਗਈ। ਮਕੌੜਾ ਪੱਤਣ ਤੋਂ ਪਾਰ ਦੇ ਪਿੰਡਾਂ ਦੇ ਵਸਨੀਕਾਂ ਨੇ ਰਾਜਪਾਲ ਪੰਜਾਬ ਨੂੰ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਅਤੇ ਨਾਲ ਹੀ ਮਕੌੜਾ ਪੱਤਣ ਤੇ ਰਾਵੀ ਦਰਿਆ ਤੇ ਪੱਕਾ ਪੁਲ ਬਣਾਉਣ ਦੀ ਮੰਗ ਵੀ ਕੀਤੀ।

ਰਾਜਪਾਲ ਨੇ ਇਲਾਕਾ ਵਾਸੀਆਂ ਦੀਆਂ ਇਨ੍ਹਾਂ ਮੰਗਾਂ ਸਬੰਧੀ ਕਾਰਵਾਈ ਦਾ ਭਰੋਸਾ ਦਿੱਤਾ। ਇਸ ਮੌਕੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਸਕੱਤਰ ਵੀ. ਪੀ. ਸਿੰਘ, ਡੀਸੀ ਦਲਵਿੰਦਰਜੀਤ ਸਿੰਘ, ਡੀਆਈਜੀ ਨਾਨਕ ਸਿੰਘ, ਜ਼ਿਲ੍ਹਾ ਪੁਲਸ ਮੁਖੀ ਬਟਾਲਾ ਜਨਾਬ ਸੋਹੇਲ ਕਾਸਿਮ ਮੀਰ, ਜ਼ਿਲ੍ਹਾ ਪੁਲਸ ਮੁਖੀ ਆਦਿੱਤਯ, ਏਡੀਸੀ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਏਡੀਸੀ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸਡੀਐੱਮ ਡਾ. ਆਦਿੱਤਯ ਸ਼ਰਮਾ, ਐੱਸਡੀਐੱਮ ਜਯੋਤਸਨਾ, ਐੱਸਡੀਐੱਮ ਜਸਪਿੰਦਰ ਸਿੰਘ ਭੁੱਲਰ, ਐੱਸਡੀਐੱਮ ਗੁਰਮੰਦਰ ਸਿੰਘ, ਸਹਾਇਕ ਕਮਿਸ਼ਨਰ ਰੁਪਿੰਦਰ ਪਾਲ ਸਿੰਘ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

## ਰਾਵੀ ਦਰਿਆ 'ਚ ਪਾਣੀ ਛੱਡਣ ਨਾਲ ਸਰਹੱਦੀ ਪਿੰਡਾਂ 'ਚ ਇਕ ਵਾਰ ਫਿਰ ਵਧਿਆ ਪਾਣੀ

ਗੁਰਦਾਸਪੁਰ (ਜਨਕ ਮਹਾਜਨ)-ਰਾਵੀ ਦਰਿਆ ਵਿੱਚ ਫਿਰ ਪਾਣੀ ਛੱਡਣ ਨਾਲ ਹੁਣ ਇਕ ਵਾਰ ਫਿਰ ਸਰਹੱਦੀ ਪਿੰਡਾਂ ਅੰਦਰ ਪਾਣੀ ਆਉਣ ਕਰਕੇ ਲੋਕਾਂ ਦੇ ਸਾਹ ਸੂਤੇ ਪਏ ਹਨ ਅਤੇ ਲੋਕਾਂ ਦੀਆਂ ਮੁਸ਼ਕਲਾਂ ਘਟਣ ਦੀ ਬਜਾਏ ਫਿਰ ਵਧਦੀਆਂ ਨਜ਼ਰ ਆ ਰਹੀਆਂ ਹਨ। ਪਾਣੀ ਦਾ ਪੱਧਰ ਘਟਦਾ ਦੇਖ ਕੇ ਲੋਕਾਂ ਨੇ ਥੋੜਾ ਅਜਿਹਾ ਸੁੱਖ ਦਾ ਸਾਹ ਲਿਆ ਸੀ ਪਰ ਹੁਣ ਫਿਰ ਪ੍ਰਸ਼ਾਸਨ ਵਲੋਂ ਲੋਕਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਕਿ ਉਹ ਚੌਕਸ ਹੋ ਕੇ ਰਹਿਣ ਅਤੇ ਆਪਣੇ ਘਰ ਖ਼ਾਲੀ ਕਰਕੇ ਕਿਸੇ ਸੁਰੱਖਿਅਤ ਜਗ੍ਹਾ 'ਤੇ ਚਲੇ ਜਾਣ। ਲੋਕਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਪਹਿਲਾਂ ਵੀ ਕਾਫ਼ੀ ਨੁਕਸਾਨ ਹੋ ਚੁੱਕਾ ਹੈ ਅਤੇ ਹੁਣ ਲੱਗਦਾ ਇੰਝ ਹੈ ਕਿ ਥੋੜਾ ਬਹੁਤ ਸਾਮਾਨ ਜੋ ਬਚਿਆ ਹੈ, ਉਹ ਵੀ ਪਾਣੀ ਵਿਚ ਰੁੜ੍ਹ ਜਾਵੇਗਾ। ਉਂਜ ਸਮਾਜ ਸੇਵੀ ਲੋਕਾਂ ਵਲੋਂ ਵੱਡੀ ਪੱਧਰ 'ਤੇ ਸੇਵਾ ਦਾ ਕੰਮ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਵੱਖ-ਵੱਖ ਟਰਾਲੀਆਂ ਲੰਗਰ, ਦਵਾਈਆਂ, ਦੁੱਧ, ਟਾਰਚ ਲਾਈਟਾਂ ਤੋਂ ਇਲਾਵਾ ਹੋਰ ਬਹੁਤ ਸਾਰਾ ਸਮਾਨ ਲੈ ਕੇ ਆ ਰਹੀਆਂ ਹਨ ਜਿਸ ਦਾ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਕਾਫੀ ਲਾਭ ਮਿਲ ਰਿਹਾ ਹੈ। ਲੋਕਾਂ ਨੇ ਦੱਸਿਆ ਕਿ ਹੜ੍ਹ ਦੇ ਪਾਣੀ ਨਾਲ ਜਿੱਥੇ ਲੋਕਾਂ ਦੇ ਘਰ ਨੁਕਸਾਨੇ ਗਏ ਉੱਥੇ ਹੀ ਫਸਲਾਂ ਦਾ ਵੀ ਕਾਫੀ ਉਜਾੜਾ ਹੋ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਕਾਰਨ ਪਸ਼ੂਆਂ ਨੂੰ ਚਾਰਾ ਨਹੀਂ ਮਿਲਿਆ ਪਰ ਸਮਾਜ ਸੇਵੀਆਂ ਆਗੂਆਂ ਦੇ ਯਤਨਾਂ ਸਦਕਾ ਹੁਣ ਪਸ਼ੂਆਂ ਵਾਸਤੇ ਟਰਾਲੀਆਂ ਰਾਹੀਂ ਚਾਰਾ ਆ ਰਿਹਾ ਹੈ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਤਾਂ ਜੋ ਲੋਕ ਇਸ ਕੁਦਰਤੀ ਮਾਰ ਤੋਂ ਬਾਹਰ ਨਿਕਲ ਸਕਣ।



## ਦੋ ਪਾਸਿਓਂ ਸੜਕਾਂ 'ਚ ਪਾੜ ਪੈਣ ਕਾਰਨ ਪਿੰਡ ਕਹਣਾ ਦਾ ਦੀਨਾਨਗਰ ਨਾਲੋਂ ਸੰਪਰਕ ਟੁੱਟਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲਗਾਤਾਰ ਬਾਰਿਸ਼ ਹੋਣ ਕਰਕੇ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਨਾਲ ਜਿੱਥੇ ਲੋਕਾਂ ਨੂੰ ਹੜ੍ਹ ਦਾ ਸਾਹਮਣਾ ਕਰਨਾ ਪਿਆ ਓਥੇ ਹੀ ਇੱਕ ਵਾਰ ਫਿਰ ਰਾਵੀ ਦਰਿਆ ਦਾ ਪੱਧਰ ਵਧਣਾ ਸ਼ੁਰੂ ਹੋ ਗਿਆ ਹੈ।ਜੇਕਰ ਗੱਲ ਕਰੀਏ ਦੀਨਾਨਗਰ ਅਧੀਨ ਆਉਂਦੇ ਪਿੰਡ ਕਹਣਾ ਦੀ ਤਾਂ ਦੋਨਾਂ ਪਾਸਿਓ



ਸੜਕਾਂ ਵਿੱਚ ਪਾੜ ਪੈਣ ਨਾਲ ਪਿੰਡ ਦਾ ਸੰਪਰਕ ਹਲਕਾ ਦੀਨਾਨਗਰ ਅਤੇ ਜ਼ਿਲ੍ਹੇ ਗੁਰਦਾਸਪੁਰ ਨਾਲ ਟੁੱਟ ਗਿਆ ਹੈ।ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਹੜ੍ਹ ਦੀ ਚਪੇਟ ਵਿੱਚ ਆਏ ਪਿੰਡ ਕਹਣਾ ਦੇ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਸੀ ਅਤੇ ਪਿੰਡ ਨੂੰ ਜਾਣ ਵਾਲੀਆਂ ਸੜਕਾਂ ਵੀ ਰੁੜ੍ਹ ਗਈਆਂ ਸਨ।ਪਾਣੀ ਦਾ ਬਹਾਵ ਇਨ੍ਹਾਂ ਤੇਜ਼ ਸੀ ਕਿ ਸੜਕਾਂ 'ਚ ਵੱਡੇ ਵੱਡੇ ਟੋਏ ਪੈ ਗਏ ਹਨ।ਦੱਸ ਦਈਏ ਕਿ ਕੁਦਰਤ ਨੇ ਇਸ ਵਾਰ ਬਾਰਿਸ਼ ਦਾ ਰਿਕਾਰਡ ਤੋੜ ਦਿੱਤਾ ਹੈ।ਲੋੜ ਤੋਂ ਵੱਧ ਬਾਰਿਸ਼ ਹੋਣ ਕਰਕੇ ਇਕ ਵਾਰ ਫਿਰ ਰਾਵੀ ਦਰਿਆ ਦਾ ਪਾਣੀ ਦਾ ਪੱਧਰ ਵਧ ਗਿਆ ਹੈ ਜਿਸ ਨਾਲ ਪਿੰਡ ਦੀਆਂ ਗਲੀਆਂ ਵਿੱਚ ਪਾਣੀ ਭਰਨਾ ਸ਼ੁਰੂ ਗਿਆ ਹੈ।ਪਿੰਡ ਵਾਲਿਆਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕੁਦਰਤੀ ਆਫਤ ਨਾਲ ਨਜਿੱਠਣ ਲਈ ਜਲਦੀ ਤੋਂ ਜਲਦੀ ਮਦਦ ਕੀਤੀ ਜਾਵੇ।

## ਸਰਕਾਰੀ ਸੀ. ਸੈ. ਸਕੂਲ ਸੋਹਲ ਦੇ ਸਟਾਫ ਨੇ ਹੜ੍ਹ ਪੀੜਤਾਂ ਨੂੰ 35,000 ਰੁਪਏ ਦੀ ਰਾਹਤ ਸਮੱਗਰੀ ਵੰਡੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹਲ (ਗੁਰਦਾਸਪੁਰ) ਦੇ ਸਮੂਹ ਸਟਾਫ ਵਲੋਂ ਸਕੂਲ ਪ੍ਰਿੰਸੀਪਲ ਪੁਸਪਿੰਦਰ ਸਿੰਘ ਰਹਿਨੁਮਾਈ ਹੇਠ ਕਰੀਬ 35,000 ਰੁਪਏ ਦੀ ਰਾਸ਼ੀ ਇਕੱਤਰ ਕਰਕੇ ਹੜ੍ਹ ਪੀੜਤਾਂ ਵਾਸਤੇ ਪਾਣੀ ਅਤੇ ਸੁੱਕਾ ਰਾਸ਼ਨ ਦੋ ਖੇਪਾਂ ਵਿੱਚ ਡੇਰਾ ਬਾਬਾ ਨਾਨਕ ਅਤੇ ਸ਼ਿਕਾਰ ਮਾਛੀਆਂ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵੰਡਿਆ ਗਿਆ। ਰਾਹਤ ਸਮੱਗਰੀ ਨੂੰ ਹੜ੍ਹ ਪ੍ਰਭਾਵਿਤ



ਇਲਾਕਿਆਂ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰ ਡਾਕਟਰ ਸਰਦੂਲ ਸਿੰਘ, ਨਿਰਮਲਜੀਤ ਸਿੰਘ, ਰਾਜਨਦੀਪ ਸਿੰਘ ਅਤੇ ਅਮਨਦੀਪ ਜਫਰਵਾਲ ਵਲੋਂ ਨਿਭਾਈ ਗਈ। ਇਸ ਮੌਕੇ ਰਾਜਨਦੀਪ ਸਿੰਘ ਨੇ ਕਿਹਾ ਕਿ ਲੋਕਾਂ ਦੇ ਹੋਏ ਨੁਕਸਾਨ ਦਾ ਮੁਆਵਜਾ ਦੇਣਾ ਭਾਵੇਂ ਸਰਕਾਰ ਦੀ ਜ਼ਿੰਮੇਵਾਰ ਹੈ, ਪਰ ਇਨਸਾਨੀਅਤ ਦੇ ਨਾਤੇ ਸਾਡਾ ਸਰਿਆ ਦਾ ਫਰਜ ਬਨਦਾ ਹੈ ਕਿ ਹੜ੍ਹ ਪੀੜਤਾਂ ਦੀ ਇਸ ਬਿਪਤਾ ਵਿੱਚ ਵੱਧ ਤੋਂ ਵੱਧ ਮਦਦ ਕਰੀਏ ਤਾਂ ਜੋ ਹੜ੍ਹ ਪੀੜਤ ਕੋਈ ਵੀ ਇਨਸਾਨ ਇਨ੍ਹਾਂ ਮੁਸ਼ਕਿਲਾਂ ਭਰੇ ਦਿਨਾਂ ਵਿੱਚ ਭੁੱਖਾ ਨਾ ਰਹੇ। ਇਸ ਮੌਕੇ ਹੜ੍ਹ ਪੀੜਤਾਂ ਨੂੰ ਪਸ਼ੂਆਂ ਲਈ ਅਚਾਰ ਅਤੇ ਚੋਕਰ ਦੀਆਂ ਬੋਰੀਆਂ ਵੀ ਵੰਡੀਆਂ ਗਈਆਂ।

## ਸਪਲਾਈ ਚੇਨ ਨਿਰੰਤਰ ਚਾਲੂ ਰੱਖਣ ਲਈ ਵਰ੍ਹਦੇ ਮੀਂਹ 'ਚ ਡਟੀ ਰਹੀ ਐੱਸ ਪੀ ਅਮਨਦੀਪ ਕੌਰ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਅੰਮ੍ਰਿਤਸਰ ਜੋ ਕਿ ਵੱਡਾ ਸ਼ਹਿਰ ਹੋਣ ਕਾਰਨ ਆਵਾਜਾਈ ਦੀ ਸਮੱਸਿਆ ਨਾਲ ਦੋ-ਚਾਰ ਹੁੰਦਾ ਰਹਿੰਦਾ ਹੈ, ਵਿੱਚੋਂ ਰਾਹਤ ਸਮੱਗਰੀ ਵਾਲੇ ਟਰੱਕ ਟਰਾਲੀਆਂ ਨੂੰ ਦਿਨ ਵੇਲੇ ਲੰਘਾਉਣਾ ਇੱਕ ਵੱਡੀ ਚੁਣੌਤੀ ਹੈ ਅਤੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਹੈ ਐੱਸਪੀ ਟਰੈਫਿਕ ਅਮਨਦੀਪ ਕੌਰ ਨੇ।ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਇਸ ਅਹਿਮ ਕਾਰਜ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ।ਅਮਨਦੀਪ ਕੌਰ ਜੋ ਕਿ ਲੋਕਾਂ ਵਿੱਚ ਪਹਿਲਾਂ ਵੀ ਲੇਡੀ ਸਿੰਘਮ ਕਰਕੇ ਜਾਣੇ



ਜਾਂਦੇ ਹਨ, ਸ਼ਹਿਰ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਜਾਣਦੇ ਹੋਏ ਇਸ ਵੇਲੇ ਇਹ ਜ਼ਿੰਮੇਵਾਰੀ ਨਿਭਾ ਰਹੇ ਹਨ ਕਿ ਪੰਜਾਬ ਭਰ ਵਿੱਚੋਂ ਰਾਹਤ ਲਈ ਆਉਣ ਵਾਲੇ ਟਰੱਕ, ਟਰਾਲੀਆਂ ਅਤੇ ਹੋਰ ਵੱਡੇ ਸਾਧਨ ਬਿਨਾਂ ਕਿਸੇ ਰੁਕਾਵਟ ਦੇ ਹੜ੍ਹ ਪੀੜਤ ਇਲਾਕਾ, ਜੋ ਕਿ ਅਜਨਾਲਾ ਤੇ ਰਮਦਾਸ ਦੀ ਬੈਲਟ ਹੈ, ਵਿੱਚ ਪਹੁੰਚਦੇ ਰਹਿਨ।ਵੱਲਾ ਬਾਈਪਾਸ ਉੱਪਰ ਬਣ ਰਹੇ ਪੁਲ ਕਾਰਨ ਲੱਗਦੇ ਜਾਮ, ਗੁੰਮਟਾਲਾ ਬਾਈਪਾਸ, ਫਤਿਹਗੜ੍ਹ ਚੂੜੀਆਂ ਚੌਂਕ ਤੋਂ ਟਰੈਫਿਕ ਨੂੰ ਲੰਘਾਉਣਾ ਇਸ ਵੇਲੇ ਉਨ੍ਹਾਂ ਦੀ ਵੱਡੇ ਚੁਣੌਤੀ ਹੈ।ਦੱਸਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਜਦ ਅੰਮ੍ਰਿਤਸਰ ਪੁਲਸ ਨੇ ਰਾਹਤ ਕਾਰਜਾਂ ਲਈ ਤਿੰਨ ਟਰੱਕ ਰਾਹਤ ਸਮੱਗਰੀ ਦੇ ਭੇਜੇ ਸਨ ਤਾਂ ਵੀ ਅਮਨਦੀਪ ਕੌਰ ਦੀ ਅਗਵਾਈ ਹੇਠ ਹੀ ਟੀਮ ਨੇ ਸੁਧਾਰ ਅਤੇ ਨਾਨੋਕੇ ਦੇ ਪਿੰਡਾਂ ਵਿੱਚ ਜਾ ਕੇ ਇਹ ਰਾਹਤ ਸਮੱਗਰੀ ਆਪਣੇ ਹੱਥੀਂ ਵੰਡੀ ਸੀ।

## ਜਸਬੀਰ ਸਿੰਘ ਸੁਜਾਨਪੁਰ ਤੋਂ 'ਆਪ' ਦੇ ਹਲਕਾ ਇੰਚਾਰਜ ਨਿਯੁਕਤ

ਪਠਾਨਕੋਟ, (ਦਵਿੰਦਰ ਸਿੰਘ)-ਰਾਜਪੂਤ ਕਲਿਆਨ ਬੋਰਡ ਪੰਜਾਬ ਦੇ ਚੇਅਰਮੈਨ ਸਵਰਨ ਸਿੰਘ ਸਲਾਰੀਆ ਦੁਆਰਾ ਪਠਾਨਕੋਟ ਦੇ ਪਿੰਡ ਬੁੰਗਲ ਦੇ ਸਾਬਕਾ ਸਰਪੰਚ ਅਤੇ ਆਪ ਦੇ ਸਰਗਰਮ ਨੇਤਾ ਜਸਬੀਰ ਸਿੰਘ ਨੂੰ ਵਿਧਾਨ ਸਭਾ ਸੁਜਾਨਪੁਰ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ (ਕੋਆਰਡੀਨੇਟਰ) ਨਿਯੁਕਤ ਕੀਤਾ ਗਿਆ। ਚੇਅਰਮੈਨ ਸਵਰਨ ਸਲਾਰੀਆ ਨੇ ਜਸਬੀਰ ਸਿੰਘ ਨੂੰ ਅੱਜ ਨਿਯੁਕਤੀ ਪੱਤਰ



ਦਿੰਦੇ ਹੋਏ ਦੱਸਿਆ ਕਿ ਜਸਬੀਰ ਸਿੰਘ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਅਤੇ ਜਨਤਾ ਪ੍ਰਤੀ ਪਿਆਰ ਅਤੇ ਜ਼ਰੂਰਤਮੰਦ ਲੋਕਾਂ ਦੇ ਹੱਕ ਲਈ ਹਮੇਸ਼ਾ ਅੱਗੇ ਰਹਿਣ ਨੂੰ ਵੇਖਦੇ ਹੋਏ ਪਾਰਟੀ ਵਿੱਚ ਹਲਕਾ ਇੰਚਾਰਜ (ਕੋਆਰਡੀਨੇਟਰ) ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦੀ ਅਗਵਾਈ ਹੇਠ ਹਲਕੇ ਵਿੱਚ ਆਪ ਪਾਰਟੀ ਨੂੰ ਹੋਰ ਵੀ ਮਜ਼ਬੂਤੀ ਮਿਲੇਗੀ।ਲੋਕ ਇਨ੍ਹਾਂ ਦੇ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ।ਉਨ੍ਹਾਂ ਨੇ ਕਿਹਾ ਕਿ ਅੱਜ ਭਾਰੀ ਮੀਂਹ ਕਾਰਨ ਖੇਤਰ ਵਿੱਚ ਅਨੇਕਾਂ ਗਰੀਬ ਪਰਿਵਾਰਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜਿਸ ਨੂੰ ਇਹ ਪਿੰਡ-ਪਿੰਡ ਅਤੇ ਘਰ-ਘਰ ਪਹੁੰਚ ਕੇ ਦੂਰ ਕਰ ਰਹੇ ਹਨ ਤਾਂ ਜੋ ਪੀੜਤ ਪਰਿਵਾਰਾਂ ਦੀ ਉਚਿਤ ਸਹਾਇਤਾ ਕੀਤੀ ਜਾ ਸਕੇ। ਇਸ ਮੌਕੇ ਤੇ ਨਵ-ਨਿਯੁਕਤ ਆਪ ਹਲਕਾ ਇੰਚਾਰਜ (ਕੋਆਰਡੀਨੇਟਰ) ਜਸਬੀਰ ਸਿੰਘ ਨੇ ਕਿਹਾ ਕਿ ਪਾਰਟੀ ਦੇ ਵਰਿਸ਼ਠ ਨੇਤਾ ਚੇਅਰਮੈਨ ਸਲਾਰੀਆ ਦੁਆਰਾ ਉਨ੍ਹਾਂ ਤੇ ਵਿਸ਼ਵਾਸ ਕਰਕੇ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

## ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਰਾਵੀ ਦੇ ਧੁੱਸੀ ਬੰਨ੍ਹ ਲਈ ਪੌਣੇ ਤਿੰਨ ਕਰੋੜ ਰੁਪਏ ਦਿੱਤੇ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਅਪਣੇ ਅਖਤਿਆਰੀ ਫੰਡਾਂ ਦੀ ਵਰਤੋਂ ਕਰਦੇ ਹੋਏ ਗੁਰਦਾਸਪੁਰ ਜ਼ਿਲ੍ਹੇ ਦੇ ਧੁੱਸੀ ਬੰਨ੍ਹ ਨੂੰ ਮਬਜੂਤ ਕਰਨ ਲਈ ਪੌਣੇ ਤਿੰਨ ਕਰੋੜ ਰੁਪਏ ਦਿੱਤੇ ਹਨ।ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਭੇਜੇ ਗਏ ਮੰਜ਼ੂਰੀ ਪੱਤਰ ਵਿੱਚ ਮੈਂਬਰ ਪਾਰਲੀਮੈਂਟ ਰਾਘਵ ਚੱਢਾ ਨੇ ਕਿਹਾ ਹੈ ਕਿ ਹੜ੍ਹਾਂ ਨੇ ਘਰਾਂ, ਖੇਤੀਬਾੜੀ ਜ਼ਮੀਨਾਂ ਅਤੇ ਜਨਤਕ ਬੁਨਿਆਦੀ ਢਾਂਚੇ ਨੂੰ ਵੱਡੇ ਪੱਧਰ ਤੇ ਨੁਕਸਾਨ ਕੀਤਾ ਹੈ ਅਤੇ ਭਵਿੱਖ ਵਿੱਚ ਮੁੜ ਅਜਿਹਾ ਸਮਾਂ ਨਾ ਵੇਖਣਾ ਪਵੇ ਇਸ ਲਈ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ।ਪੰਜਾਬ ਦੀ ਨੁਮਾਇੰਦਗੀ ਕਰਨ ਵਾਲੇ ਸੰਸਦ ਮੈਂਬਰ ਹੋਣ ਦੇ ਨਾਤੇ ਉਹ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਦੇ ਜੀਵਨ ਅਤੇ ਜੀਵਿਕਾ ਦੀ ਰੱਖਿਆ ਕਰਨ ਲਈ ਹਮੇਸ਼ਾ ਵਚਨਬੱਧ ਹਨ।ਦੱਸਣਯੋਗ ਹੈ ਕਿ ਰਾਵੀ ਦਰਿਆ ਵਿੱਚ ਆਏ ਹੜ੍ਹ ਕਾਰਨ ਦੀਨਾਨਗਰ ਖੇਤਰ 'ਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਰਾਜ ਸਭਾ ਮੈਂਬਰ ਰਾਘਵ ਚੱਢਾ ਲੰਘੀ 29 ਅਗਸਤ ਨੂੰ ਦੀਨਾਨਗਰ ਖੇਤਰ ਅੰਦਰ ਆਏ ਸਨ, ਜਿੱਥੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾਨ ਕਰਦਿਆਂ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਅਤੇ ਉਨ੍ਹਾਂ ਦਾ ਹਾਲ ਜਾਣਿਆ ਸੀ।



ਨਾਲ ਹੀ ਰਾਘਵ ਚੱਢਾ ਨੇ ਐਲਾਨ ਕੀਤਾ ਸੀ ਕਿ ਉਹ ਜਲਦੀ ਹੀ ਇਸ ਖੇਤਰ ਅੰਦਰ ਹੜ੍ਹਾਂ ਦੀ ਰੋਕਥਾਮ ਲਈ ਕੋਈ ਠੋਸ ਉਪਰਾਲਾ ਕਰਨਗੇ ਜਿਸ ਮਗਰੋਂ ਮਹਿਜ਼ ਤਿੰਨ ਦਿਨਾਂ ਬਾਅਦ ਹੀ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਅਪਣੇ ਅਖਤਿਆਰੀ ਫੰਡਾਂ 'ਚੋਂ 2.75 ਕਰੋੜ ਰੁਪਏ ਗੁਰਦਾਸਪੁਰ ਜ਼ਿਲ੍ਹੇ ਅੰਦਰ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਜਾਰੀ ਕਰ ਦਿੱਤੇ ਹਨ।

## ਤਰਕਸ਼ੀਲ ਸੁਸਾਇਟੀ ਇਕਾਈ ਗੁਰਦਾਸਪੁਰ ਨੇ ਹੜ੍ਹ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਗੁਰਦਾਸਪੁਰ ਇਕਾਈ ਵੱਲੋਂ ਦੋਰਾਂਗਲਾ ਖੇਤਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਸਲਾਮਪੁਰ, ਵਜੀਰਪੁਰ ਅਤੇ ਇਸ ਤੋਂ ਅੱਗੇ ਕੁੱਝ ਡੇਰਿਆਂ 'ਤੇ ਜਿੱਥੋਂ ਤੱਕ ਸੰਭਵ ਹੋ ਸਕਿਆ ਦੁੱਧ, ਬਿਸਕੁਟ, ਪਾਣੀ



ਅਤੇ ਦਵਾਈਆਂ ਦਿੱਤੀਆਂ ਵੰਡੀਆਂ ਗਈਆਂ। ਤਰਕਸ਼ੀਲ ਆਗੂ ਤਰਲੋਚਨ ਸਿੰਘ, ਅਜੇਪਾਲ, ਨਗਿੰਦਰ ਸਿੰਘ, ਅਰੁਣ ਕੁਮਾਰ ਅਤੇ ਪ੍ਰੇਮ ਥਾਪਾ ਨੇ ਦੱਸਿਆ ਕਿ ਸਮਾਜਸੇਵੀ ਜਥੇਬੰਦੀਆਂ ਅਤੇ ਆਮ ਲੋਕਾਂ ਵੱਲੋਂ ਰਾਸ਼ਨ ਅਤੇ ਲੰਗਰ ਬਹੁਤ ਸਪਲਾਈ ਕੀਤਾ ਜਾ ਰਿਹਾ ਹੈ ਪਰ ਕੁੱਝ ਇਲਾਕਿਆਂ ਵਿੱਚ ਅਜੇ ਵੀ ਬਹੁਤ ਪਾਣੀ ਹੈ। ਪਸ਼ੂ ਪੰਛੀ ਮਰ ਚੁੱਕੇ ਹਨ ਉੱਥੇ ਸਹਾਇਤਾ ਪਹੁੰਚਾਉਣੀ ਬਹੁਤ ਮੁਸ਼ਕਲ ਹੈ ਫਿਰ ਵੀ ਸਰਕਾਰ ਅਤੇ ਆਮ ਲੋਕਾਂ ਵੱਲੋਂ ਯਤਨ ਜਾਰੀ ਹਨ। ਉਨ੍ਹਾਂ ਕਿਹਾ ਪਾਣੀ ਉਤਰਨ ਤੋਂ ਬਾਅਦ ਚਮੜੀ ਦੇ ਰੋਗ, ਮਲੇਰੀਆ ਅਤੇ ਹੋਰ ਭਿਆਨਕ ਬਿਮਾਰੀਆਂ ਫੈਲ ਸਕਦੀਆਂ ਹਨ। ਦਸ ਪੰਦਰਾਂ ਦਿਨ ਬਾਅਦ ਪ੍ਰਭਾਵਿਤ ਲੋਕਾਂ ਨੂੰ ਆਰਥਿਕ ਮਦਦ ਦੀ ਲੋੜ ਪਵੇਗੀ। ਤਰਕਸ਼ੀਲ ਸਾਥੀਆਂ ਨੇ ਦੱਸਿਆ ਕਿ ਉਹ ਬਾਅਦ ਵਿੱਚ ਵੀ ਆਪਣੀ ਸਮਰੱਥਾ ਅਨੁਸਾਰ ਸਹਿਯੋਗ ਦਿੰਦੇ ਰਹਾਂਗੇ। ਉਨ੍ਹਾਂ ਦੱਸਿਆ ਕਿ ਸਿਆਸਤ, ਧਰਮ ਅਤੇ ਜਾਤ ਪਾਤ ਦੇ ਵੱਖਰੇਵੇਂ ਤੋਂ ਉੱਪਰ ਉੱਠ ਕੇ ਲੋਕ ਮਨੁੱਖਤਾ ਦੀ ਸੇਵਾ ਕਰ ਰਹੇ ਹਨ, ਇਹ ਬਹੁਤ ਚੰਗੀ ਗੱਲ ਹੈ।

## ਢਹਿ ਗਏ ਮਕਾਨਾਂ ਦੇ ਪੀੜਤਾਂ ਨੂੰ ਚੇਅਰਮੈਨ ਸਵਰਨ ਸਿੰਘ ਸਲਾਰੀਆ ਨੇ ਦਿੱਤੇ 10 ਲੱਖ ਰੁਪਏ

ਪਠਾਨਕੋਟ (ਦਵਿੰਦਰ ਸਿੰਘ)-ਧਾਰ ਬਲਾਕ ਦੇ ਪਿੰਡ ਦਰੰਗਖੱਡ ਵਿੱਚ ਹਾਲ ਹੀ ਵਿੱਚ ਹੋਏ ਭਾਰੀ ਮੀਂਹ ਕਾਰਨ ਕਈ ਪਰਿਵਾਰਾਂ ਦੇ ਕੱਚੇ ਮਕਾਨ ਢਹਿ ਗਏ ਸਨ।ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਰਾਜਪੂਤ ਕਲਿਆਣ ਬੋਰਡ ਪੰਜਾਬ ਦੇ ਚੇਅਰਮੈਨ ਸਵਰਨ ਸਿੰਘ ਸਲਾਰੀਆ



ਖੁਦ ਪਿੰਡ ਪਹੁੰਚੇ ਅਤੇ ਰਾਹਤ ਸਾਮੱਗਰੀ ਦੇ ਰੂਪ ਵਿੱਚ ਪੰਜ ਪਰਿਵਾਰਾਂ ਨੂੰ 2-2 ਲੱਖ ਰੁਪਏ ਦੇ ਚੈੱਕ ਭੇਟ ਕੀਤੇ।ਕੁੱਲ 10 ਲੱਖ ਰੁਪਏ ਦੀ ਇਸ ਆਰਥਿਕ ਸਹਾਇਤਾ ਨਾਲ ਇਨ੍ਹਾਂ ਪਰਿਵਾਰਾਂ ਨੂੰ ਆਪਣੇ ਜਰਜਰ ਘਰਾਂ ਨੂੰ ਦੁਬਾਰਾ ਬਣਾਉਣ ਵਿੱਚ ਸਹਾਰਾ ਮਿਲੇਗਾ।ਸਾਬਕਾ ਸਰਪੰਚ ਜਸਵੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਚੇਅਰਮੈਨ ਸਵਰਨ ਸਿੰਘ ਸਲਾਰੀਆ ਨੇ ਕਿਸੇ ਇੱਕ ਸਮੁਦਾਏ ਨੂੰ ਤਰਜੀਹ ਨਾ ਦੇ ਕੇ ਸਾਰੇ ਵਰਗਾਂ ਦੇ ਪੀੜਤ ਪਰਿਵਾਰਾਂ ਨੂੰ ਉਕਤ ਯੋਜਨਾ ਅਧੀਨ 10 ਲੱਖ ਰੁਪਏ ਦੀ ਰਾਸ਼ੀ ਦਿੱਤੀ ਹੈ।ਇਹ ਕਦਮ ਸਮਾਜ ਵਿੱਚ ਬਿਨਾਂ ਭੇਦਭਾਵ ਮਨੁੱਖਤਾ ਅਤੇ ਭਾਈਚਾਰੇ ਦੀ ਮਿਸਾਲ ਹੈ।ਚੇਅਰਮੈਨ ਸਲਾਰੀਆ ਨੇ ਇਸ ਦੌਰਾਨ ਕਿਹਾ ਕਿ ਰਾਜਪੂਤ ਕਲਿਆਣ ਬੋਰਡ ਪੰਜਾਬ ਹਮੇਸ਼ਾ ਸਮਾਜ ਦੇ ਕਮਜ਼ੋਰ ਅਤੇ ਜ਼ਰੂਰਤਮੰਦ ਵਰਗਾਂ ਦੇ ਨਾਲ ਖੜ੍ਹਾ ਹੈ ਅਤੇ ਉਨ੍ਹਾਂ ਦੇ ਹੱਕ ਲਈ ਸੰਘਰਸ਼ ਕਰਦਾ ਰਹੇਗਾ।

ਇਸ ਮੌਕੇ ਵਰਿੰਦਰ ਸਿੰਘ, ਜਨਕ ਰਾਜ, ਰਮੇਸ਼ ਪਠਾਨੀਆ, ਜੇ. ਪੀ. ਸਿੰਘ, ਕਿਸ਼ਨ, ਅਮਰਜੀਤ ਸਿੰਘ, ਸੁਰਜੀਤ ਸਿੰਘ, ਸਰਪੰਚ ਧਰਮਿੰਦਰ ਸਿੰਘ, ਬਲਾਕ ਸਮਿਤੀ ਮੈਂਬਰ ਪੁਸ਼ਪਿੰਦਰ ਪਠਾਨੀਆ, ਹੰਸਰਾਜ, ਰਾਸ਼ਿਦ, ਸ਼ਹਿਨਾਜ਼ ਅਖ਼ਤਰ ਆਦਿ ਸ਼ਾਮਲ ਰਹੇ।

# ਹੜ੍ਹ ਪੀੜਤ ਲੋਕਾਂ ਦੀ ਸਾਰ ਲੈਣ ਪਹੁੰਚੇ ਲੋਕ ਗਾਇਕ ਸੁਰਜੀਤ ਭੁੱਲਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕੁਦਰਤੀ ਆਫਤ ਦੀ ਮਾਰ ਝੱਲ ਰਹੇ ਹੜ੍ਹ ਪੀੜਤ ਲੋਕਾਂ ਦੀ ਸਾਰ ਲੈਣ ਪਹੁੰਚੇ ਲੋਕ ਗਾਇਕ ਸੁਰਜੀਤ ਭੁੱਲਰ ਨੇ ਹਥਾੜ ਏਰੀਏ ਦੇ ਪਿੰਡ ਬੰਡਾਲਾ ਅਤੇ ਹੋਰਨਾਂ ਪਿੰਡਾਂ ਵਿੱਚ ਪਹੁੰਚ ਕੇ ਉਥੋਂ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਘਰ ਪਾਣੀ ਦੀ ਲਪੇਟ ਵਿੱਚ ਆ ਗਏ ਹਨ ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਲੋਕ ਗਾਇਕ ਸੁਰਜੀਤ ਭੁੱਲਰ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਨੂੰ ਸਭ ਨੂੰ ਰਲ ਮਿਲ ਕੇ ਇਨ੍ਹਾਂ ਹੜ੍ਹ ਪੀੜਤ ਲੋਕਾਂ ਦੀ ਸਾਰ ਲੈਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਕੁਦਰਤ ਇੰਨੀ ਕਰੋਪ ਹੋ ਚੁੱਕੀ ਹੈ ਕਿ ਦਰਿਆ ਦੇ ਪਾਣੀ ਦਾ ਪੱਧਰ ਲਗਾਤਾਰ ਵਧਦਾ ਹੀ ਜਾ ਰਿਹਾ ਹੈ ਅਤੇ ਉੱਪਰੋਂ ਮੀਂਹ ਦੀ ਮਾਰ ਵੀ ਝੱਲਣੀ ਪੈ ਰਹੀ ਹੈ ।ਸੁਰਜੀਤ ਭੁੱਲਰ ਨੇ ਕਿਹਾ ਕਿ ਹਥਾੜ ਏਰੀਏ ਦੇ 100% ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਚੁੱਕੀਆਂ ਹਨ ਅਤੇ ਮੈਂ ਵੀ ਇੱਕ ਕਿਸਾਨ ਦਾ ਪੁੱਤਰ ਹੋਣ ਦੇ ਨਾਤੇ ਇਨ੍ਹਾਂ ਕਿਸਾਨਾਂ ਦਾ ਦਰਦ ਸਮਝ ਸਕਦਾ ਹਾਂ ।ਉਨ੍ਹਾਂ ਕਿਹਾ ਕਿ ਇਨ੍ਹਾਂ ਹੜ੍ਹ ਪੀੜਤਾਂ ਲਈ ਸਾਡੇ ਪੰਜਾਬੀ ਭਰਾਵਾਂ ਵੱਲੋਂ ਵਡਮੁੱਲਾ ਯੋਗਦਾਨ ਪਾਉਂਦਿਆਂ ਪਸ਼ੂਆਂ ਲਈ ਚਾਰਾ ਫੀਡ ਸਮੇਤ ਖਾਣ ਪੀਣ ਦੀਆਂ ਵਸਤੂਆਂ ਭੇਜੀਆਂ ਜਾ ਰਹੀਆਂ ਹਨ,



ਜਿਸ ਦੀ ਕੋਈ ਵੀ ਕਮੀ ਨਹੀਂ ਹੈ ।ਪ੍ਰੰਤੂ ਦਰਿਆ ਦਾ ਪਾਣੀ ਘਟਣ ਤੋਂ ਬਾਅਦ ਜਦੋਂ ਜ਼ਮੀਨਾਂ ਪਾਣੀ ਤੋਂ ਖਾਲੀ ਹੋਣਗੀਆਂ ਉਸ ਵਕਤ ਸਾਨੂੰ ਇਨ੍ਹਾਂ ਕਿਸਾਨਾਂ ਨਾਲ ਖੜਨ ਦੀ ਲੋੜ ਹੈ ਕਿਉਂਕਿ ਉਸ ਸਮੇਂ ਕਿਸਾਨਾਂ ਦੀਆਂ ਖੇਤਾਂ ਵਿੱਚ ਚਾਰ ਤੋਂ ਪੰਜ ਫੁੱਟ ਰੇਤ ਚੜ੍ਹ ਚੁੱਕੀ ਹੋਵੇਗੀ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਫਿਰ ਤੋਂ ਵਾਹੀਯੋਗ ਕਰਨ ਲਈ ਸਾਨੂੰ ਉਸ ਰੇਤ ਦੀ ਰਿਬ ਨੂੰ ਸਾਫ ਕਰਨਾ ਪਵੇਗਾ, ਜਿਸ ਲਈ ਹਜ਼ਾਰਾਂ ਲੀਟਰ ਡੀਜ਼ਲ ਅਤੇ ਟਰੈਕਟਰਾਂ, ਟਰਾਲੀਆਂ ਦੀ ਲੋੜ ਪਵੇਗੀ ਅਤੇ ਇਸ ਤੋਂ ਬਾਅਦ ਬੀਜਾਈ ਲਈ ਬੀਜਾਂ ਸਮੇਤ ਖਾਦ ਅਤੇ ਕੀਟਨਾਸ਼ਕ ਦਵਾਈਆਂ ਦੀ ਲੋੜ ਹੋਵੇਗੀ, ਜਿਸ ਲਈ ਮੈਂ ਪਿੰਡ ਬੰਡਾਲਾ ਅਤੇ ਹੋਰਨਾਂ ਪਿੰਡਾਂ ਦੇ ਲੋਕਾਂ ਨੂੰ ਆਪਣਾ ਸੰਭਵ ਸਹਿਯੋਗ ਦੇਵਾਂਗਾ ਤਾਂ ਕਿ ਹੜ੍ਹ ਦੀ ਲਪੇਟ ਵਿੱਚ ਆਏ ਕਿਸਾਨਾਂ ਦੀਆਂ ਜ਼ਮੀਨਾਂ ਵਾਹੀਯੋਗ ਹੋ ਸਕਣ ।

ਸੁਰਜੀਤ ਭੁੱਲਰ ਨੇ ਸਮੂਹ ਕਲਾਕਾਰ ਜਮਾਤ ਨੂੰ ਅਪੀਲ ਕੀਤੀ ਕਿ ਇਸ ਦੁੱਖ ਦੀ ਘੜੀ ਵਿੱਚ ਸਾਨੂੰ ਇਨ੍ਹਾਂ ਪੀੜਤ ਕਿਸਾਨਾਂ ਅਤੇ ਲੋਕਾਂ ਦਾ ਵੱਧ ਚੜ੍ਹ ਕੇ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਇਹ ਕਿਸਾਨ ਮੁੜ ਤੋਂ ਆਪਣੀ ਜ਼ਮੀਨ ਜੋਤ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ ।ਇਸ ਮੌਕੇ ਸੁਰਜੀਤ ਭੁੱਲਰ ਦੇ ਟੀਮ ਮੈਂਬਰ ਸਰਪੰਚ ਬਖਸ਼ੀਸ਼ ਬੁੱਟਰ, ਸਰਪੰਚ ਸਰਬ ਸੰਧੂ, ਜਸਵਿੰਦਰ ਜੱਸੀ, ਹਰਪ੍ਰੀਤ ਸਿੰਘ ਹੈਪੀ, ਗੁਰਵਿੰਦਰ ਸਿੰਘ ਗਿੱਲ, ਸੁਖਚੈਨ ਭਿੱਖੀਵਿੰਡ, ਹੈਰੀ ਚੇਲਾ, ਮੰਨੂ ਤਲਵੰਡੀ ਅਤੇ ਰਣਬੀਰ ਸਿੰਘ ਆਦਿ ਹਾਜ਼ਰ ਸਨ।

## ਰਾਘਵ ਚੱਢਾ ਵੱਲੋਂ 50 ਲੱਖ ਤੇ ਮੀਤ ਹੇਅਰ ਵੱਲੋਂ 25 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਅੰਮ੍ਰਿਤਸਰ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਬਚਾਅ ਕਾਰਜਾਂ ਤੋਂ ਬਾਅਦ ਹੁਣ ਰਾਹਤ ਦਾ ਕੰਮ ਵੱਡੇ ਪੱਧਰ ਉੱਤੇ ਜਾਰੀ ਹੈ।ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਅਗਵਾਈ ਹੇਠ ਸਾਰੇ ਅਧਿਕਾਰੀ ਲੋਕਾਂ ਨੂੰ ਰਾਹਤ ਪਹੁੰਚਾਉਣ ਅਤੇ ਮੁੜ ਵਸੇਬੇ ਲਈ ਲੱਗੇ ਹੋਏ ਹਨ।ਇਨ੍ਹਾਂ ਵਿੱਚ ਵੱਖ-ਵੱਖ ਜਥੇਬੰਦੀਆਂ, ਦਾਨੀ ਸੱਜਣਾਂ ਵੱਲੋਂ ਵੀ ਵੱਡਾ ਸਾਥ ਮਿਲ ਰਿਹਾ ਹੈ।ਸੰਸਦ ਮੈਂਬਰ ਰਾਘਵ ਚੱਢਾ ਅਤੇ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਕ੍ਰਮਵਾਰ 50 ਲੱਖ ਅਤੇ 25 ਲੱਖ ਰੁਪਏ ਦੀ ਗਰਾਂਟ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਨੂੰ ਦੇਣ ਦਾ ਐਲਾਨ ਕੀਤਾ ਹੈ।ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਭੇਜੇ ਗਏ ਪੱਤਰ ਵਿੱਚ ਰਾਘਵ ਚੱਢਾ ਨੇ ਲਿਖਿਆ ਕਿ ਪੰਜਾਬ ਤੋਂ ਸੰਸਦ ਮੈਂਬਰ ਹੋਣ ਦੇ ਨਾਤੇ ਮੈਂ ਇਸ ਸੰਕਟ ਵਿੱਚ ਆਪਣੇ ਲੋਕਾਂ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜਾ ਹਾਂ।ਉਨ੍ਹਾਂ ਅਪੀਲ ਕੀਤੀ ਕਿ ਇਹ ਪੈਸਾ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਲੋਕਾਂ ਦੀ ਮਦਦ ਲਈ ਖਰਚ ਕੀਤਾ ਜਾਵੇ।ਇਸੇ ਦੌਰਾਨ ਮੀਤ ਹੇਅਰ ਜੋ ਕਿ ਪਿਛਲੇ ਤਿੰਨ ਦਿਨਾਂ ਤੋਂ ਖ਼ੁਦ ਆਪਣੀ ਟੀਮ ਲੈ ਕੇ ਹੜ੍ਹ ਪੀੜਤ ਇਲਾਕੇ ਵਿੱਚ ਰਾਹਤ ਦੇ ਕਾਰਜ ਕਰ ਰਹੇ ਸਨ, ਨੇ ਆਪਣੇ ਕੋਟੇ ਵਿੱਚੋਂ 25 ਲੱਖ ਰੁਪਏ ਦੀ ਗਰਾਂਟ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਰਾਹਤ ਦੇ ਕੰਮਾਂ ਲਈ ਦਿੱਤੀ।ਉਨ੍ਹਾਂ ਦੱਸਿਆ ਕਿ ਮੈਨੂੰ ਇਨ੍ਹਾਂ ਤਿੰਨਾਂ ਦਿਨਾਂ ਦੌਰਾਨ ਹੜ੍ਹ ਦੀ ਮਾਰ ਹੇਠ ਆਏ ਇਲਾਕੇ ਵਿੱਚ ਪੀੜਤ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ। ਇਸ ਆਫਤ ਨੇ ਵੱਡਾ ਨੁਕਸਾਨ ਕੀਤਾ ਹੈ ਪਰ ਚੰਗੀ ਗੱਲ ਇਹ ਹੈ ਕਿ ਲੋਕਾਂ ਦੇ ਹੌਸਲੇ ਬੁਲੰਦ ਹਨ ਅਤੇ ਆਸ ਹੈ ਕਿ ਮਾਝੇ ਦੇ ਇਹ ਜੁਝਾਰੂ ਲੋਕ ਛੇਤੀ ਹੀ ਇਸ ਸੰਕਟ ਵਿੱਚੋਂ ਉਭਰ ਆਉਣਗੇ।ਉਨ੍ਹਾਂ ਆਪਣੇ ਵੱਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।



## ਸ਼ੈਰੀ ਕਲਸੀ ਨੇ ਪ੍ਰੇਮ ਨਗਰ ਵਿਖੇ ਮੀਂਹ ਕਾਰਨ ਡਿੱਗੇ ਮਕਾਨ ਦਾ ਲਿਆ ਜਾਇਜ਼ਾ

ਬਟਾਲਾ, (ਡਾ. ਮਲਵਿੰਦਰ ਸਿੰਘ)-ਪਿਛਲੇ ਦਿਨਾਂ ਤੋਂ ਪੈ ਰਹੇ ਲਗਾਤਾਰ ਮੀਂਹ ਕਾਰਨ ਗੁਰਮੀਤ ਕੌਰ ਵਾਸੀ ਪ੍ਰੇਮ ਨਗਰ ਫਾਟਕ ਵਾਲੀ ਦਾ ਮਕਾਨ ਡਿੱਗ ਗਿਆ ਸੀ।ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਮੌਕੇ 'ਤੇ ਜਾ ਕੇ ਪੀੜਤ ਪਰਿਵਾਰ ਨੂੰ ਮਿਲੇ ਤੇ ਉਨ੍ਹਾਂ



ਦੀ ਸਿਹਤ ਦਾ ਹਾਲ ਜਾਣਿਆ।ਇਸ ਮੌਕੇ ਕਮਿਸ਼ਨਰ, ਕਾਰਪੋਰੇਸ਼ਨ ਵਿਕਰਮਜੀਤ ਸਿੰਘ ਪਾਂਥੇ, ਐਕਸੀਅਨ ਰੋਹਿਤ ਉਪਲ ਅਤੇ ਦਵਿੰਦਰ ਸਿੰਘ ਵੀ ਮੌਜੂਦ ਸਨ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਪੀੜਤ ਪਰਿਵਾਰ ਨੂੰ ਮਿਲ ਕੇ ਹਰ ਸੰਭਵ ਸਹਾਇਤਾ ਕਰਨ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਹਨ।ਉਨ੍ਹਾਂ ਅੱਗੇ ਕਿਹਾ ਪਿਛਲੇ ਕਈ ਦਿਨਾਂ ਤੋਂ ਮੌਸਮ ਦੀ ਖਰਾਬੀ ਕਾਰਨ ਪੈ ਰਹੇ ਮੀਂਹ ਨਾਲ ਮਕਾਨਾਂ ਨੂੰ ਨੁਕਸਾਨ ਪੁੱਜੇ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਮੀਂਹ ਕਾਰਨ ਦਰਿਆ ਨੇੜਲੇ ਪਿੰਡਾਂ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਪੰਜਾਬ ਸਰਕਾਰ ਵਲੋਂ ਰਾਹਤ ਕਾਰਜ ਨਿਰੰਤਰ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿੱਚ ਰਾਹਤ ਸਮੱਗਰੀ ਵੀ ਭੇਜੀ ਜਾ ਰਹੀ ਹੈ।ਪਸ਼ੂਆਂ ਦੇ ਚਾਰੇ ਦੇ ਪ੍ਰਬੰਧ ਕੀਤੇ ਗਏ ਹਨ ਅਤੇ ਲੋਕਾਂ ਦੀ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਮੈਡੀਕਲ ਕੈਂਪ ਵੀ ਲਗਾਏ ਗਏ ਹਨ।ਇਸ ਮੌਕੇ ਵਿਧਾਕਿ ਸ਼ੈਰੀ ਕਲਸੀ ਪ੍ਰੇਮ ਨਗਰ ਵਿਖੇ ਹੋਰਨਾਂ ਘਰਾਂ ਵਿੱਚ ਵੀ ਗਏ ਤੇ ਵਾਰਡ ਵਾਸੀਆਂ ਨਾਲ ਗੱਲਬਾਤ ਕੀਤੀ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਸੁਹਿਰਦ ਉਪਰਾਲਾ

ਪੱਟੀ (ਬਲਦੇਵ ਸਿੰਘ ਸੰਧੂ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਵਲਟੋਹਾ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਵੈਨ ਤੇ ਹੜ੍ਹ ਪੀੜਤ ਲੋਕਾਂ ਨੂੰ ਲਗਾਤਾਰ ਫ੍ਰੀ ਦਵਾਈਆਂ ਦੇ ਕੇ ਇਸ



ਕੁਦਰਤੀ ਆਫ਼ਤ ਵਿੱਚ ਲੋਕਾਂ ਦਾ ਦੁੱਖ ਵੰਡਾਇਆ ਜਾ ਰਿਹਾ ਹੈ।ਉਨ੍ਹਾਂ ਵੱਲੋਂ ਆਪਣੀ ਟੀਮ ਦੇ ਨਾਲ ਸਤਲੁਜ ਦਰਿਆ ਦੇ ਬੰਨ੍ਹ ਪਿੰਡ ਸਭਰਾਂ ਤੋਂ ਲੈ ਕੇ ਪਿੰਡ ਮੁੱਠਿਆਂ ਵਾਲਾ ਅਤੇ ਬਹਿਕਾਂ ਵਿੱਚ ਬੈਠੇ ਲੋਕਾਂ ਤੱਕ ਦਵਾਈਆਂ ਪਹੁੰਚਾਉਣ ਦੀ ਸੇਵਾ ਨਿਭਾਈ ਜਾ ਰਹੀ ਹੈ।ਇਸ ਮੌਕੇ ਬੰਨ੍ਹ ਤੇ ਮਿੱਟੀ, ਪੱਥਰ ਪਾਉਣ ਵਾਲਿਆਂ ਸੇਵਾਦਾਰਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਜਾ ਰਹੀਆ ਹਨ।ਇਸ ਮੌਕੇ ਸੂਬਾ ਆਗੂ ਡਾ. ਸੁਖਚੈਨ ਸਿੰਘ ਬੋਪਾਰਾਏ ਨੇ ਕਿਹਾ ਕਿ ਅਸੀਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਆਪਣੇ ਲੋਕਾਂ ਦੀ ਸੇਵਾ ਉਨਾ ਸਮਾਂ ਕਰਦੇ ਰਹਾਂਗੇ ਜਦੋਂ ਤੱਕ ਪਾਣੀ ਦਾ ਪੱਧਰ ਘੱਟ ਨਹੀਂ ਹੁੰਦਾ।ਸੂਬਾ ਆਗੂ ਡਾ. ਗੁਰਜੀਤ ਸਿੰਘ ਦੁੱਬਲੀ ਨੇ ਸੇਵਾਵਾਂ ਦੌਰਾਨ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਥੇਬੰਦੀ ਇਸ ਕੁਦਰਤੀ ਆਫ਼ਤ ਵਿੱਚ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਜਦੋਂ ਤੱਕ ਵੀ ਹੜ੍ਹਾਂ ਦਾ ਪਾਣੀ ਘੱਟ ਨਹੀਂ ਜਾਂਦਾ ਜਥੇਬੰਦੀ ਵੱਲੋਂ ਮੈਡੀਕਲ ਕੈਂਪ ਜਾਰੀ ਰਹੇਗਾ।ਇਸ ਮੌਕੇ ਡਾ. ਪ੍ਰਭਜੀਤ ਸਿੰਘ ਬਰਵਾਲਾ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ ਅਸੀਂ ਫ੍ਰੀ ਦਵਾਈਆਂ ਦੀ ਸੇਵਾ ਕਰਦੇ ਰਹਾਂਗੇ।ਇਸ ਮੌਕੇ ਡਾ. ਰਣਜੀਤ ਸਿੰਘ ਜੱਲੋਕੇ ਅਤੇ ਡਾ. ਕੁਲਦੀਪ ਸਿੰਘ ਭੱਗੂਪੁਰ ਵੀ ਹਾਜ਼ਰ ਸਨ।

## ਡਾ: ਉਬਰਾਏ ਦੇ ਸਮਰਪਣ ਤੇ ਸੇਵਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ : ਧਾਲੀਵਾਲ, ਈ ਟੀ ਓ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪਿਛਲੇ ਕਈ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਸਰਹੱਦੀ ਲੋਕਾਂ ਦੀ ਸਾਰ ਲੈਣ ਲਈ ਪੂਰੀ ਦੁਨੀਆ ਅੰਦਰ ਰੱਬ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਉਬਰਾਏ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦਾ ਦੌਰਾ ਕਰਨ ਦੌਰਾਨ ਇਹ ਐਲਾਨ ਕੀਤਾ ਗਿਆ ਕਿ ਇਸ ਔਖੀ ਘੜੀ ਵਿੱਚ ਉਹ ਪੰਜਾਬ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ ਆਉਣ ਦੇਣਗੇ।ਅਜਨਾਲਾ ਖੇਤਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਪੁੱਜੇ ਡਾ: ਉਬਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਇਸ ਵੇਲੇ ਬਹੁਤ ਹੀ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਇਸ ਲਈ ਸਾਡਾ ਧਰਮ ਬਣਦਾ ਹੈ ਕਿ ਅਸੀਂ ਡਟ ਕੇ ਆਪਣੀ ਧਰਤੀ ਤੇ ਆਪਣੇ ਲੋਕਾਂ ਦਾ ਸਾਥ ਦੇਈਏ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਟੀਮਾਂ ਸਾਰੇ ਹੜ੍ਹ ਪ੍ਰਭਾਵਿਤ ਖੇਤਰਾਂ ਅੰਦਰ ਵੱਡੇ ਪੱਧਰ ਤੇ ਸੁੱਕਾ ਰਾਸ਼ਨ, ਪਸ਼ੂਆਂ ਦਾ ਚਾਰਾ, ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਨਿਰੰਤਰ ਵੰਡ ਰਹੀਆਂ ਹਨ।ਉਨ੍ਹਾਂ ਕਿਹਾ ਕਿ ਉਹ ਇਸ ਕੁਦਰਤੀ ਆਫ਼ਤ ਨੂੰ ਲੰਬੀ ਲੜਾਈ ਸਮਝ ਕੇ ਲੜਨ ਲਈ ਤਿਆਰ ਹਨ। ਇਸ ਦੌਰਾਨ ਸਾਬਕਾ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਇਸ ਵੱਡੇ ਉਪਰਾਲੇ ਲਈ ਡਾ. ਉਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਉਬਰਾਏ ਦੀ ਹਰ ਸੰਕਟ ਸਮੇਂ ਨਿਭਾਈ ਜਾਣ ਵਾਲੀ ਸੇਵਾ ਤੇ ਸਮਰਪਣ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ।ਇਸ ਮੌਕੇ ਉਨ੍ਹਾਂ ਨਾਲ ਟਰੱਸਟ ਦੇ ਸੀਨੀਅਰ ਟਰੱਸਟੀ ਗੁਰਜੀਤ ਸਿੰਘ ਉਬਰਾਏ, ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸਿਸ਼ਪਾਲ ਲਾਡੀ, ਜਨ. ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਨਵਜੀਤ ਸਿੰਘ ਘਈ, ਇੰਜ.ਜਗਦੇਵ ਸਿੰਘ ਛੀਨਾ, ਮਨਪ੍ਰੀਤ ਸਿੰਘ ਕੰਬੋਜ, ਹਰਿੰਦਰ ਸਿੰਘ ਸੇਖੋਂ, ਪਲਵਿੰਦਰ ਸਿੰਘ ਸਰਹਾਲਾ, ਅਮਰਜੀਤ ਸਿੰਘ ਤੇ ਸੰਦੀਪ ਸਿੰਘ ਸਮੇਤ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਮੌਜੂਦ ਸਨ।



## ਮੰਡੀ ਚੌਕ 'ਚ ਰੇਲਵੇ ਫਾਟਕ ਅਕਸਰ ਬੰਦ ਰਹਿਣ ਕਾਰਨ ਰਾਹਗੀਰਾਂ ਨੂੰ ਹੁੰਦੀ ਹੈ ਪ੍ਰੇਸ਼ਾਨੀ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਪਠਾਨਕੋਟ ਰੋਡ ਸਥਿਤ ਰੇਲਵੇ ਸਟੇਸ਼ਨ ਨਾਲ ਲਗਦੇ ਰੇਲਵੇ ਫਾਟਕ ਮੰਡੀ ਚੌਕ ਅਕਸਰ ਰੇਲ ਗੱਡੀਆਂ ਦੀ ਆਵਾਜਾਈ ਕਾਰਨ ਬੰਦ ਰਹਿਣ ਕਾਰਨ ਲੋਕ ਕਾਫ਼ੀ ਪ੍ਰੇਸ਼ਾਨ ਹੋ ਰਹੇ ਹਨ। ਹੁਣ ਬਰਸਾਤ ਦੇ ਮੌਸਮ ਵਿਚ ਜਿਥੇ ਕਈ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ ਉਥੇ ਹੀ ਫਾਟਕ ਬੰਦ ਰਹਿਣ ਨਾਲ ਲੋਕਾਂ ਨੂੰ ਮੀਂਹ ਵਿਚ ਖੜ੍ਹੇ ਰਹਿ ਕੇ ਗੱਡੀ ਲੰਘਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਇਹ ਫਾਟਕ ਟੇਢਾ ਅਤੇ ਫਾਟਕ ਵਾਲੀ ਜਗ੍ਹਾ ਵੀ ਕਾਫ਼ੀ ਉਬੜ ਖ਼ਾਬੜ ਬਣੀ ਹੋਈ ਹੈ। ਖ਼ਬਰਾਂ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਫਾਟਕ ਦੀ ਹਾਲਤ ਨਹੀਂ ਸੁਧਾਰੀ ਗਈ। ਲੋਕਾਂ ਨੂੰ 15-20 ਮਿੰਟ ਤੱਕ ਫਾਟਕ ਬੰਦ ਰਹਿਣ ਕਰਕੇ ਕਾਫ਼ੀ ਦਿਕਤ ਪੇਸ਼ ਆਉਂਦੀ ਹੈ। ਇਸ ਫਾਟਕ ਰਾਹੀਂ ਲੋਕ ਜਿਥੇ ਉੱਤਰੀ ਭਾਰਤ ਦੇ ਪ੍ਰਸਿੱਧ ਇਤਿਹਾਸਕ ਸਥਾਨ ਪੰਡੋਰੀ ਮਹੰਤਾਂ ਨੂੰ ਸੜਕ ਜਾਂਦੀ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਭਾਰੀ ਮੀਂਹ ਪੈਣ ਕਾਰਨ ਪਠਾਨਕੋਟ ਰੇਲਵੇ ਚੱਕੀ ਪੁਲ ਥੱਲੇ ਪਾਣੀ ਜ਼ਿਆਦਾ ਆਉਣ ਕਾਰਨ ਕਾਫ਼ੀ ਗੱਡੀਆਂ ਦਾ ਜਲੰਧਰ ਤੋਂ ਪਠਾਨਕੋਟ ਆਉਣ ਦੀ ਬਜਾਏ ਜਲੰਧਰ ਤੋਂ ਵਾਇਆ ਅੰਮ੍ਰਿਤਸਰ, ਗੁਰਦਾਸਪੁਰ ਤੋਂ ਪਠਾਨਕੋਟ ਰੂਟ ਡਾਈਵਰਟ ਕਰ ਦਿੱਤਾ ਗਿਆ ਸੀ ਜਿਸ ਕਾਰਨ ਇਹ ਫਾਟਕ ਦਿਨ ਵਿਚ ਕਾਫ਼ੀ ਸਮਾਂ ਬੰਦ ਰਹਿਣ ਲਗ ਪਿਆ ਸੀ ਅਤੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆਉਣ ਲੱਗ ਪਈਆਂ ਸਨ। ਇਲਾਕਾ ਵਾਸੀਆਂ ਨੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਹੈ ਕਿ ਗੁਰਦਾਸਪੁਰ ਵਾਸੀਆਂ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਫਾਟਕ 'ਤੇ ਓਵਰਬ੍ਰਿਜ ਬਣਾਇਆ ਜਾਵੇ।



## ਪਾਵਰਕਾਮ ਅਦਾਰੇ ਦੀਆਂ ਖਸਤਾ ਹਾਲ ਬਿਲਡਿੰਗਾਂ ਖਿਲਾਫ਼ ਮੁਲਾਜ਼ਮਾਂ ਨੇ ਕੀਤੀ ਆਵਾਜ਼ ਬੁਲੰਦ

ਤਰਨ ਤਾਰਨ (ਨਜ਼ਸ)-ਰੋਜ਼ਾਨਾ ਰੈਵੀਨਿਊ ਇਕੱਠਾ ਕਰਨ ਵਾਲੇ ਬਿਜਲੀ ਵਿਭਾਗ ਦੇ ਦਫਤਰਾਂ ਅਤੇ ਬਿਜਲੀ ਘਰਾਂ ਦੀਆਂ ਬਾਬੇ ਆਦਮ ਵੇਲੇ ਦੀਆਂ ਖਸਤਾ ਹਾਲ ਬਿਲਡਿੰਗਾਂ ਮੌਸਮ ਦੀ ਖਰਾਬੀ ਦੇ ਚਲਦਿਆਂ ਪਿਛਲੇ ਦਿਨਾਂ ਤੋਂ ਹੋ ਰਹੀ ਲਗਾਤਾਰ ਹਲਕੀ ਅਤੇ ਭਾਰੀ ਬਾਰਸ਼ ਕਾਰਣ ਡਿਊਟੀ ਕਰਨ ਵਾਲੇ ਮੁਲਾਜ਼ਮਾਂ ਲਈ ਸਿਰਦਰਦੀ ਦਾ ਕਾਰਣ ਬਣ ਰਹੀਆਂ ਹਨ ਕਿਉਂਕਿ ਹਰ ਰੋਜ਼ ਪੈ ਰਹੀ ਬਾਰਸ਼ ਕਾਰਣ ਜਿਥੇ ਪੂਰਾ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਬਿਜਲੀ ਦੇ ਮਹੱਤਵਪੂਰਨ ਅਦਾਰੇ ਦੀਆਂ ਬਹੁਤ ਹੀ ਪੁਰਾਣੀਆਂ ਬਿਲਡਿੰਗਾਂ ਜਿਨ੍ਹਾਂ ਦੀ ਪਿਛਲੇ ਲੰਮੇ ਅਰਸੇ ਤੋਂ ਰਿਪੇਅਰ ਨਾ ਹੋਣ ਕਰਕੇ ਥਾਂ ਥਾਂ ਤੋਂ ਪਾਣੀ ਦੀ ਹੋ ਰਹੀ ਲੀਕੇਜ ਦੇ ਸਤਾਏ ਸਥਾਨਕ ਹਲਕਾ ਦਫਤਰ ਅਤੇ ਡਵੀਜ਼ਨ ਦਫਤਰਾਂ ਨਾਲ ਸਬੰਧਤ ਪੂਰੇ ਸਟਾਫ ਨੇ ਬੈਠ ਕੇ ਦਫਤਰੀ ਕੰਮ ਕਰਨ ਵਿੱਚ ਲਗਾਤਾਰ ਪੇਸ਼ ਆ ਰਹੀਆਂ ਮੁਸ਼ਕਿਲਾਂ ਕਰਕੇ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਪਾਵਰ ਮੈਨੇਜਮੈਂਟ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ।ਇਸ ਮੌਕੇ ਮੰਡਲ ਲੇਖਾਕਾਰ ਸਿਮਰਨਜੀਤ ਸਿੰਘ, ਸੁਪਰਡੈਂਟ ਕਵਲਜੀਤ ਕੌਰ, ਹਲਕਾ ਸਹਾਇਕ ਜਸਪ੍ਰੀਤ ਸਿੰਘ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਪਾਵਰ ਮੈਨੇਜਮੈਂਟ ਅਦਾਰੇ ਦੀਆਂ ਅਸੁਰੱਖਿਅਤ ਬਿਲਡਿੰਗਾਂ ਵੱਲ ਧਿਆਨ ਦੇ ਕੇ ਇਸ ਮਸਲੇ ਦਾ ਜਲਦੀ ਹੱਲ ਕਰੇ ਤਾਂ ਜੋ ਰੋਜ਼ਾਨਾ ਡਿਊਟੀ ਕਰਨ ਵਾਲਾ ਸਟਾਫ ਚੰਗੇ ਮਾਹੌਲ ਵਿੱਚ ਕਿਸੇ ਕਿਸਮ ਦੇ ਜਾਨੀ ਮਾਲੀ ਨੁਕਸਾਨ ਤੋਂ ਬੇਝਿਜਕ ਆਪਣੀ ਡਿਊਟੀ ਕਰ ਸਕੇ।ਉਧਰ ਅਦਾਰੇ ਦੇ ਦਫਤਰਾਂ ਅਤੇ ਗਰਿੱਡਾਂ ਦੀਆਂ ਖਸਤਾ ਹਾਲ ਬਿਲਡਿੰਗਾਂ ਦੀ ਹਾਲਤ ਸੁਧਾਰਨ ਬਾਰੇ ਵੱਖ - ਵੱਖ ਮੁਲਾਜ਼ਮ ਜਥੇਬੰਦੀਆਂ ਦੇ ਸੂਬਾ ਪੱਧਰ ਦੇ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਭੇਜ ਸਿੰਘ ਢਿੱਲੋਂ, ਲਖਵੰਤ ਸਿੰਘ ਦਿਉਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਰਾਬ ਹੋ ਚੁੱਕੀਆਂ ਬਿਲਡਿੰਗਾਂ ਦੀ ਰਿਪੇਅਰ ਕਰਨ ਬਾਰੇ, ਦਫਤਰੀ ਸਟਾਫ ਲਈ ਖਾਸ ਕਰਕੇ ਮਹਿਲਾ ਸਟਾਫ ਲਈ ਵੱਖਰੇ ਵਾਸ਼ਰੂਮ ਬਣਾਉਣ ਅਤੇ ਪੀਣਯੋਗ ਪਾਣੀ ਦੇ ਸੁਚੱਜੇ ਪ੍ਰਬੰਧ ਕਰਨ ਲਈ ਅਕਸਰ ਹੀ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨਾਲ ਹੋਣ ਵਾਲੀਆਂ ਮੀਟਿੰਗਾਂ ਵਿੱਚ ਇਸ ਮਸਲੇ ਬਾਰੇ ਜ਼ੋਰਦਾਰ ਤਰੀਕੇ ਨਾਲ ਗੱਲ ਉਠਾਉਣ ਤੋਂ ਇਲਾਵਾ ਲਿਖਤੀ ਤੌਰ 'ਤੇ ਵੀ ਮੈਨੇਜਮੈਂਟ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ ਪਰ ਮੈਨੇਜਮੈਂਟ ਅਤੇ ਸਰਕਾਰ ਇਸ ਪਾਸੇ ਵੱਲ ਬਿਲਕੁੱਲ ਵੀ ਧਿਆਨ ਨਹੀਂ ਦੇ ਰਹੀ ਜਿਸ ਕਾਰਨ ਦਫਤਰਾਂ ਵਿੱਚ ਬਹੁਤ ਹੀ ਮਹੱਤਵਪੂਰਨ ਰਿਕਾਰਡ ਵੀ ਖਰਾਬ ਹੋ ਰਿਹਾ ਹੈ। ਮੁਲਾਜ਼ਮ ਆਗੂਆਂ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਬਹੁਤ ਹੀ ਪੁਰਾਣੀਆਂ ਖਸਤਾ ਹਾਲ ਹੋ ਚੁੱਕੀਆਂ ਬਿਲਡਿੰਗਾਂ ਦੀ ਹਾਲਤ ਸੁਧਾਰਨ ਲਈ ਤੁਰੰਤ ਢੁੱਕਵੀਂ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।



## ਕਿੜੀਆਂ, ਕੰਬੋ ਢਾਏ ਵਾਲਾ ਤੇ ਧੂੰਦਾ 'ਚ ਸਿਹਤ ਵਿਭਾਗ ਨੇ ਲਾਏ ਮੈਡੀਕਲ ਕੈਂਪ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਪਿੰਡ ਕਿੜੀਆਂ, ਕੰਬੋ ਢਾਏ ਵਾਲਾ ਅਤੇ ਧੂੰਦਾ ਵਿਖੇ ਮੈਡੀਕਲ ਕੈਂਪ ਲਗਾਏ ਗਏ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਮੈਡੀਕਲ ਟੀਮਾਂ ਬਣਾ ਕੇ ਰੋਜ਼ਾਨਾ ਵੱਖ-ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਜਿਸਦੀ ਲੜੀ ਤਹਿਤ ਪਿੰਡ ਕੰਬੋ ਢਾਏ ਵਾਲਾ, ਕਿੜੀਆਂ ਅਤੇ ਪਿੰਡ ਧੂੰਦਾ ਵਿਖੇ ਮੈਡੀਕਲ ਕੈਂਪ ਲਗਾ ਕੇ ਲੋਕਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ। ਲੋਕਾਂ ਨੂੰ ਬਰਸਾਤੀ ਦਿਨਾਂ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਨਾਲ ਨਾਲ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਮੇਂ ਲੋਕਾਂ ਨੂੰ ਦੱਸਿਆ ਗਿਆ ਕਿ ਉਹ ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਟੁੱਟੇ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਇੱਕਠਾ ਨਾ ਹੋਣ ਦੇਣ ਅਤੇ ਕੂਲਰਾਂ ਵਿੱਚੋਂ ਹਫਤੇ ਵਿੱਚ ਇੱਕ ਵਾਰ ਪਾਣੀ ਬਾਹਰ ਕੱਢਕੇ ਸਾਫ ਸਫਾਈ ਕਰਨ ਤਾਂ ਜੋ ਭਿਆਨਕ ਬਿਮਾਰੀਆਂ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋ ਸਕਣ। ਉਨ੍ਹਾਂ ਦੱਸਿਆ ਕਿ ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਜਾਂ ਖਾਂਸੀ ਆਉਂਣੀ ਹੈ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੀ ਜਾਂਚ ਕਰਵਾਉਣ ਤਾਂ ਜ਼ੋ ਸਮੇਂ ਸਿਰ ਇਲਾਜ ਕੀਤਾ ਜਾ ਸਕੇ। ਇਸ ਸਮੇਂ ਹੈਲਥ ਵਰਕਰ ਰਾਜੀਵ ਕੁਮਾਰ, ਹੈਲਥ ਵਰਕਰ ਅਮਨਦੀਪ ਸਿੰਘ ਫਤਿਹਾਬਾਦ, ਹੈਲਥ ਵਰਕਰ ਅਮਨਦੀਪ ਸਿੰਘ ਧੂੰਦਾ, ਹੈਲਥ ਵਰਕਰ ਵਿਕਾਸ ਤੇਜਪਾਲ, ਸੀਐੱਚਓ ਨਵਨੀਤ ਕੌਰ, ਸੀਐੱਚਓ ਰਾਜਬੀਰ ਕੌਰ ਆਦਿ ਹਾਜ਼ਰ ਸਨ।



4 Sep Page 12.qxd 9/3/2025 10:33 PM Page 1



# ਕੈਬਨਿਟ ਮੰਤਰੀ ਵੱਲੋਂ ਮੀਂਹ ਪ੍ਰਭਾਵਿਤ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗ਼ਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸੋਮਵਾਰ ਨੂੰ 15 ਘੰਟਿਆਂ ਤੋਂ ਵੱਧ ਸਮੇਂ ਤੋਂ ਪੈ ਰਹੀ ਬਾਰਿਸ਼ ਕਾਰਨ ਪ੍ਰਭਾਵਿਤ ਪਰਵਾਰਾਂ ਤੱਕ ਪਹੁੰਚ ਕੀਤੀ ਅਤੇ ਭਾਰਗਵ ਨਗਰ ਵਿਖੇ ਰਾਹਤ ਸਮੱਗਰੀ, ਜਿਸ ਵਿੱਚ ਰਾਸ਼ਨ ਅਤੇ ਦਵਾਈਆਂ ਸ਼ਾਮਲ ਸਨ, ਦੀ ਵੰਡ ਕੀਤੀ।ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਭਰੋਸਾ ਦੁਆਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਲੋਕਾਂ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ।ਉਨ੍ਹਾਂ ਇਸ ਸਥਿਤੀ ਨੂੰ ਕੁਦਰਤੀ ਆਫ਼ਤ ਦੱਸਿਆ, ਜੋ ਕਿ ਸੂਬੇ ਲਈ ਸੰਕਟ ਵਜੋਂ ਉੱਭਰੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੂਬਾ ਸਰਕਾਰ ਪ੍ਰਭਾਵਿਤ ਪਰਵਾਰਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਸ਼੍ਰੀ ਭਗਤ ਨੇ ਉਨ੍ਹਾਂ ਲੋਕਾਂ ਲਈ ਵਿੱਤੀ ਸਹਾਇਤਾ ਦਾ ਐਲਾਨ ਵੀ ਕੀਤਾ, ਜਿਨ੍ਹਾਂ ਦੇ ਘਰ ਭਾਰੀ ਬਾਰਿਸ਼ ਕਾਰਨ ਨੁਕਸਾਨੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਮਾਲੀ ਸਹਾਇਤਾ ਨਾਲ ਉਨ੍ਹਾਂ ਨੂੰ ਆਪਣੇ ਘਰਾਂ ਦੀ ਮੁਰੰਮਤ ਕਰਵਾਉਣ ਅਤੇ ਮੁੜ ਆਮ ਵਾਂਗ ਜ਼ਿੰਦਗੀ ਜਿਊਣ ਵਿੱਚ ਮਦਦ ਮਿਲੇਗੀ।ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪ੍ਰਭਾਵਿਤ ਲੋਕਾਂ ਤੱਕ ਸਮੇਂ ਸਿਰ ਰਾਹਤ, ਡਾਕਟਰੀ ਸਹਾਇਤਾ ਤੇ ਦਵਾਈਆਂ ਅਤੇ ਮੁੜ ਵਸੇਬੇ ਦੀਆਂ ਸਹੂਲਤਾਂ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਰਾਹਤ ਸਮੱਗਰੀ ਦੀਆਂ ਕਿੱਟਾਂ ਤਕਸੀਮ ਕਰਦਿਆਂ ਸ਼੍ਰੀ ਭਗਤ ਨੇ ਕਿਹਾ ਕਿ ਸਰਕਾਰ ਪ੍ਰਭਾਵਿਤ ਲੋਕਾਂ ਦੇ ਨਾਲ ਹੈ ਅਤੇ ਕਿਸੇ ਨੂੰ ਇਕੱਲਿਆਂ ਨਹੀਂ ਛੱਡਿਆ ਜਾਵੇਗਾ।



# ਡਾ. ਰਵਜੋਤ ਨੇ ਕੀਤਾ ਸ਼ਿਵਾਲਿਕ ਨਗਰ ਫੋਲਵਾਹਾ ਦਾ ਦੌਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਸ਼ਿਵਾਲਿਕ ਨਗਰ ਫੋਲਵਾਹਾ ਦਾ ਦੌਰਾ ਕੀਤਾ ਅਤੇ ਬਰਸਾਤ ਦੇ ਮੌਸਮ ਦੌਰਾਨ ਪਿੰਡ ਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਜਾਇਜ਼ਾ ਲਿਆ।ਇਸ ਮੌਕੇ ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਨਾਲ ਆਪਣੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਪਾਣੀ ਦੀ ਨਿਕਾਸੀ, ਸੜਕਾਂ ਦੀ ਮਾੜੀ ਹਾਲਤ ਅਤੇ ਹੋਰ ਬੁਨਿਆਦੀ ਸਹੂਲਤਾਂ ਸ਼ਾਮਲ ਸਨ। ਡਾ. ਰਵਜੋਤ ਸਿੰਘ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜਨਤਕ ਸਹੂਲਤ ਅਤੇ ਸੁਰੱਖਿਆ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੀਂਹ ਜਾਂ ਕੁਦਰਤੀ ਹਾਲਾਤ ਕਾਰਨ ਕਿਸੇ ਵੀ ਨਾਗਰਿਕ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਕੈਬਨਿਟ ਮੰਤਰੀ ਨੇ ਮੌਕੇ 'ਤੇ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ ਕਿ ਡਰੇਨੇਜ ਸਿਸਟਮ ਦੀ ਤੁਰੰਤ ਮੁਰੰਮਤ ਕੀਤੀ ਜਾਵੇ, ਪਿੰਡ ਦੀਆਂ ਖ਼ਰਾਬ ਸੜਕਾਂ ਦੀ ਜਲਦੀ ਤੋਂ ਜਲਦੀ ਮੁਰੰਮਤ ਕੀਤੀ ਜਾਵੇ ਅਤੇ ਮੀਂਹ ਨਾਲ ਪ੍ਰਭਾਵਿਤ ਹੋਰ ਸਮੱਸਿਆਵਾਂ ਦਾ ਸਥਾਈ ਹੱਲ ਯਕੀਨੀ ਬਣਾਇਆ ਜਾਵੇ।



# ਧੈਂਗੜਪੁਰ 'ਚ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਜੰਗੀ ਪੱਧਰ 'ਤੇ ਜਾਰੀ

**ਨਵਾਂਸ਼ਹਿਰ (ਮਨੋਜ ਲਾਡੀ)** ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਧੈਂਗੜਪੁਰ ਵਿਖੇ ਸਤਲੁਜ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ 65,000 ਕਿਊਸਿਕ ਹੈ ਅਤੇ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ।ਉਨ੍ਹਾਂ ਦੱਸਿਆ ਕਿ ਦੇਰ ਰਾਤ ਧੈਂਗੜਪੁਰ ਵਿਖੇ ਬੰਨ੍ਹ ਨੂੰ ਥੋੜ੍ਹੀ ਢਾਅ ਲੱਗੀ ਸੀ ਜਿਸਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਮੇਂ ਸਿਰ ਰੋਕ ਲਿਆ ਗਿਆ ਅਤੇ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਲਗਾਤਾਰ ਜਾਰੀ ਹੈ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿਚ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਸਮੇਤ ਪਿੰਡਾਂ ਦੇ ਵਸਨੀਕਾਂ ਵਲੋਂ ਲਗਾਤਾਰ ਕੰਮ ਕਰਦਿਆਂ ਬੰਨ੍ਹ ਨੂੰ ਠੀਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਭਾਰਤੀ ਫ਼ੌਜ ਨਾਲ ਵੀ ਰਾਬਤਾ ਕੀਤਾ ਜਾ ਚੁੱਕਾ ਹੈ ਅਤੇ ਜੇਕਰ ਭਵਿੱਖ ਵਿਚ ਲੋੜ ਪੈਂਦੀ ਹੈ ਤਾਂ ਫੌਜ ਦੀਆਂ ਸੇਵਾਵਾਂ ਵੀ ਲਈਆਂ ਜਾਣਗੀਆਂ ਤਾਂ ਜੋ ਕਿਸੇ ਵੀ ਕਿਸਮ ਦਾ ਖਤਰਾ ਟਾਲਿਆ ਜਾ ਸਕੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਸੁਚੇਤ ਰਹਿਣ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੱਖ-ਵੱਖ ਥਾਵਾਂ 'ਤੇ ਬੰਨ੍ਹ ਦੀ ਸਥਿਤੀ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਫਿਲਹਾਲ ਲੋਕਾਂ ਨੂੰ ਕਿਸੇ ਗੱਲ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ।



# ਡਾ. ਚਰਨਜੀਤ ਸਿੰਘ ਤੇ ਐੱਸ ਡੀ ਐੱਮ ਖਰੜ ਵੱਲੋਂ ਹੜ੍ਹ ਪ੍ਰਭਾਵਿਤ ਪੁਲ ਦਾ ਜਾਇਜ਼ਾ

**ਖਰੜ (ਹਰਨਾਮ ਸਿੰਘ ਡੱਲਾ)** ਚਮਕੌਰ ਸਾਹਿਬ ਤੋਂ ਐਮ ਐਲ ਏ ਡਾ. ਚਰਨਜੀਤ ਸਿੰਘ ਨੇ ਐਸ ਡੀ ਐਮ ਖਰੜ, ਦਿਵਿਆ ਪੀ ਦੇ ਨਾਲ ਪਿੰਡ ਮਲਕਪੁਰ ਦਾ ਦੌਰਾ ਕੀਤਾ ਅਤੇ ਭਾਰੀ ਬਾਰਿਸ਼ ਤੇ ਵਧੇ ਪਾਣੀ ਦੇ ਵਹਾਅ ਕਾਰਨ ਪੁਲ ਨੂੰ ਹੋਏ ਨੁਕਸਾਨ ਤੋਂ ਬਾਅਦ ਬਣੀ ਸਥਿਤੀ ਦਾ ਜਾਇਜ਼ਾ ਲਿਆ।ਉਨ੍ਹਾਂ ਨੇ ਦੌਰੇ ਦੌਰਾਨ ਪ੍ਰਭਾਵਿਤ ਥਾਵਾਂ ਦਾ ਮੁਆਇਨਾ ਕੀਤਾ, ਜਿਸ ਵਿੱਚ ਮਲਕਪੁਰ ਅਤੇ ਬੱਸੀਆਂ ਵਿਖੇ ਐਸ.ਵਾਈ.ਐਲ. ਕਰਾਸਿੰਗ ਵੀ ਸ਼ਾਮਲ ਸਨ, ਜਿੱਥੇ ਪਾਣੀ ਨਿਕਾਸ ਅਤੇ ਪਾਈਪ ਲਾਈਨ ਬਿਛਾਉਣ ਲਈ ਅਸਥਾਈ ਪ੍ਰਬੰਧ ਸੁਝਾਏ ਗਏ ਹਨ।ਸਬੰਧਤ ਵਿਭਾਗਾਂ, ਜਿਵੇਂ ਕਿ ਪੀ.ਡਬਲਯੂ.ਡੀ. (ਬੀ.ਐਂਡ.ਆਰ.), ਨੂੰ ਤੁਰੰਤ ਕਾਰਵਾਈ ਕਰਕੇ ਇਹ ਕੰਮ ਸ਼ੁਰੂ ਕਰਨ ਲਈ ਹਦਾਇਤ ਕੀਤੀ ਗਈ ਤਾਂ ਜੋ ਪਾਣੀ ਦਾ ਵਹਾਅ ਸੁਚਾਰੂ ਬਣਾਇਆ ਜਾ ਸਕੇ ਅਤੇ ਹੋਰ ਨੁਕਸਾਨ ਦੇ ਖਤਰੇ ਨੂੰ ਘਟਾਇਆ ਜਾ ਸਕੇ।ਇਸ ਮੌਕੇ ਤੇ ਐਮ.ਐਲ.ਏ. ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਥਿਤੀ ਨੂੰ ਜਲਦੀ ਸਧਾਰਨ ਕਰਨ ਲਈ ਲਾਜ਼ਮੀ ਕਦਮ ਚੁੱਕੇ ਜਾਣ। ਇਸੇ ਦੌਰਾਨ, ਐਸ.ਡੀ.ਐਮ. ਖਰੜ ਨੇ ਦੱਸਿਆ ਕਿ ਨਿਯਮਿਤ ਨਿਗਰਾਨੀ ਕੀਤੀ ਜਾਵੇਗੀ ਅਤੇ ਫੀਲਡ ਅਧਿਕਾਰੀਆਂ ਨੂੰ ਚੌਕਸੀ ਬਣਾਈ ਰੱਖਣ ਲਈ ਹਦਾਇਤ ਕੀਤੀ ਗਈ ਹੈ।

# ਬਰਸਾਤ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਕਰਨਾ ਪੈ ਰਿਹਾ ਸਾਹਮਣਾ

**ਭਲਾਣ (ਹਰਭਜਨ ਢਿੱਲੋਂ)**- ਪਿਛਲੇ ਕਈ ਦਿਨਾਂ ਤੋਂ ਲੱਗੀ ਬਾਰਿਸ਼ ਕਾਰਨ ਪਿੰਡ ਮਹਿਲਵਾਂ, ਸੂਰੇਵਾਲ, ਸਹਿਜੋਵਾਲ, ਦਘੌੜ, ਸੁਖਸਾਲ, ਨਾਨਗਰਾਂ, ਭਨਾਮ ਆਦਿ ਅਨੇਕਾਂ ਪਿੰਡਾਂ ਵਿੱਚ ਲੋਕਾਂ ਦੇ ਘਰਾਂ ਵਿੱਚ ਪਾਣੀ ਆਉਣ ਦੀ ਖ਼ਬਰ ਹੈ। ਇਸ ਮੌਕੇ ਪਿੰਡਾਂ ਦੇ ਮੋਹਤਵਰਾਂ ਨੇ ਦੱਸਿਆ ਕਿ ਬਰਸਾਤੀ ਪਾਣੀ ਦੀ ਨਿਕਾਸੀ ਠੀਕ ਨਾ ਹੋਣ ਕਾਰਨ ਹਰ ਸਾਲ ਸਾਡੇ ਪਿੰਡਾਂ ਨੂੰ ਬਰਸਾਤ ਦੇ ਦਿਨਾਂ ਵਿੱਚ ਅਜਿਹੀ ਮੁਸ਼ਕਿਲ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਸਾਡੇ ਪਿੰਡਾਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਠੀਕ ਹੱਲ ਕੀਤਾ ਜਾਵੇ। ਇਸ ਮੌਕੇ ਪਿੰਡ ਮਹਿਲਵਾਂ, ਸੂਰੇਵਾਲ ਆਦਿ ਦੇ ਨਿਵਾਸੀਆਂ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ ਹਿਮਾਚਲ ਪ੍ਰਦੇਸ਼ ਦੇ ਨੇੜਲੇ ਪਿੰਡਾਂ ਤੋਂ ਬਹੁਤ ਵੱਡੀ ਮਾਤਰਾ ਵਿਚ ਆਉਣ ਵਾਲੇ ਬਰਸਾਤੀ ਪਾਣੀ ਨਾਲ ਜਿੱਥੇ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ, ਉਥੇ ਇਹ ਪਾਣੀ ਸਾਡੇ ਘਰਾਂ ਦਾ ਨੁਕਸਾਨ ਵੀ ਕਰਦਾ ਹੈ। ਇਨ੍ਹਾਂ ਦੀ ਮੰਗ ਹੈ ਕਿ ਹਿਮਾਚਲ ਪ੍ਰਦੇਸ਼ ਤੋਂ ਆਉਣ ਵਾਲੇ ਬਰਸਾਤੀ ਪਾਣੀ ਦਾ ਪੱਕਾ ਹੱਲ ਕੀਤਾ ਜਾਵੇ ਤਾਂ ਕਿ ਬਰਸਾਤੀ ਪਾਣੀ ਨਾਲ ਹਰ ਸਾਲ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ । ਹਿਮਾਚਲ ਪ੍ਰਦੇਸ਼ ਦੇ ਕੁਝ ਪਿੰਡਾਂ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਪਿੰਡ ਮਹਿਲਵਾਂ ਵੱਲ ਨੂੰ ਆ ਰਹੇ ਪਾਣੀ ਨੇ ਸੜਕ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਹੈ। ਜਿਸ ਉੱਤੋਂ ਲੋਕਾਂ ਨੂੰ ਪੈਦਲ ਲੰਘਣਾ ਤਾਂ ਔਖਾ ਹੋਇਆ ਹੈ ।



# ਹੜ੍ਹ ਪੀੜਤਾਂ ਦੀ ਮਦਦ ਲਈ ਡੇਰਾਬੱਸੀ ਹਲਕੇ ਤੋਂ ਰਾਹਤ ਸਮੱਗਰੀ ਭੇਜੇਗਾ ਅਕਾਲੀ ਦਲ : ਐੱਨ ਕੇ ਸ਼ਰਮਾ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਡੇਰਾਬੱਸੀ ਹਲਕੇ ਦੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਅਕਾਲੀ ਦਲ ਦੇ ਸਮੂਹ ਵਰਕਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹੜ੍ਹ ਪੀੜਤਾਂ ਦੀ ਮਦਦ ਲਈ ਰਾਸ਼ਨ ਤੇ ਜ਼ਰੂਰੀ ਸਮਾਨ ਇਕੱਠਾ ਕਰਨ ਅਤੇ ਆਪਣੀ ਸਮਰੱਥਾ ਅਨੁਸਾਰ ਹੜ੍ਹ ਪੀੜਤਾਂ ਦੀ ਮਦਦ ਕਰਨ। ਡੇਰਾਬੱਸੀ ਹਲਕੇ ਤੋਂ ਰਾਹਤ ਸਮੱਗਰੀ ਜ਼ੀਰਕਪੁਰ ਵਿੱਚ ਇਕੱਠੀ ਕਰਕੇ ਟਰੱਕਾਂ ਰਾਹੀਂ ਭੇਜੀ ਜਾਵੇਗੀ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਨ ਕੇ ਸ਼ਰਮਾ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਹੈਲਪਲਾਈਨ ਨੰਬਰ 81958-22222, 95012-87100 ਜਾਰੀ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਏ ਗਏ ਕੇਂਦਰੀ ਕੰਟਰੋਲ ਰੂਮ 'ਤੇ ਲਗਾਤਾਰ ਕਾਲਾਂ ਆ ਰਹੀਆਂ ਹਨ। ਉੱਥੇ ਆਉਣ ਵਾਲੀਆਂ ਕਾਲਾਂ ਨੂੰ ਸਬੰਧਤ ਜ਼ਿਲ੍ਹਿਆਂ ਵਿੱਚ ਟ੍ਰਾਂਸਫਰ ਕੀਤਾ ਜਾ ਰਿਹਾ ਹੈ। ਇਨ੍ਹਾਂ ਨੰਬਰਾਂ 'ਤੇ ਰਾਹਤ ਸਮੱਗਰੀ ਦੇਣ ਅਤੇ ਲੈਣ ਲਈ ਫੋਨ ਕੀਤਾ ਜਾ ਸਕਦਾ ਹੈ। ਐਨ ਕੇ ਸ਼ਰਮਾ ਨੇ ਕਿਹਾ ਕਿ ਮੀਂਹ ਕਾਰਨ ਡੇਰਾਬੱਸੀ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਲਾਲੜੂ, ਸਰਸੀਨੀ, ਖੇਲਣ, ਮਾਲਣ, ਭੰਖਰਪੁਰ, ਸਾਧਾਂਪੁਰ, ਡੰਗਡਹਰਾ ਆਦਿ ਵਿੱਚ ਬਹੁਤ ਨੁਕਸਾਨ ਹੋਇਆ ਹੈ। ਅਕਾਲੀ ਦਲ ਦੇ ਸਾਰੇ ਅਹੁਦੇਦਾਰ ਅਤੇ ਵਰਕਰ ਨਾ ਸਿਰਫ਼ ਆਪਣੇ ਹਲਕਿਆਂ ਵਿੱਚ ਸਗੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮਦਦ ਕਰਨਗੇ।



## ਮਾਮਲਾ ਬਿਜਲੀ ਵਿਭਾਗ ਦੇ ਠੇਕਾ ਮੁਲਾਜ਼ਮ ਦੀ ਕਰੰਟ ਲੱਗਣ ਨਾਲ ਹੋਈ ਮੌਤ ਦਾ

# ਬਿਜਲੀ ਵਿਭਾਗ ਦੇ ਠੇਕਾ ਮੁਲਾਜ਼ਮਾਂ ਨੇ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਲਾਇਆ ਜਾਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਟੇਟ ਪਾਵਰ ਕਾਮ ਲਿਮਿਟਡ ਦੇ ਠੇਕਾ ਅਧਾਰਤ ਮੁਲਾਜ਼ਮਾਂ ਵੱਲੋਂ ਬੀਤੇ ਦਿਨੀ ਕਰੰਟ ਲੱਗਣ ਨਾਲ ਮੌਤ ਕਾਰਣ ਮੁਲਾਜ਼ਮ ਦੇ ਮਾਮਲੇ ਵਿੱਚ ਬਿਜਲੀ ਵਿਭਾਗ ਤੇ ਪੁਲਿਸ ਵੱਲੋਂ ਕੋਈ ਠੋਸ ਕਾਰਵਾਈ ਨਾ ਕਰਨ ਦੀ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਅਗਵਾਈ ਹੇਠ ਹੁਸ਼ਿਆਰਪੁਰ ਦੇ ਪ੍ਰਭਾਤ ਚੌਂਕ ਵਿੱਚ ਇਕੱਠੇ ਹੋ ਕੇ ਟਰੈਫਿਕ ਜਾਮ ਕਰ ਦਿੱਤਾ। ਇਸ ਮੌਕੇ ਮ੍ਰਿਤਕ ਮੁਲਾਜ਼ਮ ਦੇ ਪਰਵਾਰਕ ਮੈਂਬਰਾਂ ਤੋਂ ਇਲਾਵਾ ਠੇਕਾ ਅਧਾਰਿਤ ਮੁਲਾਜ਼ਮਾਂ ਦੀ ਜਥੇਬੰਦੀ ਦੇ ਬਹੁਤ ਸਾਰੇ ਮੁਲਾਜ਼ਮ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸਵੇਰਸਾਰ ਹੁਸ਼ਿਆਰਪੁਰ ਸ਼ਹਿਰ ਵਿੱਚ ਪੈ ਰਹੀ ਭਾਰੀ ਬਰਸਾਤ ਦਰਮਿਆਨ ਨਿਊ ਦਸਮੇਸ਼ ਨਗਰ ਇਲਾਕੇ ਵਿੱਚ ਬੰਦ ਹੋਈ ਬਿਜਲੀ ਨੂੰ ਠੀਕ ਕਰਨ ਲਈ ਵਰ੍ਹਦੇ ਮੀਹ ਵਿੱਚ ਬਿਜਲੀ ਦੇ ਟਰਾਂਸਫਾਰਮਰ ਉਪਰ ਫਿਊਜ ਲਾਉਣ ਲਈ ਚੜ੍ਹੇ ਠੇਕਾ ਅਧਾਰਤ ਮੁਲਾਜ਼ਮ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਸੀ। ਮੌਕੇ ਤੇ ਇਕੱਠੇ ਹੋਏ ਲੋਕਾਂ ਮੁਤਾਬਕ ਕਾਲ ਦੀ ਗ੍ਰਾਹੀ ਬਣੇ ਉਕਤ ਠੇਕਾ ਅਧਾਰਿਤ ਮੁਲਾਜ਼ਮ ਦੋ ਹੋਰ ਪੱਕੇ ਮੁਲਾਜ਼ਮਾਂ ਦੀ ਹਾਜ਼ਰੀ ਵਿੱਚ ਬਿਨਾਂ ਸੁਰੱਖਿਆ ਉਪਕਰਨਾਂ ਤੋਂ ਟਰਾਂਸਫਾਰਮਰ ਦੇ ਉੱਪਰ ਚੜ ਕੇ ਫਿਊਜ ਲਾਉਣ ਦਾ ਕੰਮ ਕਰ ਰਿਹਾ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਨੰਬਰਦਾਰ ਬਲਜਿੰਦਰ ਸਿੰਘ ਪਿੰਡ ਭਾਗੋਵਾਲ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਉਸ ਦਾ ਸਕਾ ਭਤੀਜਾ ਮਨਿੰਦਰ ਸਿੰਘ (25) ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਭਾਗੋਵਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੀ ਸਬ ਅਰਬਨ ਸਬ ਡਿਵੀਜ਼ਨ ਵਿੱਚ ਠੇਕਾ ਅਧਾਰਤ ਮੁਲਾਜ਼ਮ ਵਜੋਂ ਡਿਊਟੀ ਕਰ ਰਿਹਾ ਸੀ ਉਸ ਨੂੰ ਬਿਜਲੀ ਮਹਿਕਮੇ ਵਿੱਚ ਪੱਕੇ ਮੁਲਾਜ਼ਮ ਪਲਵਿੰਦਰ ਸਿੰਘ ਅਤੇ ਸ਼ਿਵ ਕੁਮਾਰ ਆਪਣੇ ਨਾਲ ਲੈ ਕੇ ਬਿਜਲੀ ਠੀਕ ਕਰਨ ਲਈ ਗਲੀ ਨੰਬਰ 7 ਨਿਊ ਦਸਮੇਸ਼ ਨਗਰ ਹੁਸ਼ਿਆਰਪੁਰ ਪਹੁੰਚੇ ਜਿੱਥੇ ਕੰਮ ਕਰਨ ਦੌਰਾਨ ਕਰੰਟ ਲੱਗਣ ਨਾਲ ਉਸ ਦੀ ਮੌਤ ਹੋ ਗਈ । ਇਸ ਮੌਕੇ ਰੋਹ ਵਿੱਚ ਆਏ ਪਰਵਾਰਕ ਮੈਂਬਰਾਂ ਅਤੇ ਯੂਨੀਅਨ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਹਾਦਸੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਮਾਡਲ ਟਾਊਨ ਤੋਂ ਪੁਲਸ ਅਧਿਕਾਰੀ ਮੌਕੇ ਤੇ ਪਹੁੰਚ ਗਏ ਸੀ ਪਰ ਬਣਦੀ ਕਾਨੂੰਨੀ ਕਾਰਵਾਈ ਕਰਨ ਵਿੱਚ ਢਿੱਲ ਮੱਠ ਵਰਤੀ ਜਾ ਰਹੀ ਹੈ ਜਿਸ ਕਾਰਣ ਉਹਨਾਂ ਨੂੰ ਇਨਸਾਫ ਲੈਣ ਲਈ ਮਜਬੂਰ ਹੋ ਕੇ ਚੱਕਾ ਜਾਮ ਦਾ ਸਹਾਰਾ ਲੈਣਾ ਪਿਆ। ਇਸ ਚੱਕਾ ਜਾਮ ਦੌਰਾਨ ਦੋਵੇਂ ਪਾਸੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ ਤੇ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ । ਮੌਕੇ ਡੀ ਐਸ ਪੀ ਦੇਵ ਦੱਤ ਸ਼ਰਮਾ ਅਤੇ ਥਾਣਾ ਮਾਡਲ ਟਾਊਨ ਦੇ ਐਸ ਐਚ ਓ ਸਬ ਇੰਸਪੈਕਟਰ ਗੁਰਸਾਹਿਬ ਸਿੰਘ ਮੌਕੇ ਤੇ ਪਹੁੰਚ ਗਏ ਅਤੇ ਧਰਨਾਕਾਰੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੁਲਸ ਵੱਲੋਂ ਐਫ ਆਈ ਆਰ ਦਰਜ ਕਰ ਲਈ ਗਈ ਹੈ ਅਤੇ ਕਥਿਤ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਏਗੀ ਜਿਸ ਤੇ ਧਰਨਾਕਾਰੀਆਂ ਨੇ ਧਰਨਾ ਖਤਮ ਕਰਕੇ ਟਰੈਫਿਕ ਬਹਾਲ ਕਰ ਦਿੱਤੀ। ਇਸ ਮੌਕੇ ਬਿਕਰਮ ਸਿੰਘ ਵਿੱਕੀ, ਵਰਿੰਦਰ ਕੁਮਾਰ, ਹਰਜੀਤ ਸਿੰਘ, ਇੰਦਰਪ੍ਰੀਤ ਸਿੰਘ ਜਿਲਾ ਪ੍ਰਧਾਨ, ਤਰਲੋਚਨ ਸਿੰਘ ਡਿਵੀਜ਼ਨ ਪ੍ਰਧਾਨ ਅਤੇ ਹੋਰ ਠੇਕਾ ਅਧਾਰਿਤ ਮੁਲਾਜ਼ਮ ਮੌਜੂਦ ਸਨ।





# ਹੜ੍ਹ ਪੀੜਤ ਪਰਵਾਰਾਂ ਨੂੰ ਰਾਹਤ ਦੇਣ ਲਈ ਸਹਾਇਤਾ ਦਾ ਉਪਰਾਲਾ ਕੀਤਾ : ਸੰਤ ਮਹਿੰਦਰ ਪਾਲ

**ਬੰਗਾ (ਅਵਤਾਰ ਕਲੇਰ)** ਪੰਜਾਬ ਵਿੱਚ ਹੜ੍ਹਾਂ ਦੇ ਪ੍ਰਕੋਪ ਨੇ ਲੋਕਾਂ ਦਾ ਜਨ ਜੀਵਨ ਠੱਪ ਕਰਕੇ ਰੱਖ ਦਿੱਤਾ ਹੈ।ਹੜ੍ਹ ਪੀੜਤ ਪਰਵਾਰਾਂ ਨੂੰ ਰਾਹਤ ਦੇਣ ਲਈ ਡੇਰਾ 108 ਸੰਤ ਹੰਸ ਰਾਜ ਮਹਾਰਾਜ ਜੀ ਸੱਚਖੰਡ ਪੰਡਵਾ ਵੱਲੋਂ ਡੇਰੇ ਦੇ ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਅਤੇ ਸੰਤ ਬੀਬੀ ਬਿਮਲਾ ਰਾਣੀ ਦੀ ਦੇਖ ਰੇਖ ਹੇਠ ਹੜ੍ਹ ਪੀੜਤ ਪਰਿਵਾਰਾਂ ਲਈ ਨੇਕ ਉਪਰਾਲਾ ਕਰਕੇ ਜਿੱਥੇ ਲੰਗਰਾਂ ਅਤੇ ਹੋਰ ਰਾਹਤ ਸਮੱਗਰੀ ਪਸ਼ੂਆਂ ਲਈ ਚਾਰਾ ਅਤੇ ਡਾਕਟਰੀ ਸਹਾਇਤਾ ਦੀ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ।ਉੱਥੇ ਸਰਬੱਤ ਦੇ ਭਲੇ ਲਈ ਅਖੰਡ ਜਾਪਾਂ ਦੀ ਲੜੀ ਵੀ ਆਰੰਭ ਹੋਈ।ਅਖੰਡ ਜਾਪਾਂ ਦੇ ਭੋਗ ਪਾਏ ਜਾਣਗੇ ਅਤੇ ਅਰਦਾਸ ਕੀਤੀ ਜਾਵੇਗੀ ਤਾਂ ਜੋ ਇਸ ਆਫ਼ਤ ਤੋਂ ਲੋਕਾਂ ਨੂੰ ਛੁਟਕਾਰਾ ਮਿਲ ਸਕੇ।ਸੰਤ ਬਾਬਾ ਮਹਿੰਦਰ ਪਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਦੱਸਿਆ ਕਿ ਲੋੜਵੰਦ ਜਦੋਂ ਤੱਕ ਚਾਹੁਣ ਡੇਰੇ ਵਿਖੇ ਰਹਿ ਸਕਦੇ ਹਨ ਤੇ ਉਹਨਾਂ ਦੇ ਖਾਣ ਪੀਣ ਰਹਿਣ ਸਹਿਣ ਦਾ ਪੂਰਾ ਪ੍ਰਬੰਧ ਡੇਰੇ ਵਲੋਂ ਕੀਤਾ ਜਾਵੇਗਾ।ਇਸ ਮੌਕੇ ਸੰਤ ਬੀਬੀ ਬਿਮਲਾ ਰਾਣੀ, ਸੰਤ ਜਸਵਿੰਦਰ ਪਾਲ, ਸੰਤ ਮੋਹਨ ਪਾਲ, ਸਕੱਤਰ ਬਾਲ ਕ੍ਰਿਸ਼ਨ ,ਗੁਰਨਾਮ ਰਾਮ ਆਦਿ ਹਾਜ਼ਰ ਸਨ।

# ਸਰਬ ਸਾਂਝਾ ਵੈੱਲਫੇਅਰ ਸੋਸਾਇਟੀ ਵੱਲੋਂ ਲੜਕੀਆਂ ਦੇ ਸਮੂਹਿਕ ਵਿਆਹ 28 ਨੂੰ

**ਮੋਹਾਲੀ (ਗੁਰਜੀਤ ਬਿੱਲਾ)** ਸਰਬ ਸਾਂਝਾ ਵੈੱਲਫੇਅਰ ਸੁਸਾਇਟੀ ਸੈਕਟਰ 90-91 ਵੱਲੋਂ ਕੁਲਵੰਤ ਸਿੰਘ ਐਮ ਐਲ ਏ ਸਰਪਰਸਤੀ ਹੇਠ ਸੰਗਤਾਂ ਦੇ ਸਹਿਯੋਗ ਨਾਲ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾ ਰਹੇ ਹਨ। ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸਟੇਟ ਐਵਾਰਡੀ ਫੂਲਰਾਜ ਸਿੰਘ ਸਾਬਕਾ ਸੀਨੀਅਰ ਵਾਈਸ ਪ੍ਰਧਾਨ ਮਿਊਨਸੀਪਲ ਕੌਂਸਲ ਮੋਹਾਲੀ ਨੇ ਦੱਸਿਆ ਕਿ 28 ਸਤੰਬਰ ਨੂੰ ਗੁਰਦੁਆਰਾ ਨਾਨਕ ਦਰਬਾਰ ਸਾਹਿਬ ਸੈਕਟਰ 90-91 ਵਿਖੇ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾ ਰਹੇ ਹਨ। ਇਸ ਲਈ ਸਭ ਨੂੰ ਬੇਨਤੀ ਹੈ ਕਿ ਉਹ ਤਨ, ਮਨ ਅਤੇ ਧਨ ਨਾਲ ਇਸ ਪਵਿੱਤਰ ਕਾਰਜ ਦੇ ਵਿੱਚ ਆਪਣਾ ਸਹਿਯੋਗ ਪਾਉਣ, ਅਤੇ ਲੋੜਵੰਦ ਜੋੜਿਆਂ ਨੂੰ ਸਾਨੂੰ ਮਿਲਵਾਉਣ ਵਿੱਚ ਆਪਣਾ ਯੋਗਦਾਨ ਜਰੂਰ ਪਾਉਣ, ਸਟੇਟ ਅਵਾਰਡੀ ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਵਿਆਹ ਦੀ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 20 ਸਤੰਬਰ ਨਿਰਧਾਰਤ ਕੀਤੀ ਗਈ ਹੈ। ਇਸ ਪਵਿੱਤਰ ਕਾਰਜ ਦੇ ਵਿੱਚ ਸੀਨੀਅਰ ਮੀਤ ਪ੍ਰਧਾਨ- ਗੁਰਦੀਪ ਸਿੰਘ ਟਿਵਾਣਾ, ਨਿਹਾਲ ਸਿੰਘ ਵਿਰਕ- ਮੀਤ ਪ੍ਰਧਾਨ, ਬਲਵਿੰਦਰ ਸਿੰਘ ਗੁਰਾਇਆ- ਮੀਤ ਪ੍ਰਧਾਨ, ਗੁਰਬੀਰ ਸਿੰਘ ਬੱਗਾ- ਜਰਨਲ ਸਕੱਤਰ, ਗੁਰਮੀਤ ਸਿੰਘ ਖਜਾਨਚੀ, ਅਤੇ ਵਿਸ਼ੇਸ਼ ਸਹਿਯੋਗ ਸ਼ਹੀਦ ਭਗਤ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਮੋਹਾਲੀ ਦੀ ਤਰਫੋਂ ਭੁਪਿੰਦਰ ਸਿੰਘ ਕਬੱਡੀ ਕੋਚ -ਪ੍ਰਧਾਨ, ਹਰਮੇਸ਼ ਸਿੰਘ ਕੁੰਭੜਾ- ਸਰਪ੍ਰਸਤ, ਹਰਮਿੰਦਰ ਸਿੰਘ ਮਾਖਾ- ਜਨਰਲ ਸਕੱਤਰ, ਸਾਬਕਾ ਕੌਂਸਲਰ -ਆਰ.ਪੀ ਸ਼ਰਮਾ,ਕਾਨੂੰਨੀ ਸਲਾਹਕਾਰ ਮਹਿੰਦਰ ਸਿੰਘ, ਪਵਨ ਧੀਮਾਨ ਤੇ ਆਧਾਰਿਤ ਟੀਮ ਵੱਲੋਂ ਸਾਂਝੇ ਤੌਰ ਤੇ ਸਮੂਹਿਕ ਵਿਆਹ ਨਾਲ ਸੰਬੰਧਿਤ ਸਮਾਗਮ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਸਟੇਟ ਐਵਾਰਡੀ- ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਇਸ ਸਮੂਹਿਕ ਵਿਆਹ ਦੇ ਦੌਰਾਨ ਲੜਕੀਆਂ ਨੂੰ ਅਸ਼ੀਰਵਾਦ ਦੇਣ ਦੇ ਲਈ ਧਾਰਮਿਕ ਸ਼ਖਸ਼ੀਅਤਾਂ ਵੀ ਪੁੱਜ ਰਹੀਆਂ ਹਨ, ਉਹਨਾਂ ਦੱਸਿਆ ਕਿ ਇਸ ਵਿਆਹ ਸਮਾਗਮ ਦੇ ਦੌਰਾਨ ਲੜਕੀਆਂ ਨੂੰ 80 ਹਜ਼ਾਰ ਰੁਪਏ ਲਗਭਗ ਘਰੇਲੂ ਜਰੂਰਤ ਦਾ ਸਮਾਨ ਵੀ ਮੁਹੱਈਆ ਕਰਵਾਇਆ ਜਾਵੇਗਾ।

# ਹੜ੍ਹ ਪੀੜਤਾਂ ਦੀ ਸੁਰੱਖਿਆ ਤੇ ਦੇਖ-ਭਾਲ ਲਈ ਪੰਜਾਬ ਸਰਕਾਰ ਵਚਨਬੱਧ : ਕਰਮਜੀਤ ਕੌਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਇਕ ਵੱਡਾ ਕਦਮ ਚੁੱਕਿਆ ਹੈ। ਉਨ੍ਹਾਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ 138 ਨਵੇਂ ਭਰਤੀ ਕੀਤੇ ਮੈਡੀਕਲ ਅਫਸਰਾਂ ਨੂੰ ਤੁਰੰਤ ਪ੍ਰਭਾਵ ਨਾਲ ਸੱਤ ਸਭ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਤਾਇਨਾਤ ਕਰਨ 'ਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਨੇ ਕਿਹਾ ਕਿ ਇਹ ਤਾਇਨਾਤੀ ਸਰਕਾਰ ਦੀ ਦੂਰਅੰਦੇਸ਼ੀ ਨੀਤੀ ਨੂੰ ਦਰਸਾਉਂਦੀ ਹੈ, ਜਿਸ ਦਾ ਉਦੇਸ਼ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਮੇਂ ਸਿਰ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਅਤੇ ਕਿਸੇ ਵੀ ਐਮਰਜੈਂਸੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣਾ ਹੈ। ਮੈਡੀਕਲ ਅਫ਼ਸਰਾਂ ਦੀ ਇਹ ਨਿਯੁਕਤੀ ਉਨ੍ਹਾਂ ਖੇਤਰਾਂ ਵਿੱਚ ਕੀਤੀ ਗਈ ਹੈ ਜਿੱਥੇ ਹੜ੍ਹਾਂ ਕਾਰਨ ਬਿਮਾਰੀਆਂ ਫੈਲਣ ਦਾ ਸਭ ਤੋਂ ਵੱਧ ਖ਼ਤਰਾ ਹੈ।ਕਰਮਜੀਤ ਕੌਰ ਨੇ ਕਿਹਾ ਕਿ ਫਰੰਟਲਾਈਨ ਮੈਡੀਕਲ ਮੈਨਪਾਵਰ ਦੀ ਇਹ ਰਣਨੀਤਕ ਤਾਇਨਾਤੀ ਨਾ ਸਿਰਫ਼ ਮਰੀਜ਼ਾਂ ਦੀ ਦੇਖ-ਭਾਲ ਵਿਚ ਸੁਧਾਰ ਕਰੇਗੀ ਬਲਕਿ ਰਾਹਤ ਕੈਂਪਾਂ ਅਤੇ ਪਿੰਡਾਂ ਵਿਚ ਸਿਹਤ ਸੰਭਾਲ ਦੀਆਂ ਜ਼ਰੂਰਤਾਂ ਦੀ ਸਮੇਂ ਸਿਰ ਪੂਰਤੀ ਨੂੰ ਵੀ ਯਕੀਨੀ ਬਣਾਏਗੀ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਆਪਸੀ ਤਾਲਮੇਲ ਨਾਲ ਲੋਕਾਂ ਦੀ ਸੁਰੱਖਿਆ ਅਤੇ ਦੇਖਭਾਲ ਨੂੰ ਸਭ ਤੋਂ ਵੱਧ ਤਰਜ਼ੀਹ ਦੇ ਰਹੇ ਹਨ। ਚੇਅਰਪਰਸਨ ਕਰਮਜੀਤ ਕੌਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਸਿਹਤ ਸਮੱਸਿਆ ਦੀ ਸੂਰਤ ਵਿੱਚ ਤੁਰੰਤ ਨਜ਼ਦੀਕੀ ਮੈਡੀਕਲ ਟੀਮ ਨਾਲ ਸੰਪਰਕ ਕਰਨ।



# ਟੈਕਨੀਕਲ ਸਰਵਿਸਿਜ਼ ਯੂਨੀਅਨ ਮੰਡਲ ਭੋਗਪੁਰ ਦੀ ਚੋਣ

**ਅੱਡਾ ਸਰਾਂ / ਟਾਂਡਾ ਉੜਮੁੜ (ਜਸਵੀਰ ਕਾਜਲ, ਉਂਕਾਰ ਸਿੰਘ)**- ਬਿਜਲੀ ਘਰ ਟਾਂਡਾ ਵਿਖੇ ਟੈਕਨੀਕਲ ਸਰਵਿਸਜ ਯੂਨੀਅਨ ਮੰਡਲ ਭੋਗਪੁਰ ਦੀ ਚੋਣ ਕੀਤੀ ਗਈ । ਇਹ ਚੋਣ ਸੂਬਾ ਕਮੇਟੀ ਦੇ ਪ੍ਰਧਾਨ ਰਤਨ ਸਿੰਘ ਮਜਾਰੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਹੋਈ । ਇਸ ਦੌਰਾਨ ਚੋਣ ਪ੍ਰਕਿਰਿਆ ਨਿਰਮਲ ਸਿੰਘ ਜੇ ਈ ਸ਼ਾਮ ਚੌਰਾਸੀ ਪ੍ਰਧਾਨ ਟੀ.ਐੱਸ. ਯੂ. ਨੌਰਥ ਜੋਨ ਜਲੰਧਰ ਅਤੇ ਨਛੱਤਰ ਸਿੰਘ ਜੇ.ਈ ਸ਼ਾਮਚੌਰਾਸੀ ਸਰਕਲ ਪ੍ਰਧਾਨ ਟੀ ਐੱਸ ਯੂ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਹੋਈ। ਸਭ ਤੋਂ ਪਹਿਲਾਂ ਮੰਡਲ ਪ੍ਰਧਾਨ ਰਹੇ ਦਿਲਬਰ ਸਿੰਘ ਸੈਣੀ ਨੇ ਪਿਛਲੇ ਤਿੰਨ ਸਾਲਾਂ ਲਈ ਜਥੇਬੰਦੀ ਦਾ ਲੇਖਾ ਜੋਖਾ ਦਿੱਤਾ ਅਤੇ ਫਿਰ ਪਿਛਲੀ ਕਮੇਟੀ ਨੂੰ ਭੰਗ ਕਰ ਕੀਤਾ । ਜਿਸ ਤੋਂ ਬਾਅਦ ਨਵੀਂ ਕਮੇਟੀ ਹਾਊਸ ਵਿਚ ਬੈਠੇ ਮੁਲਾਜ਼ਮਾਂ ਵੱਲੋਂ ਸਰਬ ਸੰਮਤੀ ਦੇ ਨਾਲ ਚੁਣੀ ਗਈ । ਜਿਸ ਦੇ ਵਿਚ ਅਵਤਾਰ ਸਿੰਘ ਕੁਰਾਲਾ ਨੂੰ ਪ੍ਰਧਾਨ ਚੁਣਿਆ ਗਿਆ ਜਦਕਿ ਪਵਿੱਤਰ ਸਿੰਘ ਖੁਣ ਖੁਣ ਕਲਾ ਨੂੰ ਮੀਤ ਪ੍ਰਧਾਨ, ਰਾਹੁਲ ਕੁਮਾਰ ਕੰਧਾਲਾ ਜੱਟਾ ਨੂੰ ਸਕੱਤਰ, ਨਵਦੀਪ ਸਿੰਘ ਭੋਗਪੁਰ ਨੰਬਰ 2 ਨੂੰ ਸਹਾਇਕ ਸਕੱਤਰ, ਪ੍ਰਦੀਪ ਸਿੰਘ ਰੱਲਣ ਨੂੰ ਕੈਸ਼ੀਅਰ ਅਤੇ ਸਲਾਹਕਾਰ ਮੈਂਬਰਾਂ ਦੇ ਰੂਪ ਵਿਚ ਹਰਪ੍ਰੀਤ ਸਿੰਘ ਕਾਹਲੋ ਅਤੇ ਮਨਦੀਪ ਸਿੰਘ ਕੰਧਾਲਾ ਜੱਟਾਂ ਨੂੰ ਚੁਣਿਆ ਗਿਆ । ਅਖੀਰ ਵਿਚ ਦਿਲਬਰ ਸਿੰਘ ਸੈਣੀ ਸਹਾਇਕ ਸਕੱਤਰ ਟੀ.ਐੱਸ. ਯੂ. ਨੌਰਥ ਜੋਨ ਜਲੰਧਰ ਨੇ ਆਏ ਸਾਰੇ ਮੁਲਾਜ਼ਮਾਂ ਦਾ ਧੰਨਵਾਦ ਕੀਤਾ ਅਤੇ ਨਵੀਂ ਕਮੇਟੀ ਨੂੰ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪ੍ਰਤੀ ਲਗਾਤਾਰ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਸਮੂਹ ਕਰਮਚਾਰੀ ਮੌਜੂਦ ਰਹੇ ।



# ਡਿਪਟੀ ਕਮਿਸ਼ਨਰ ਵਲੋਂ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਦਾ ਦੌਰਾ

- ਇਲਾਕਾ ਵਾਸੀਆਂ ਨੂੰ ਹਰ ਸੰਭਵ ਮਦਦ ਦਾ ਭਰੋਸਾ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਚਿੱਟੀ ਵੇਈਂ ਵਿੱਚ ਪਾਣੀ ਦਾ ਪੱਧਰ ਵੱਧਣ ਕਰਕੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਜ਼ਮੀਨੀ ਪੱਧਰ 'ਤੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਸਥਾਨਕ ਲੋਕਾਂ ਨੂੰ ਭਰੋਸਾ ਦੁਆਇਆ ਕਿ ਪੰਜਾਬ ਸਰਕਾਰ ਪੂਰੀ ਮਜ਼ਬੂਤੀ ਨਾਲ ਉਨ੍ਹਾਂ ਦੇ ਨਾਲ ਖੜ੍ਹੀ ਹੈ ਤੇ ਜੇਕਰ ਕੋਈ ਹੜ੍ਹਾਂ ਵਰਗੀ ਸਥਿਤੀ ਪੈਦਾ ਹੁੰਦੀ ਹੈ ਤਾਂ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਡਾ. ਅਗਰਵਾਲ ਨੇ ਲੋਕਾਂ ਚੌਕਸ ਰਹਿਣ ਦੀ ਅਪੀਲ ਕਰਦਿਆਂ ਦੁਹਰਾਇਆ ਕਿ ਪ੍ਰਸ਼ਾਸਨ ਵੱਲੋਂ ਕਿਸੇ ਵੀ ਪ੍ਰਕਾਰ ਦੀ ਐਮਰਜੈਂਸੀ ਨਾਲ ਨਜਿੱਠਣ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਨੀਵੇਂ ਇਲਾਕਿਆਂ ਵਿੱਚ ਪਹਿਲਾਂ ਹੀ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਸਤਲੁਜ ਦਰਿਆ ਦੇ ਨਾਲ ਲੱਗਦੇ ਖੇਤਰਾਂ ਦਾ ਦੌਰਾ ਕਰ ਰਹੇ ਸਨ ਅਤੇ ਇਸ ਦੌਰਾਨ ਚਿੱਟੀ ਵੇਈਂ ਉਪਰ ਇਕੱਠੇ ਹੋਏ ਲੋਕਾਂ ਨਾਲ ਮੁਲਾਕਾਤ ਵੀ ਕੀਤੀ। ਉਨ੍ਹਾਂ ਲੋਕਾਂ ਦੇ ਸ਼ੰਕੇ ਦੂਰ ਕਰਦਿਆਂ ਉਨ੍ਹਾਂ ਨੂੰ ਪੰਜਾਬ ਸਕਰਾਰ ਵਲੋਂ ਕੀਤੇ ਪ੍ਰਬੰਧਾਂ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।



# ਸੀ ਜੇ ਐੱਮ ਨੇ ਹੜ੍ਹ ਪੀੜਤ ਇਲਾਕਿਆਂ ਦਾ ਕੀਤਾ ਦੌਰਾ ਤੇ ਰਾਹਤ ਸਮੱਗਰੀ ਵੰਡੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਰਾਜ ਕਾਨੂਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਮੋਹਿਤ ਬਾਂਸਲ ਦੀ ਅਗਵਾਈ ਵਿੱਚ ਸੀ ਜੇ ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ, ਅਮਨਦੀਪ ਕੌਰ ਵੱਲੋਂ ਰੂਪਨਗਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਵਰਦੇ ਮੀਂਹ ਦੌਰਾਨ ਦੌਰਾ ਕੀਤਾ ਗਿਆ ਤੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ। ਇਸ ਦੌਰਾਨ, ਉਨ੍ਹਾਂ ਨੇ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਕੇ ਮੌਕੇ ਉੱਤੇ ਹਾਲਾਤਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਰਾਹਤ ਅਤੇ ਸਹਾਇਤਾ ਪਹੁੰਚਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨੇ ਪ੍ਰਭਾਵਿਤ ਪਰਵਾਰਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਅਮਨਦੀਪ ਕੌਰ ਨੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹਮੇਸ਼ਾ ਆਮ ਲੋਕਾਂ ਦੀ ਸਹਾਇਤਾ ਲਈ ਤਿਆਰ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਜਾਂ ਪ੍ਰਸ਼ਾਸਕੀ ਸਹਾਇਤਾ ਲਈ ਲੋਕਾਂ ਨੂੰ ਉਪਲਬਧ ਕਰਵਾਈ ਜਾਵੇਗੀ।

# ਹੜ੍ਹਾਂ ਕਾਰਨ ਹੋ ਰਹੇ ਜਾਨੀਮਾਲੀ ਨੁਕਸਾਨ ਦੀ ਸਰਕਾਰ ਫੌਰੀ ਭਰਪਾਈ ਕਰੇ : ਪੇਂਡੂ ਮਜ਼ਦੂਰ ਯੂਨੀਅਨ

**ਅੱਡਾ ਸਰਾਂ/ਟਾਂਡਾ ਉੜਮੁੜ (ਜਸਵੀਰ ਕਾਜਲ, ਉਂਕਾਰ ਸਿੰਘ)**- ਪੰਜਾਬ 'ਚ ਹੋ ਰਹੀ ਲਗਾਤਾਰ ਭਰਵੀਂ ਬਾਰਸ਼ ਕਾਰਨ ਜਿੱਥੇ ਦਰਿਆਵਾਂ, ਵੇਂਈਆਂ ਲਾਗਲੇ ਇਲਾਕੇ ਬੁਰੀ ਤਰ੍ਹਾਂ ਹੜ੍ਹਾਂ ਤੋਂ ਪ੍ਰਭਾਵਿਤ ਹੋ ਰਹੇ ਹਨ, ਉਥੇ ਲਗਾਤਾਰ ਬਾਰਸ਼ਾਂ ਕਾਰਨ ਗਰੀਬ ਮਜ਼ਦੂਰਾਂ ਦੇ ਘਰਾਂ,ਮਕਾਨਾਂ ਦਾ ਬੁਰਾ ਹਾਲ ਹੈ ਪਰ ਇਹਨਾਂ ਪੀੜਤਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ। ਬਾਰਸ਼ ਕਾਰਨ ਨੇੜਲੇ ਪਿੰਡ ਫਿਰੋਜੇ ਰੋਲੀਆਂ ਮਜ਼ਦੂਰ ਪਰਿਵਾਰ ਸੁਖਦੇਵ ਸਿੰਘ ਸੁੱਖਾ ਪੁੱਤਰ ਅਮਰ ਚੰਦ ਦੇ ਢਹਿ ਢੇਰੀ ਹੋਏ ਘਰ ਸਮੇਤ ਪਿੰਡ ਭੂਲਪੁਰ,ਟਾਹਲੀ ਆਦਿ ਵਿਖੇ ਮਜ਼ਦੂਰਾਂ ਦੇ ਘਰਾਂ ਦੀ ਸਾਰ ਲੈਣ ਯੂਨੀਅਨ ਦੀ ਟੀਮ ਨੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ,ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ, ਯੂਨੀਅਨ ਦੇ ਤਹਿਸੀਲ ਪ੍ਰਧਾਨ ਨਾਵਲ ਗਿੱਲ ਟਾਹਲੀ ਨੇ ਇਕ ਸਾਂਝੇ ਬਿਆਨ ਰਾਹੀਂ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਪ੍ਰਭਾਵਤ ਲੋਕਾਂ ਦੇ ਸੌ ਫੀਸਦੀ ਨੁਕਸਾਨ ਦਾ ਮੁਆਵਜ਼ਾ ਫੌਰੀ ਦਿੱਤਾ ਜਾਵੇ। ਮਜ਼ਦੂਰ ਜਥੇਬੰਦੀ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਬਿਨਾਂ ਵੀ ਗਰੀਬ ਮਜ਼ਦੂਰਾਂ ਨੂੰ ਦੂਹਰੀ ਤੀਹਰੀ ਮਾਰ ਪੈ ਰਹੀ ਹੈ, ਬਾਰਸ਼ਾਂ ਕਾਰਨ ਕੰਮ ਬੰਦ ਅਤੇ ਅੱਧ ਕੱਚੇ ਪੱਕੇ ਮਕਾਨ ਚੋਅ ਚੋਅ ਢਹਿ ਰਹੇ ਹਨ ਅਤੇ ਗਰੀਬ ਮਜ਼ਦੂਰਾਂ ਦੀ ਵਰਤੋਂ ਦਾ ਜ਼ਰੂਰੀ ਸਮਾਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਮਜ਼ਦੂਰਾਂ ਕੋਲ ਤਾਂ ਕੋਠਿਆਂ 'ਤੇ ਤਰਪਾਲਾਂ ਪਾਉਣ ਲਈ ਵੀ ਪੈਸੇ ਨਹੀਂ ਹਨ। ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਰੁਜ਼ਗਾਰ ਦੇ ਹੋਏ ਨੁਕਸਾਨ ਸਮੇਤ ਘਰਾਂ ਦੇ ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ, ਪਾਣੀ ਭਰਨ ਕਾਰਨ ਫੈਲ ਰਹੀਆਂ ਬਿਮਾਰੀਆਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ ਤੋਂ ਫਰੀ ਮੈਡੀਕਲ ਸਹੂਲਤ ਦਿੱਤੀ ਜਾਏ।



# ਸ਼ਾਹਕੋਟ 'ਚ ਹੜ੍ਹ ਪ੍ਰਭਾਵਿਤ ਪਰਵਾਰਾਂ ਲਈ ਰਾਹਤ ਸਮੱਗਰੀ ਵੰਡੀ

**ਜਲੰਧਰ (ਸੁਰਿੰਦਰ ਕੁਮਾਰ)**- ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਰਮਨੀਕ ਸਿੰਘ ਰੰਧਾਵਾ ਵਲੋਂ ਸ਼ਾਹਕੋਟ ਵਿਖੇ ਪ੍ਰਭਾਵਿਤ ਪਰਵਾਰਾਂ ਨੂੰ ਜ਼ਰੂਰਤ ਦਾ ਸਮਾਨ ਵੰਡਿਆ ਗਿਆ।ਇਸ ਮੌਕੇ ਆਪ ਆਗੂ ਪਿੰਦਰ ਪੰਡੋਰੀ, ਹਰਵਿੰਦਰ ਸਿੰਘ ਸੀਚੇਵਾਲ, ਹਰਚਰਨ ਸਿੰਘ ਸੰਧੂ ਆਦਿ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਇਸ ਮੁਸ਼ਕਲ ਹਾਲਾਤ ਵਿੱਚੋਂ ਕੱਢਣ ਲਈ ਦਿਨ-ਰਾਤ ਜੁਟੀ ਹੋਈ ਹੈ ਅਤੇ ਇਸ ਔਖੀ ਘੜੀ ਵਿੱਚ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜਕੇ ਖੜ੍ਹੀ ਹੈ।





ਐੱਮ.ਐੱਲ.ਏ ਜ਼ੀਰਾ ਨਰੇਸ਼ ਕਟਾਰੀਆ ਦੀ ਟੀਮ ਵੱਲੋਂ ਸ਼ੰਕਰ ਕਟਾਰੀਆ, ਰਣਬੀਰ ਸਿੰਘ ਬਾਠ, ਸਾਰਜ ਸਿੰਘ ਕਰਨੈਲ ਸਿੰਘ, ਪੰਚਾਇਤ ਅਫ਼ਸਰ ਰੁਪੇਸ਼ ਕੁਮਾਰ ਸੱਦੀ ਅਤੇ ਪੰਚਾਇਤ ਸਕੱਤਰ ਅਜੈ ਕੁਮਾਰ ਵੱਲੋਂ ਜ਼ਿਲ੍ਹਾ ਜਲੰਧਰ ਵਾਲੇ ਪਾਸੇ ਪੈਂਦੇ ਪਿੰਡ ਜਮਾਲੀ ਵਾਲਾ ਤੇ ਮਨੂ ਮਾਸ਼ੀ ਵਿੱਚ ਪਸ਼ੂਆਂ ਵਾਸਤੇ ਚਾਰਾ ਤੇ ਅਚਾਰ ਦੇਣ ਲਈ ਪਹੁੰਚੇ।

(ਫੋਟੋ ਤੇ ਵੇਰਵਾ : ਲੋਹੀਆਂ ਖਾਸ - ਯੋਗੇਸ਼ਵਰ, ਰੀਨਾ ਸ਼ਰਮਾ)

# ਸਾਰੀਆਂ ਦਵਾਈਆਂ ਮੁਫ਼ਤ, ਮਰੀਜ਼ਾਂ ਨੂੰ ਪੈਸੇ ਖ਼ਰਚਣ ਦੀ ਲੋੜ ਨਹੀਂ : ਸਿਵਲ ਸਰਜਨ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਮੰਗਲਵਾਰ ਨੂੰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ ਮਰੀਜ਼ਾਂ ਦੀਆਂ ਪ੍ਰੈਸਕ੍ਰਿਪਸ਼ਨ ਸਲਿੱਪਾਂ ਚੈੱਕ ਕੀਤੀਆਂ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਚੈਕਿੰਗ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਹਸਪਤਾਲ ਦੇ ਡਾਕਟਰਾਂ ਦੁਆਰਾ ਬਾਹਰੋਂ ਦਵਾਈਆਂ ਨਾ ਲਿਖੀਆਂ ਜਾਣ। ਉਨ੍ਹਾਂ ਹਸਪਤਾਲ ਦੀ ਫ਼ਾਰਮੇਸੀ ਦੇ ਬਾਹਰ ਮਰੀਜ਼ਾਂ ਦੀਆਂ ਪਰਚੀਆਂ ਵੇਖੀਆਂ। ਸਿਵਲ ਸਰਜਨ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਯੋਜਨਾ ਮੁਤਾਬਕ ਮਰੀਜ਼ ਨੂੰ ਹਰ ਦਵਾਈ ਸਰਕਾਰੀ ਸਿਹਤ ਸੰਸਥਾ ਦੀ ਫ਼ਾਰਮੇਸੀ ਵਿਚੋਂ ਹੀ ਬਿਲਕੁੱਲ ਮੁਫ਼ਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਸਰਕਾਰੀ ਸਿਹਤ ਸੰਸਥਾ ਵਿਚ ਜ਼ਰੂਰੀ ਤੇ ਐਮਰਜੈਂਸੀ ਦਵਾਈਆਂ ਦੀ ਕੋਈ ਘਾਟ ਨਹੀਂ, ਇਸ ਲਈ ਮਰੀਜ਼ ਨੂੰ ਹਰ ਦਵਾਈ ਸਿਹਤ ਸੰਸਥਾ ਦੇ ਅੰਦਰੋਂ ਹੀ ਮਿਲਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਨੀਤੀ ਮੁਤਾਬਕ ਹਰ ਸਰਕਾਰੀ ਸਿਹਤ ਸੰਸਥਾ ਵਿਚ ਉਪਲੱਬਧ ਦਵਾਈਆਂ ਦੀ ਗਿਣਤੀ ਤੈਅ ਕੀਤੀ ਗਈ ਹੈ। ਇਹ ਸਾਰੀਆਂ ਦਵਾਈਆਂ ਹਰ ਸਿਹਤ ਸੰਸਥਾ ਵਿਚ ਉਪਲੱਬਧ ਹਨ। ਉਨ੍ਹਾਂ ਬਾਅਦ ਵਿਚ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਅਤੇ ਮੈਡੀਕਲ ਅਫ਼ਸਰਾਂ ਨਾਲ ਮੀਟਿੰਗ ਕਰਕੇ ਹਦਾਇਤਾਂ ਦਿੱਤੀਆਂ ਕਿ ਉਹ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ।



# ਵਿਧਾਇਕ ਸੰਤੋਸ਼ ਕਟਾਰੀਆ ਨੇ ਔਲੀਆਪੁਰ, ਹੈਡੋ ਬੇਟ, ਖੋਜਾ ਬੇਟ ਤੇ ਬੇਲਾ ਤਾਜੋਵਾਲ ਦੇ ਬੰਨ੍ਹ ਦਾ ਲਿਆ ਜਾਇਜ਼ਾ

**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਵਿੱਚ ਹਰ ਪ੍ਰਭਾਵਿਤ ਪਰਿਵਾਰ ਦੀ ਮਦਦ ਕੀਤੀ ਜਾਵੇਗੀ ਤੇ ਪੁਨਰਵਾਸ ਕਾਰਜ ਦੀ ਜ਼ਿੰਮੇਵਾਰੀ ਨਾਲ ਸਮੇਂ ਸਿਰ ਮੁਕੰਮਲ ਕੀਤੇ ਜਾਣਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਨੇ ਪਿੰਡ ਔਲੀਆਪੁਰ, ਖੋਜਾ ਬੇਟ, ਹੈਡੋ ਬੇਟ ਤੇ ਬੇਲਾ ਤਾਜੋਵਾਲ ਦੇ ਸਤਲੁਜ ਦਰਿਆ ਦੇ ਬੰਨ੍ਹਾਂ ਦਾ ਦੌਰਾ ਕਰਦਿਆਂ ਹੋਇਆ ਕੀਤਾ। ਬੀਬੀ ਸੰਤੋਸ਼ ਕਟਾਰੀਆ ਨੇ ਕਿਹਾ ਕਿ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਕਾਫੀ ਘੱਟ ਚੁੱਕਾ ਹੈ, ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਕੁਝ ਲੋਕ ਸੋਸ਼ਲ ਮੀਡੀਆ ਤੇ ਗੁਮਰਾਹਕੁੰਨ ਅਫਵਾਹਾਂ ਫੈਲਾ ਰਹੇ ਹਨ ਉਨ੍ਹਾਂ ਤੋਂ ਸੁਚੇਤ ਰਹਿਣ ਦੀ ਜਰੂਰਤ ਹੈ। ਜੇਕਰ ਤੁਹਾਨੂੰ ਕੋਈ ਗਲਤ ਖਬਰ ਮਿਲਦੀ ਹੈ ਤਾਂ ਤੁਸੀਂ ਸਾਡੇ ਦਫਤਰ ਵਿਖੇ ਜਾਂ ਹਲਕੇ ਦੇ ਕਿਸੇ ਵੀ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਅਹੁਦੇਦਾਰ ਨਾਲ ਗੱਲਬਾਤ ਕਰ ਸਕਦੇ ਹੋ, ਜੋ ਕਿ ਹਰੇਕ ਵੇਲੇ ਪ੍ਰਸ਼ਾਸਨ ਨਾਲ ਰਾਬਤਾ ਬਣਾਏ ਹੋਏ ਹਨ। ਬੀਬੀ ਕਟਾਰੀਆ ਨੇ ਕਿਹਾ ਕਿ ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਤੇ ਪ੍ਰਸ਼ਾਸਨ ਨੂੰ ਮੈਂ ਆਪਣੇ ਵੱਲੋਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਕਿ ਜੋ ਕਿਸੇ ਵੀ ਸਮਾਨ ਦੀ ਜਰੂਰਤ ਕਿਸੇ ਪੀੜਿਤ ਨੂੰ ਪੈਂਦੀ ਹੈ ਤਾਂ ਤੁਰੰਤ ਉਸਦਾ ਹੱਲ ਕੀਤਾ ਜਾਵੇ ਇਸ ਦੀ ਨਿਗਰਾਨੀ ਦੇ ਲਈ ਆਮ ਆਦਮੀ ਪਾਰਟੀ ਦੀਆਂ ਟੀਮਾਂ ਵੀ ਬੰਨਾਂ ਉੱਪਰ ਮੁਸਤੈਦੀ ਨਾਲ ਕੰਮ ਕਰ ਰਹੀਆਂ ਹਨ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਤੇ ਕਰਨਵੀਰ ਕਟਾਰੀਆ ਯੂਥ ਆਗੂ ਆਮ ਆਦਮੀ ਪਾਰਟੀ ਨੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਸਮੇਤ ਗਹੂੰਣ ਰੋਡ ਵਿਖੇ ਸ਼ਮਸ਼ਾਨ ਘਾਟ ਦੇ ਨੇੜੇ ਬਰਸਾਤੀ ਚੋਅ ਵਿੱਚ ਚੱਲ ਰਹੇ ਸਫਾਈ ਦੇ ਕੰਮ ਦਾ ਨਿਰੀਖਣ ਵੀ ਕੀਤਾ, ਜੋ ਕਿ ਲਾਡੀ ਰਾਣਾ ਪ੍ਰਧਾਨ ਨਗਰ ਕੌਂਸਲ ਬਲਾਚੌਰ ਦੀ ਨਿਗਰਾਨੀ ਹੇਠ 2 ਦਿਨਾਂ ਤੋਂ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਤੇ ਸਾਲ ਇਸ ਚੋਅ ਨਾਲ ਸ਼ਮਸ਼ਾਨਘਾਟ ਦਾ ਬਹੁਤ ਨੁਕਸਾਨ ਹੋਇਆ ਸੀ।



# ਗੌਰਵ ਬੇਦੀ ਸਾਥੀਆਂ ਸਮੇਤ ਸ਼ਿਵ ਸੈਨਾ ਹਿੰਦੁਸਤਾਨ 'ਚ ਸ਼ਾਮਲ : ਵਿਵੇਕ, ਪ੍ਰਸ਼ਾਂਤ ਪੰਡਿਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਹੜ ਪੀੜਤ ਪਰਿਵਾਰਾਂ ਨੂੰ ਸਹਾਇਤਾ ਪਹੁੰਚਾ ਰਹੇ ਸ਼ਿਵ ਸੈਨਾ ਵਰਕਰਾਂ ਵੱਲੋਂ ਜ਼ਰੂਰਤ ਅਨੁਸਾਰ ਹੋਰ ਸਹਾਇਤਾ ਮੁਹਈਆ ਕਰਵਾਉਣ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਦਫਤਰ ਟਾਂਡਾ ਵਿਖੇ ਵਿਵੇਕ ਵਿਜਨ, ਪ੍ਰਸ਼ਾਂਤ ਪੰਡਿਤ ਤੇ ਰਾਜੂ ਖੋਸਲਾ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਜ਼ਿਲਾ ਪ੍ਰਧਾਨ ਪੁਨੀਤ ਢੀਂਗਰਾ, ਜ਼ਿਲਾ ਸਕੱਤਰ ਪੰਡਿਤ ਮਥਲੇਸ਼ ਗਰਗ, ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ ਅਤੇ ਸਿਟੀ ਚੇਅਰਮੈਨ ਮਨਜੋਤ ਸਿੰਘ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਵਿਵੇਕ ਵਿਜਨ, ਪ੍ਰਸ਼ਾਂਤ ਪੰਡਿਤ ਅਤੇ ਰਾਜੂ ਖੋਸਲਾ ਨੇ ਕਿਹਾ ਕਿ ਹੜ ਪ੍ਰਭਾਵਿਤ ਪਰਵਾਰਾਂ ਦੀਆਂ ਅਜਿਹੀਆਂ ਲੋੜਾਂ ਵੀ ਹਨ ਜੋ ਅਜੇ ਤੱਕ ਉਨ੍ਹਾਂ ਨੂੰ ਨਹੀਂ ਮਿਲ ਸਕੀਆਂ। ਉਨ੍ਹਾਂ ਕਿਹਾ ਕਿ ਸ਼ਿਵ ਸੇਨਾ ਹਿੰਦੁਸਤਾਨ ਉਨ੍ਹਾਂ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਠਿਕਾਣਿਆਂ ਤੱਕ ਸਹਾਇਤਾ ਪਹੁੰਚਾਏਗੀ। ਸ਼ਿਵ ਸੈਨਾ ਹਿੰਦੁਸਤਾਨ ਦੀਆਂ ਕਾਰਗੁਜ਼ਾਰੀਆਂ ਨੂੰ ਦੇਖਦੇ ਹੋਏ ਉੱਘੇ ਸਮਾਜ ਸੇਵੀ ਗੌਰਵ ਬੇਦੀ ਆਪਣੇ ਸਾਥੀਆਂ ਸਮੇਤ ਸ਼ਿਵ ਸੇਨਾ ਹਿੰਦੁਸਤਾਨ ਚ ਸ਼ਾਮਿਲ ਹੋ ਗਏ ਜਿਨ੍ਹਾਂ ਨੂੰ ਵਿਵੇਕ ਵਿਜਨ, ਰਾਜੂ ਖੋਸਲਾ ਅਤੇ ਪ੍ਰਸ਼ਾਂਤ ਪੰਡਿਤ ਨੇ ਬਲਾਕ ਪ੍ਰਧਾਨ ਲਗਾਉਂਦੇ ਹੋਏ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਮੀਟਿੰਗ ਦੇ ਆਖਿਰ ਵਿੱਚ ਇਨ੍ਹਾਂ ਤੋਂ ਇਲਾਵਾ ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਆਰ ਕੇ ਰਾਜਪੂਤ, ਸੁਰਜੀਤ ਸੈਣੀ, ਬੱਬੂ ਦਾਰਾਪੁਰ ਅਤੇ ਹੋਰ ਵਰਕਰਾਂ ਨੇ ਵਾਹਿਗੁਰੂ ਅੱਗੇ ਹੜ ਪ੍ਰਭਾਵਿਤ ਪਰਵਾਰਾਂ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ।

